
ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

ਮਈ-ਜੂਨ 2012

15/-



ਅੰਦਰ ਪੜ੍ਹੋ:

ਦਰਸ਼ਨ ਤੋਂ ਬਿਨ੍ਹਾਂ ਵਿਗਿਆਨ ਭੈਂਗਾ ਅਤੇ ਸ਼ਰਾਰਤੀ ਹੈ-ਲਾਲਾ ਹਰਦਿਆਲ

ਇਤਿਹਾਸ ਉਹਨਾਂ ਇਨਸਾਨਾਂ ਨੂੰ ਸਭ ਤੋਂ ਮਹਾਨ ਦੱਸਦਾ ਹੈ, ਜਿਹਨਾਂ ਨੇ ਸਾਂਝੀ ਖੁਸ਼ੀ ਲਈ ਕੰਮ ਕਰਕੇ ਖ਼ੁਦ ਨੂੰ ਉਚਿਆਇਆ ਹੈ, ਤਜ਼ਰਬਾ ਉਹਨਾਂ ਇਨਸਾਨਾਂ ਨੂੰ ਸਭ ਤੋਂ ਵੱਧ ਖੁਸ਼ ਦੱਸਦਾ ਹੈ, ਜਿਹਨਾਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਖੁਸ਼ੀ ਦਿੱਤੀ ਹੋਵੇ।

● ਕਾਰਲ ਮਾਰਕਸ ●




ਤਤਕਰਾ

ਅਰਥਾਂ ਦਾ ਜੰਗਲ

ਤੁਸੀਂ ਇਸਦੇ ਅਰਥ ਕੁਝ ਵੀ ਲੈ ਸਕਦੇ ਹੋ
ਪਰ ਮੇਰੇ ਲਈ ਧਰਮ
ਮੇਰਾ ਉਹ ਛੋਟਾ ਜਿਹਾ ਕੁਰਤਾ ਹੈ,
ਜਿਸਨੂੰ ਮੈਂ ਬਚਪਨ ਵਿੱਚ ਪਹਿਨਿਆ ਕਰਦਾ ਸਾਂ,
ਤੇ ਜੋ ਹੁਣ ਮੇਰੇ ਕਿਸੇ ਤਰ੍ਹਾਂ ਵੀ ਮੇਚ ਨਹੀਂ ਆਉਂਦਾ,
ਤੁਸੀਂ ਇਸਦੇ ਅਰਥ ਕੁਝ ਵੀ ਸਮਝਾ ਸਕਦੇ ਹੋਂ....
ਧਰਮ, ਲਾਸ਼ਾਂ ਦਾ ਭਰਿਆ ਚਨਾਬ ਹੈ,
ਧਰਮ, ਲਹੂ ਲੁਹਾਣ ਸਤਲੁਜ ਹੈ,
ਧਰਮ, ਪੰਜਾਬ ਦੀ ਧਰਤੀ ਦੇ
ਵਰ੍ਹਿਆਂ ਪਹਿਲਾਂ ਹੋਏ ਦੋ ਟੋਟਿਆਂ ਦਾ ਕਾਰਨ ਹੈ
ਧਰਮ, ਮਨੁੱਖਤਾ ਦੇ ਗਲ ਤੇ
ਕੱਚੇ ਸੂਤ 'ਚ ਬੰਨ ਕੇ ਲਟਕਾਈ ਤਲਵਾਰ ਹੈ।
ਤੁਸੀਂ ਕੁਝ ਵੀ ਸਮਝ ਸਕਦੇ ਹੋ
ਇਸਦੇ ਅਰਥ,
ਪਰ ਅਸੀਂ ਜਾਣਦੇ ਹਾਂ ਕਿ
ਤੁਹਾਡੇ ਲਈ ਧਰਮ ਸਿਰਫ਼ ਵਪਾਰ ਹੈ।
ਤੇ ਅਸੀਂ ਖਰੀਦਦਾਰ ਦੀ ਮਜ਼ਬੂਰੀ ਹਾਂ।
ਤੁਹਾਡੇ ਲਈ ਧਰਮ ਸ਼ਤਰੰਜ ਹੈ,
ਤੇ ਅਸੀਂ ਸਿਰਫ਼ ਮੋਹਰੇ ਹਾਂ,
ਚਾਲਾਂ ਤੁਸੀਂ ਚੱਲਦੇ ਹੋਂ,
ਮਰਦੇ ਅਸੀਂ ਹਾਂ,
ਸ਼ਹਿ ਤੁਸੀਂ ਦਿੰਦੇ ਹੋ ਇਕ ਦੂਜੇ ਨੂੰ,
ਤ੍ਰਹਿ ਅਸੀਂ ਜਾਂਦੇ ਹਾਂ,
ਧਰਮ, ਤੁਹਾਡੇ ਲਈ ਮਨ ਚਾਹੇ ਫੁੱਲਾਂ ਦਾ ਬਾਗ ਹੈ,
ਪਰ ਸਾਡੇ ਲਈ ਮਹਿਜ਼ ਅਰਥਾਂ ਦਾ ਜੰਗਲ ਹੈ,
ਜਿਸ ਵਿੱਚ ਉਲਝ ਕੇ ਰਹਿ ਜਾਂਦੀ ਹੈ
ਸਾਡੀ ਬਹੁਗਿਣਤੀ ਦੀ ਸੋਚ।

ਅਮਰਦੀਪ ਗਿੱਲ

ਕਿਰਤੀਆਂ ਦਾ ਗੀਤ




ਤੂੰ ਉੱਠ ਜ਼ਰਾ ਕਿਰਤੀਆ ਵੀਰਾ, ਬੜਾ ਕੁੱਝ ਕਰਨਾ ਪੈਣਾ ਏਂ।
ਇਹ ਹੱਕ ਚੁੱਪ-ਚਾਪ ਨਹੀਂ ਮਿਲਦੇ, ਹੱਕਾਂ ਲਈ ਲੜਨਾ ਪੈਣਾ ਏਂ।
ਤੇਰੇ ਕੋਈ ਕਰਮ ਨਹੀਂ ਮਾੜੇ, ਤੂੰ ਕਿਉਂ ਕੋਸੇਂ ਨਸੀਬਾਂ ਨੂੰ।
ਇਹ ਪ੍ਰਬੰਧ ਦੋਸ਼ੀ ਹੈ ਜੋ ਲੁੱਟਦਾ ਹੈ ਗਰੀਬਾਂ ਨੂੰ।
ਤੂੰ ਹੱਥ ਜਿਹੇ ਜੋੜਨੇ ਛੱਡ ਦੇ,
ਤੂੰ ਦਿਲ ਚੋਂ ਡਰ ਜਿਹੇ ਕੱਢ ਦੇ,
ਜੇ ਪਾਉਣੈਂ ਮੁੱਲ ਪਸੀਨੇ ਦਾ, ਤਾਂ ਤਣ ਕੇ ਖੜ੍ਹਨਾ ਪੈਣਾ ਏਂ।
ਤੂੰ ਉੱਠ ਜ਼ਰਾ ਕਿਰਤੀਆ ਵੀਰਾ, ਬੜਾ ਕੁੱਝ ਕਰਨਾ ਪੈਣਾ ਏਂ।
ਤੂੰ ਜਿਸ ਰੱਬ ਤੋਂ ਡਰੀ ਜਾਨੈਂ, ਉਹ ਹੈ ਸਭ ਜਾਲ ਭਰਮਾਂ ਦਾ।
ਡਰਾ ਕੇ ਰੱਖਣਾ ਲੋਕਾਂ ਨੂੰ, ਹੈ ਮੁਢਲਾ ਕੰਮ ਧਰਮਾਂ ਦਾ।
ਤੂੰ ਸਭ ਕੁੱਝ ਜਾਣ ਲੈ ਛੇਤੀ,
ਤੂੰ ਸੱਚ ਪਹਿਚਾਣ ਲੈ ਛੇਤੀ,
ਨਹੀਂ ਹਰ ਦੌਰ ਐਦਾਂ ਹੀ, ਜਿਉਣਾ ਮਰਨਾ ਪੈਣਾ ਏਂ।
ਤੂੰ ਉੱਠ ਜ਼ਰਾ ਕਿਰਤੀਆ ਵੀਰਾ, ਬੜਾ ਕੁੱਝ ਕਰਨਾ ਪੈਣਾ ਏਂ।
ਤੂੰ ਅੰਨਦਾਤਾ ਜ਼ਮਾਨੇ ਦਾ, ਤੇ ਕਿਉਂ ਕੁੱਝ ਬਚਦਾ ਨਹੀਂ ਪੱਲੇ।
ਤੂੰ ਭਰਦੈਂ ਜੱਗ ਦੀਆਂ ਜੇਬਾਂ, ਤੇ ਖੁਦ ਕਿਉਂ ਕਰਜ਼ਿਆਂ ਥੱਲੇ।
ਚਲਾਕੀ ਹੈ ਕਿੱਥੇ ਕਿਸਦੀ,
ਵੇ ਸਸਤੀ ਕਿਰਤ ਕਿਉਂ ਵਿਕਦੀ,
ਜੇ ਸਭ ਕੁੱਝ ਜਾਣਨਾ ਚਹੁੰਨੈਂ, ਬਹੁਤ ਕੁੱਝ ਪੜ੍ਹਨਾ ਪੈਣਾ ਏਂ।
ਤੂੰ ਉੱਠ ਜ਼ਰਾ ਕਿਰਤੀਆ ਵੀਰਾ, ਬੜਾ ਕੁੱਝ ਕਰਨਾ ਪੈਣਾ ਏਂ।
ਤੂੰ ਸੁਣ ਜ਼ਰਾ ਗੌਰ ਕਰਕੇ ਵੇ, ਤੇਰੇ ਸਾਥੀ ਜੋ ਕਹਿੰਦੇ ਨੇ।
"......ਜਗਾਇਆਂ ਜਾਗਦੇ ਨਾ ਜੋ, ਲੁਟਾ ਸਭ ਕੁੱਝ ਉਹ ਬਹਿੰਦੇ ਨੇ,
ਜੇ ਸਿਰ ਤੇ ਤਾਜ ਚਾਹੁੰਨਾ ਏਂ,
ਜੇ ਕਰਨਾ ਰਾਜ ਚਹੁੰਨਾ ਏਂ,
ਤਾਂ ਸਾਰੇ ਠੱਗਾਂ ਦਾ ਤੈਨੂੰ ਗਲਮਾਂ ਫੜਨਾ ਪੈਣਾ ਏਂ...... ।"
ਤੂੰ ਉੱਠ ਜ਼ਰਾ ਕਿਰਤੀਆ ਵੀਰਾ, ਬੜਾ ਕੁੱਝ ਕਰਨਾ ਪੈਣਾ ਏਂ।
ਇਹ ਹੱਕ ਚੁੱਪ-ਚਾਪ ਨਹੀਂ ਮਿਲਦੇ, ਹੱਕਾਂ ਲਈ ਲੜਨਾ ਪੈਣਾ ਏਂ।

ਕਰਮਜੀਤ ਸਕਰੁੱਲਾਂਪੁਰੀ

94632-89212

ਸਰਵਰਕ

ਕੇਵਲ ਸਿੱਧੂ



ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਜਦੋਂ ਮੈਂ ਡਾਕਟਰੀ ਦੀ ਪੜ੍ਹਾਈ ਸ਼ੁਰੂ ਕੀਤੀ ਤਾਂ ਉਦੋਂ ਮੇਰੇ ਉਹ ਵਿਚਾਰ ਨਹੀਂ ਸਨ ਜਿਹੜੇ ਮਗਰੋਂ ਇਨਕਲਾਬੀ ਬਣਕੇ ਮੈਂ ਅਪਣਾਏ। ਹੋਰ ਸਭਨਾਂ ਵਾਂਗ ਮੈਂ ਸਫਲਤਾ ਚਾਹੁੰਦਾ ਸਾਂ, ਮੈਂ ਪ੍ਰਸਿੱਧ ਖੋਜਕਾਰ ਬਨਣ ਦੇ ਅਤੇ ਮਨੁੱਖ ਜਾਤੀ ਲਈ ਕੋਈ ਫਾਇਦੇਮੰਦ ਚੀਜ਼ ਪ੍ਰਾਪਤ ਕਰਨ ਦੇ ਸੁਪਨੇ ਲੈਂਦਾ ਸਾਂ। ਪਰ ਇਹ ਸਭ ਕੁਝ ਨਿਜੀ ਸਫਲਤਾ ਦਾ ਸੁਪਨਾ ਸੀ। ਸਾਡੇ ਸਭਨਾਂ ਵਾਂਗ ਮੈਂ ਵੀ ਆਪਣੇ ਆਲੇ ਦੁਆਲੇ ਦੀ ਪੈਦਾਵਾਰ ਸਾਂ।

''ਮੈਂ ਵੇਖਿਆ ਕਿ ਕਿਵੇਂ ਮਾਂ ਬਾਪ ਪੈਸੇ ਦੀ ਥੁੜ੍ਹੋਂ ਕਾਰਨ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਸਕਦੇ। ਮੈਂ ਮਨੁੱਖੀ ਨਿਘਾਰ ਨੂੰ ਨਿਰੰਤਰ ਦੀ ਭੁੱਖ ਅਤੇ ਦੁੱਖ ਕਾਰਨ ਏਨਾ ਵਹਿਸ਼ਤ ਤੱਕ ਗਿਰਿਆ ਦੇਖਿਆ ਕਿ ਬਾਪ ਉਤੇ ਬੱਚੇ ਦੀ ਮੌਤ ਦਾ ਕੋਈ ਖਾਸ ਅਸਰ ਨਹੀਂ ਹੁੰਦਾ ਸੀ ਅਤੇ ਮੈਂ ਅਨੁਭਵ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਅੱਗੇ ਆਉਣ ਦਾ ਵੀ ਇੱਕ ਮਿਸ਼ਨ ਹੈ ਤੇ ਇਹ ਮਿਸ਼ਨ ਪ੍ਰਸਿੱਧ ਖੋਜਕਾਰ ਬਨਣ ਨਾਲੋਂ ਜਾਂ ਡਾਕਟਰੀ ਵਿਗਿਆਨ ਵਿੱਚ ਵੱਡਾ ਯੋਗਦਾਨ ਪਾਉਣ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਮਹੱਤਵਪੂਰਨ ਨਹੀਂ।''

\- ਅਰਨੈਸਟੋ ਚੀ ਗੁਵੇਰਾ-

ਸੰਪਾਦਕੀ

'ਤੀਜੀ ਅੱਖ' ਨਾਲ ਲੋਕਾਂ ਦੀਆਂ ਸਮੱਸਿਆਵਾਂ ਨੂੰ ਵੇਖਣ ਅਤੇ 'ਤੀਜੇ ਹੱਥ' ਨਾਲ ਰਹਿਮਤਾਂ (?) ਵੰਡਣ ਵਾਲਾ ਨਿਰਮਲ ਬਾਬਾ ਸਾਡੇ ਸਾਹਮਣੇ ਬੇਪਰਦ ਹੈ। ਕਿੰਨ੍ਹੇ ਹੀ ਹੋਰ ਅਜਿਹੇ ਸੰਤਾਂ, ਮਹਾਤਮਾਵਾਂ, ਗ੍ਰੰਥੀਆਂ, ਪਾਦਰੀਆਂ, ਮੌਲਵੀਆਂ, ਪਿਤਾਵਾਂ ਦੇ ਕਾਲੇ ਕਾਰਨਾਮੇ ਅਤੇ ਲੋਕਾਂ ਨੂੰ ਕੁੱਝ ਆਰਥਿਕ ਲਾਭਾਂ, ਸਮੱਸਿਆਵਾਂ-ਨਿਵਾਰਣ, ਅੱਗਾ-ਸੰਵਾਰਨ ਆਦਿ ਵਿੱਚ ਭਰਮਾ ਕੇ ਉਨ੍ਹਾਂ ਦੀ ਸ਼ਰੀਰਕ, ਮਾਨਸਿਕ, ਆਰਥਿਕ ਲੁੱਟ ਕਰਨ ਦੇ ਕਿੱਸੇ ਸਾਡੇ ਸਨਮੁੱਖ ਹਨ। ਕਿੰਨ੍ਹੇ ਹੀ ਗਿਰਜਿਆਂ ਦੇ ਪਾਦਰੀਆਂ ਤੇ ਬਾਲ ਸ਼ੋਸ਼ਣ ਦੇ ਦੋਸ਼ ਸਿੱਧ ਹੋ ਚੁੱਕੇ ਹਨ। ਸਤਿਆ ਸਾਈਂ ਬਾਬੇ ਦੀ ਬੇਸ਼ੁਮਾਰ ਦੌਲਤ ਨਸ਼ਰ ਹੋ ਚੁੱਕੀ ਹੈ। ਹਿੰਦੂ ਧਰਮ ਦਾ ਜਗਤ ਗੁਰੂ ਸ਼ੰਕਰਾਚਾਰਿਆ ਕਤਲ ਦੇ ਦੋਸ਼ ਵਿੱਚ ਸਲਾਖਾਂ ਪਿੱਛੇ ਹੈ। ਸਿੱਖਾਂ ਦੀ ਸਰਵ ਉੱਚ ਧਾਰਮਿਕ ਸੰਸਥਾ ਦੀ ਸਾਬਕਾ ਪ੍ਰਧਾਨ ਬੀਬੀ ਜੰਗੀਰ ਕੌਰ ਗੰਭੀਰ ਦੋਸ਼ਾਂ ਵਿੱਚ ਸਜ਼ਾ ਪ੍ਰਾਪਤ ਕਰਕੇ ਜੇਲ੍ਹ ਅੰਦਰ ਹੈ। ਕਿੰਨ੍ਹੇ ਹੀ ਬਾਬਿਆਂ 'ਤੇ ਜ਼ੌਨ ਸੋਸ਼ਣ, ਠੱਗੀ, ਕਤਲਾਂ, ਸਾਜਿਸ਼ਾਂ ਆਦਿ ਦੇ ਮੁਕੱਦਮੇ ਚੱਲ ਰਹੇ ਹਨ ਅਤੇ ਕਿੰਨ੍ਹੇ ਹੀ ਇੰਨ੍ਹਾਂ ਦੋਸ਼ਾਂ ਅਧੀਨ ਸਜ਼ਾ ਭੁਗਤ ਰਹੇ ਹਨ। ਇਸ ਸਭ ਕੁਝ ਦੇ ਬਾਵਜੂਦ ਬਹੁ ਗਿਣਤੀ ਲੋਕਾਂ ਦੀ ਧਰਮ ਵਿੱਚ ਆਸਥਾ ਅਤੇ ਇਨ੍ਹਾਂ ਢੋਂਗੀਆਂ ਵਿੱਚ ਅੰਨ੍ਹੀ ਸ਼ਰਧਾ ਕਾਇਮ ਹੈ। ਅਸਲ ਵਿੱਚ ਰਹੱਸਮਈ ਤਾਕਤਾਂ ਨਾਲ ਜਨਤਾ ਦੇ ਕਸ਼ਟ ਦੂਰ ਕਰਨ ਦਾ ਦਾਅਵਾ ਕਰਨ ਵਾਲੇ ਇਹ ਲੁਟੇਰੇ ਸਾਡੇ ਰਾਜਨੀਤਿਕ ਪ੍ਰਬੰਧ ਦੀ ਉਪਜ ਤੇ ਲੋੜ ਹਨ। ਇਹ ਪ੍ਰਬੰਧ ਦੀ ਰੱਖਿਆ ਕਰਦੇ ਹਨ ਅਤੇ ਪ੍ਰਬੰਧ ਇਨ੍ਹਾਂ ਦੀ ਰੱਖਿਆ ਹੀ ਨਹੀਂ ਕਰਦਾ ਸਗੋਂ ਇਨ੍ਹਾਂ ਨੂੰ ਪੈਦਾ ਕਰਦਾ ਹੈ ਤੇ ਪਾਲਦਾ ਵੀ ਹੈ। ਜੇਕਰ ਜਨਤਾ ਕਿਸਮਤ, ਪਿਛਲੇ ਕਰਮਾਂ, ਸਵਰਗ ਪ੍ਰਾਪਤੀ ਦੀਆਂ ਇੱਛਾਵਾਂ, ਅੰਧ ਵਿਸ਼ਵਾਸ਼ਾਂ ਵਿੱਚ ਘਿਰੀ ਰਹੇਗੀ ਤਾਂ ਉਹ ਬੌਧਿਕ ਤੌਰ ਤੇ ਕਦੇ ਵੀ ਇਹ ਨਹੀਂ ਸੋਚ ਸਕੇਗੀ ਕਿ ਗਰੀਬੀ, ਬੇਰੁਜਗਾਰੀ ਅਤੇ ਹੋਰ ਕਿੰਨੀਆਂ ਅਲਾਮਤਾਂ ਕਿਸਮਤ ਦੀਆਂ ਨਹੀਂ ਸਗੋਂ ਸਿਸਟਮ ਦੀ ਦੇਣ ਹਨ ਅਤੇ ਇਸਦਾ ਸਥਾਈ ਹੱਲ ਪ੍ਰਬੰਧ ਦੀ ਮੁਕੰਮਲ ਤਬਦੀਲੀ ਵਿੱਚ ਹੈ। ਅਧਿਆਤਮਕ ਫਲਸਫੇ ਅਤੇ ਬਾਬਿਆਂ ਨੂੰ ਕਾਇਮ ਰੱਖਣਾ ਰਾਜਨੀਤਿਕ ਪ੍ਰਬੰਧ ਦੀ ਅਣਸਰਦੀ ਲੋੜ ਹੈ। ਫਾਰਸੀਸੀ ਦਾਰਸ਼ਨਿਕ ਬੈਰਨ ਦਿ ਹੋਲਬਾਖ ਕਹਿੰਦਾ ਹੈ: ਜੇਕਰ ਅਸੀਂ ਇਤਿਹਾਸ ਦੇ ਸ਼ੁਰੂ ਵਿੱਚ ਜਾਈਏ ਤਾਂ ਦੇਖਦੇ ਹਾਂ ਕਿ ਅਗਿਆਨ ਅਤੇ ਡਰ ਨੇ ਦੇਵਤਿਆਂ ਨੂੰ ਜਨਮ ਦਿੱਤਾ। ਕਲਪਨਾ, ਉਤਸ਼ਾਹ ਜਾਂ ਛਲ ਨੇ ਉਨ੍ਹਾਂ ਦੀ ਮਹਿਮਾ ਗਾਈ। ਕਮਜ਼ੋਰੀ ਉਨ੍ਹਾਂ ਦੀ ਪੂਜਾ ਕਰਦੀ ਹੈ ਅੰਧਵਿਸ਼ਵਾਸ਼ ਉਨ੍ਹਾਂ ਨੂੰ ਸੁਰੱਖਿਅਤ ਰੱਖਦਾ ਹੈ। ਆਸਥਾ ਅਤੇ ਨਿਰਕੁੰਸ਼ਤਾ ਉਨ੍ਹਾਂ ਦਾ ਸਮਰਥਨ ਕਰਦੀਆਂ ਹਨ। ਲੋਕ ਦੋਖੀ ਪ੍ਰਬੰਧ ਇਨ੍ਹਾਂ ਨੂੰ ਸਰਪ੍ਰਸਤੀ ਪ੍ਰਦਾਨ ਕਰਦਾ ਹੈ ਤਾਂ ਕਿ ਮਨੁੱਖ ਦੇ ਅੰਨ੍ਹੇਪਣ ਦਾ ਫਾਇਦਾ ਆਪਣੇ ਹਿੱਤਾਂ ਦੀ ਪੂਰਤੀ ਲਈ ਲਿਆ ਜਾ ਸਕੇ। ਸੋ ਇਸ ਸਾਰੇ ਵਰਤਾਰੇ ਨੂੰ ਸਮਝਣ ਲਈਂ ਸਭ ਤੋਂ ਪਹਿਲਾਂ ਅਧਿਐਨ ਦੀ ਜ਼ਰੂਰਤ ਹੈ ਅਧਿਐਨ ਨਾਲ ਹੀ ਸਾਡਾ ਬੌਧਿਕ ਵਿਕਾਸ ਹੋ ਸਕਦਾ ਹੈ ਅਤੇ ਤਰਕਸ਼ੀਲ ਦ੍ਰਿਸ਼ਟੀਕੋਣ ਵਿਕਸਿਤ ਹੋ ਸਕਦਾ ਹੈ। ਅਗਲੀ ਲੋੜ ਹੈ ਆਪਣੇ ਆਪ ਨੂੰ ਸਮਰਪਿਤ ਕਰਕੇ ਲੋਕ ਪੱਖੀ ਲੜਾਈ ਵਿੱਚ ਝੋਖਣ ਦੀ।

ਤੇਰਾ ਵਿਗਿਆਨ ਵਿਅਰਥ ਹੋਵੇਗਾ ਤੇਰੇ ਲਈ
ਅਤੇ ਅਧਿਐਨ ਬਾਂਝ
ਜੇਕਰ ਪੜ੍ਹਦਾ ਰਿਹਾ
ਬਿਨ੍ਹਾਂ ਸਮਰਪਿਤ ਕੀਤੇ ਆਪਣੀ ਬੁੱਧੀ ਨੂੰ
ਲੜਨ ਲਈ ਸਾਰੀ ਮਨੁੱਖਤਾ ਦੇ
ਸਾਰੇ ਦੁਸ਼ਮਣਾਂ ਵਿਰੁੱਧ (ਬ੍ਰਤੋਲਤ ਬ੍ਰੈਖਤ)

ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸ਼ਾਂ ਦੇ ਮਾਹੌਲ ਵਿੱਚ ਕਦੇ ਵੀ ਉੱਚਾ ਇਖਲਾਕ ਨਹੀਂ ਉਸਰ ਸਕਦਾ।
– ਨਰਿੰਦਰ ਸਿੰਘ ਕਪੂਰ –

-: ਮੁੱਖ ਸੰਪਾਦਕ : -
ਬਲਬੀਰ ਲੌਂਗੋਵਾਲ
98153-17028
balbirchand1966@gmail.com

-: ਸੰਪਾਦਕੀ ਮੰਡਲ :-
ਰਾਮ ਸਵਰਨ ਲੱਖੇਵਾਲੀ
94173-62085
ramswarn@gmail.com
ਸੁਖਵਿੰਦਰ ਬਾਗਪੁਰ
94174-27538
taraksheel@yahoo.co.in
ਵਿਜੇ ਬੰਬੇਲੀ
94634-39075
vijaybambeli@yahoo.com
ਜਸਵੰਤ ਮੋਹਾਲੀ
98555-30721
jaswant_mohali@rediffmail.com
ਜਸਵੀਰ ਮੋਰੋ
94172-62838

-: ਮੁੱਖ ਪ੍ਰਬੰਧਕ :-
ਜਸਵੰਤ ਜੀਰਖ, 98151-69825

ਚੰਦਾ
ਸਲਾਨਾ : 80/- ਰੁਪਏ
ਵਿਦੇਸ਼ : 1000/- ਰੁਪਏ

ਚੰਦੇ ਤੇ ਸਹਾਇਤਾ ਦੇ ਚੈਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ: 0044000100282234

ਚੰਦੇ ਤੇ ਰਚਨਾਵਾਂ ਲਈ ਪਤਾ :
ਮੁੱਖ ਦਫਤਰ ,
ਤਰਕਸ਼ੀਲ ਭਵਨ, ਸੰਘੇੜ ਬਾਈਪਾਸ,
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ: 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ (ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)) ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਬਰਨਾਲਾ (ਬਰਨਾਲਾ) ਪੰਜਾਬ ਤੋਂ ਜਾਰੀ ਕੀਤਾ।



ਹੁੰਗਾਰੇ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



ਤਰਕਸ਼ੀਲ ਦਾ ਮਾਰਚ-ਅਪ੍ਰੈਲ ਅੰਕ ਹੱਥ ਵਿੱਚ ਆਇਆ। ਪੜ੍ਹ ਕੇ ਖੁਸ਼ੀ ਹੋਈ ਕਿਉਂਕਿ ਇਸ ਵਿਚ ਮਿਆਰੀ ਸੰਪਾਦਕੀ, ਲੇਖ, ਕਵਿਤਾਵਾਂ ਪੜ੍ਹਨ ਨੂੰ ਮਿਲੀਆਂ। ਮੈਂ ਤਰਕਸ਼ੀਲ ਕਿਵੇਂ ਬਣਿਆ, ਕਾਲਮ ਤਾਰੀਫ ਦੇ ਕਾਬਲ ਹੈ। ਇਸ ਨਾਲ ਤਰਕਸ਼ੀਲ ਸੁਸਾਇਟੀ ਵਿੱਚ ਕੰਮ ਕਰਦੇ ਵਲੰਟੀਅਰਾਂ ਨੂੰ ਉਤਸ਼ਾਹ ਮਿਲਦਾ ਹੈ। ਇਹ ਨਵੇਂ ਲੇਖਕ ਪੈਦਾ ਕਰਨ ਵਿੱਚ ਵੀ ਸਹਾਈ ਹੋਵੇਗਾ। ਮੈਗਜ਼ੀਨ ਵਿੱਚ ਹਰ ਪੱਧਰ ਦੇ ਪਾਠਕ ਨੂੰ ਆਪਣੇ ਮਨਪਸੰਦ ਦਾ ਮੈਟਰ ਪੜ੍ਹਨ ਲਈ ਮਿਲ ਜਾਂਦਾ ਹੈ। ਇੱਕ ਘਾਟ ਜੋ ਰੜਕਦੀ ਹੈ, ਉਹ ਇਹ ਹੈ ਕਿ ਬੱਚਿਆਂ ਜਾਂ ਵਿਦਿਆਰਥੀਆਂ ਦੇ ਪੱਧਰ ਦਾ ਮੈਟਰ ਜੋ ਕਿ ਜਗਿਆਸਾ, ਕੇਸ ਰਿਪੋਰਟਾਂ ਅਤੇ ਕਹਾਣੀਆਂ ਕੁੱਝ ਹੱਦ ਤੱਕ ਉਹਨਾਂ ਦੇ ਸਮਝ ਆਉਂਦਾ ਹੈ, ਬਾਕੀ ਸਮਝ ਨਹੀਂ ਆਉਂਦਾ। ਬਾਲ-ਸਾਹਿਤ ਛਾਪਣ ਵੱਲ ਧਿਆਨ ਦੇਣਾ ਚਾਹੀਦਾ ਹੈ। ਮੇਰੀ ਬੇਟੀ ਨੇ "ਡਮਰੂ ਵਾਲਾ ਬਾਬਾ' ਕਿਤਾਬ ਬਹੁਤ ਪਸੰਦ ਕੀਤੀ। ਇਸ ਤਰ੍ਹਾਂ ਦੀਆਂ ਹੋਰ ਕਿਤਾਬਾਂ ਲੜੀਵਾਰ ਮੈਗਜ਼ੀਨ ਵਿੱਚ ਛਾਪੀਆਂ ਜਾ ਸਕਦੀਆਂ ਹਨ। ਕੁਲ ਮਿਲਾਕੇ ਸੰਪਾਦਕੀ ਮੰਡਲ ਵਧਾਈ ਦਾ ਪਾਤਰ ਹੈ ਜੋ ਮਿਹਨਤ ਕਰਕੇ ਵਧੀਆ ਮੈਗਜ਼ੀਨ ਪਾਠਕਾਂ ਦੇ ਹੱਥਾਂ ਤੱਕ ਪਹੁੰਚਦਾ ਕਰ ਰਿਹਾ ਹੈ।

ਰੁਪਿੰਦਰ ਗਿੱਲ ਜੰਡਿਆਲੀ

ਮਾਰਚ ਅਪ੍ਰੈਲ ਦੇ ਤਰਕਸ਼ੀਲ ਅੰਕ ਦੇ ਪਿਛਲੇ ਪੰਨੇ ਉੱਪਰ ਜੋ ਫੋਟੋ ਫੀਰਾ ਕਾਨਫਰੰਸ ਦੀ ਛਾਪੀ ਗਈ ਹੈ। ਉਸ ਵਿੱਚ ਇਕ ਨਾਮ ਡਾ. ਵੀ. ਵੀਰਾਮਨੀ ਛਪ ਗਿਆ ਹੈ, ਉਸ ਦੀ ਥਾਂ ਮਿ: ਕੁਮਾਰਸਨ ਪੜ੍ਹਿਆ ਜਾਵੇ, ਦੀ ਸੋਧ ਕੀਤੀ ਜਾਵੇ। ਦੂਜਾ ਇਸ ਮੈਗਜੀਨ ਵਿੱਚ 'ਪ੍ਰਸ਼ਨ' ਨਾਮੀ ਲੇਖ ਜੋ ਕਿ ਫਿਲਾਸਫੀ ਨਾਲ ਸਬੰਧਤ ਹੈ, ਇਹ ਲੇਖ ਮੈਨੂੰ ਔਖਾ ਲੱਗਿਆ। ਇਹ ਲੱਗਿਆ ਕਿ ਇਸ ਦਾ ਸੰਬੰਧ ਤਰਕਸ਼ੀਲਤਾ ਨਾਲ ਨਾ ਹੋ ਕੇ ਨਿਰੋਲ ਫਲਸਫੇ ਨਾਲ ਹੈ। ਇਹ ਵਿਸ਼ੇ ਜ਼ਿਆਦਾ ਵਿਸਥਾਰ ਦੀ ਮੰਗ ਕਰਦੇ ਹਨ। ਜੇਕਰ ਹੋ ਸਕੇ ਤਾਂ ਅਜਿਹੇ ਲੇਖ ਮੈਗਜ਼ੀਨ ਵਿੱਚ ਲਾਉਣ ਦੀ ਥਾਂ ਇੱਕ ਕਿਤਾਬ ਦੇ ਰੂਪ ਵਿੱਚ ਛਾਪੇ ਜਾਣ ਤਾਂ ਕਿ ਇਨ੍ਹਾਂ ਨੂੰ ਠੀਕ ਤਰ੍ਹਾਂ ਪੜ੍ਹ ਕੇ ਵਿਚਾਰਿਆ ਜਾ ਸਕੇ। ਫੋਟੋਆਂ ਦੀ ਸੈਟਿੰਗ ਵੱਲ ਧਿਆਨ ਦਿੱਤਾ ਜਾਵੇ। ਉਦਹਾਰਣ ਦੇ ਤੌਰ ਤੇ ਸਟੀਵ ਜੌਬਜ਼ ਦੀ ਫੋਟੋ ਦੀ ਲੰਬਾਈ ਜ਼ਰੂਰਤ ਤੋਂ ਜ਼ਿਆਦਾ ਕਰ ਦਿੱਤੀ ਗਈ ਹੈ।

ਹਰਚੰਦ ਭਿੰਡਰ

ਸੰਪਾਦਕੀ ਵਿੱਚ ਤੁਸੀਂ ਲਿਖਿਆ ਕਿ 'ਆਓ। ਭ੍ਰਿਸ਼ਟਾਚਾਰ ਵਿਰੋਧੀ ਜਾਂ ਅਜਿਹੀ ਕਿਸੇ ਵੀ ਲੋਕ ਲਹਿਰ ਨੂੰ, ਗਲਤ ਆਗੂਆਂ ਦੁਆਰਾ ਉਧਾਲੇ ਜਾਣ ਤੋਂ ਬਚਾਉਂਦਿਆਂ ਹੋਇਆਂ ਆਪਣੀ ਸ਼ਕਤੀ, ਰੋਹ ਅਤੇ ਗੁੱਸੇ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਤੋਰੀਏ। 'ਸਹੀ ਦਿਸ਼ਾ' ਬਾਰੇ ਪੜ੍ਹਕੇ ਮਨ ਵਿੱਚ ਆਸ ਦੀ ਇਕ ਕਿਰਨ ਜਾਗੀ ਹੈ ਅਤੇ ਮਨ ਵਿੱਚ ਕਈ ਸੁਆਲ ਖੜੇ ਹੋਏ ਹਨ। ਕ੍ਰਿਪਾ ਕਰਕੇ ਖੋਲ੍ਹਕੇ ਦੱਸਣ ਦੀ ਖੇਚਲ ਕਰੋ ਕਿ ਉਹ 'ਸਹੀ ਦਿਸ਼ਾ' ਕਿਹੜੀ ਹੈ ਅਤੇ ਇਹ ਵੀ ਦੱਸ ਦੇਣਾ ਕਿ ਉਹੀਂ ਦਿਸ਼ਾ ਸਹੀ ਕਿਵੇਂ ਹੈ ਤਾਂ ਕਿ ਸਮਾਜ ਦਾ ਕੁੱਝ ਭਲਾ ਹੋ ਸਕੇ। ਇਹ ਵੀ ਦੱਸਣਾ ਕਿ 'ਸਹੀ ਤੇ ਗਲਤ' ਆਗੂ ਦੀ ਪਰਖ ਕਿਵੇਂ ਕੀਤੀ ਜਾਵੇ, ਸਹੀ ਆਗੂ ਕਿਥੋਂ ਤੇ ਕਿਵੇਂ ਮਿਲਣਗੇ। ਕਿਸੇ ਵੀ ਲੋਕ ਲਹਿਰ ਨੂੰ 'ਗਲਤ ਆਗੂਆਂ' ਦੁਆਰਾ ਉਧਾਲੇ ਜਾਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ। ਕੀ ਅਜਿਹੀ ਲਹਿਰ ਤੋਂ ਪਾਸੇ ਪੜ੍ਹਕੇ ਬਚਾਇਆ ਜਾ ਸਕਦਾ ਹੈ। ਜਾਂ ਫਿਰ ਅਜਿਹੀ ਲਹਿਰ ਵਿਚ ਸ਼ਾਮਿਲ ਹੋ ਕੇ ਅਤੇ ਕਿਵੇਂ? ਦੋਹਾਂ ਵਿੱਚੋਂ ਕਿਹੜਾ ਪੈਂਤੜਾ ਠੀਕ ਹੈ ਅਤੇ ਕਿਵੇਂ ਠੀਕ ਹੈ?

ਮਹਿੰਦਰ ਪਾਲ 'ਅਤਲਾ' (ਮਾਨਸਾ) 94170-95405

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਡਾ. ਕਾਵੂਰ ਸਾਹਿਬ ਨੇ ਤਰਕਸ਼ੀਲ ਲਹਿਰ ਦਾ ਪੈਗ਼ਾਮ ਗਵਾਂਢੀ ਦੇਸ਼ ਲੰਕਾ ਵਿੱਚੋਂ ਆ ਕੇ ਸਾਰੇ ਭਾਰਤ ਤੇ ਖਾਸ ਕਰ ਪੰਜਾਬ ਵਿੱਚ ਫੈਲਾਉਣ ਦਾ ਮਹਾਨ ਕੰਮ ਕੀਤਾ। ਪਰ ਤਰਕਸ਼ੀਲਤਾ ਨੂੰ ਮਜ਼ਬੂਤੀ ਦੇਣ ਲਈ ਦੋ-ਮਾਸਿਕ 'ਤਰਕਸ਼ੀਲ' ਰਸਾਲੇ ਨਾਲ ਸੰਬੰਧਤ ਸਭ ਸੱਜਣਾਂ ਨੇ ਦਿਲ-ਓ-ਜਾਨ ਨਾਲ ਮਿਹਨਤ ਕਰਕੇ ਇਸ ਰਸਾਲੇ ਨੂੰ ਸਾਰੇ ਭਾਰਤ ਤੇ ਵਿਦੇਸ਼ਾਂ ਵਿੱਚ ਵੀ ਪਹੁੰਚਾ ਦਿੱਤਾ। ਖੁਸ਼ੀ-ਗ਼ਮੀ ਤੇ ਸਫਤਲਾ-ਅਸਫਲਤਾ ਜੀਵਨ ਰੂਪੀ ਸਿੱਕੇ ਦੇ ਦੋ ਪਾਸੇ ਹਨ ਪਰ ਅੱਧੇ ਖਾਲੀ ਗਿਲਾਸ ਨਾਲੋਂ ਅੱਧਾ ਭਰਿਆ ਗਿਲਾਸ ਕਹਿਣਾ ਚੜ੍ਹਦੀ ਕਲਾ ਵੱਲ ਇਸ਼ਾਰਾ ਕਰਦਾ ਹੈ। ਅੱਜ ਮਿਤੀ 13-4-12 ਨੂੰ ਸਵੇਰੇ ਸਟਾਰ ਨਿਊਜ਼ ਚੈਨਲ ਤੋਂ ਖਬਰ ਆ ਰਹੀ ਸੀ ਕਿਸੇ ਅਫਸਰ ਦੇ ਦੋ ਬੱਚਿਆਂ ਨੇ, ਨਿਰਮਲ ਬਾਬੇ ਦੇ ਵਿਰੁੱਧ, ਅੰਧਵਿਸ਼ਵਾਸ਼ੀਆਂ ਦੇ ਸ਼ੋਸ਼ਣ ਖਿਲਾਫ ਪੀ.ਆਈ.ਐਲ. ਦਰਜ

ਹੁੰਗਾਰੇ

ਕਰਵਾਈ ਹੈ। ਉਹ ਨਿਰਮਲ ਬਾਬਾ ਜੋ ਅਨੇਕਾਂ ਟੀ.ਵੀ. ਚੈਨਲਾਂ ਤੇ 24 ਘੰਟੇ ਰਹਿਮਤ ਦੀ ਬਾਰਿਸ਼ ਕਰ ਰਿਹਾ ਹੈ। ਇਸੇ ਹੀ ਮਾਰਚ ਅਪ੍ਰੈਲ ਅੰਕ ਵਿੱਚ ਰਾਮ ਸਵਰਨ ਲੱਖੇਵਾਲੀ ਵੱਲੋਂ ਪੰਨਾ ਨੰ: 18 ਤੇ ਬੀਬੀ ਪਰਮਿੰਦਰ ਕੌਰ ਸਵੈਚ ਦੀ ਇੰਟਰਵਿਊ ਛਪੀ ਹੈ ਜਿਸ ਵਿੱਚ ਉਨ੍ਹਾਂ ਦਾ ਕਹਿਣਾ ਹੈ ਕਿ 'ਮੈਂ ਤਾਂ ਐਲਾਨੀਆਂ ਨਾਸਤਕ ਹਾਂ।' ਬਹੁਤ ਵਿਰਲੇ ਲੋਕ ਆਪਣੀ ਜ਼ਮੀਰ ਅਨੁਸਾਰ ਇਜ਼ਹਾਰ ਏ ਖਿਆਲ ਕਰਨ ਦੀ ਦਲੇਰੀ ਕਰ ਸਕਦੇ ਹਨ। ਪਰ ਦੂਜੇ ਪਾਸੇ ਕਰੋੜਾਂ ਦੀ ਭੀੜ ਛਾਪਾਂ, ਛੱਲੇ, ਮੁੰਦਰੀਆਂ, ਰੰਗਾਂ ਦੀ ਮਹੱਤਤਾ, ਰਾਹੂ, ਕੇਤੂ ਤੇ ਸ਼ਨੀ ਦੇ ਡਰ ਤੋਂ ਕੰਬੀ ਜਾ ਰਹੀ ਹੈ। ਐਮ.ਐਸ.ਸੀ ਤੇ ਪੀ.ਐੱਚ.ਡੀ. ਕੀਤੀ ਹੋਈ ਹੈ, ਫਿਜ਼ਿਕਸ ਜਾਂ ਕੈਮਿਸਟਰੀ ਦੀ, ਪਰ ਅੰਧਵਿਸ਼ਵਾਸ਼ ਨੀਵੀਂ ਤੋਂ ਨੀਵੀਂ ਪੱਧਰ ਦਾ ਦੇਖਕੇ ਅਫਸੋਸ ਹੋਣੋ ਨਹੀਂ ਰਹਿੰਦਾ। ਮੈਂ ਹਰ ਉਸ ਵਿਅਕਤੀ ਨੂੰ ਨਮਨ ਕਰਦਾ ਹਾਂ ਜਿਸਦੇ ਕਿਸੇ ਵੀ ਕਿਸਮ ਦੇ ਸਹਿਯੋਗ ਨਾਲਇਹ ਰਸਾਲਾ 'ਤਰਕਸ਼ੀਲ' ਚਲ ਰਿਹਾ ਹੈ। ਆਸ ਹੈ ਇਸ ਦੀ ਰੌਸ਼ਨੀ ਹਰ ਹਨੇਰੀ ਨੁੱਕਰ ਵਿੱਚ ਪਹੁੰਚੇਗੀ।

ਪਿਆਰਾ ਸਿੰਘ ਮਾਨਵ, ਬਟਾਲਾ (ਗੁਰਦਾਸਪੁਰ)

ਮੁੱਖ ਪੰਨੇ ਦਾ ਚਿੱਤਰ ਬਿਨ੍ਹਾਂ ਪੜ੍ਹਿਆਂ ਕਿਸੇ ਦੇ ਵੀ ਸਮਝ ਆਉਣ ਵਾਲਾ ਨਹੀਂ। ਇਹ ਸੌਖਿਆਂ ਸਮਝ ਆਉਣ ਵਾਲਾ ਹੋਣਾ ਚਾਹੀਦਾ ਹੈ।ਸੰਪਾਦਕੀ, ਧਰਮ-ਰਾਜ ਤੇ ਵਿਉ-ਮਾਤਾ, ਸਮਾਜ ਤੇ ਸਖਸ਼ੀਅਤ, ਪ੍ਰੇਮ-ਵਿਆਹਾਂ ਦਾ ਮਸਲਾ ਅਤੇ ਚੜਾਈ ਚੜਦਿਆਂ ਆਰਟੀਕਲ ਸਭ ਤੋਂ ਜ਼ਿਆਦਾ ਵਧੀਆ ਲੱਗੇ। ਪਰੂਫ -ਰੀਡਿੰਗ ਵੱਲ ਵੱਧ ਧਿਆਨ ਦੇਣ ਦੀ ਲੋੜ ਹੈ। ਸਮੁੱਚੇ ਰੂਪ 'ਚ ਪੇਪਰ ਬਹੁਤ ਵਧੀਆ ਹੈ।

ਅਜੀਤ ਪ੍ਰਦੇਸੀ, ਰੋਪੜ

• ਹਰ ਅੰਕ ਦੀ ਤਰ੍ਹਾਂ 'ਤਰਕਸ਼ੀਲ' ਪੱਤ੍ਰਿਕਾ ਦਾ ਮਾਰਚ-ਅਪ੍ਰੈਲ-12 ਅੰਕ ਪੜ੍ਹਿਆ। ਪੱਤ੍ਰਿਕਾ ਦੀ ਪੇਸ਼ਕਾਰੀ 'ਚ ਨਿਰੰਤਰ ਨਿਖਾਰ ਆ ਰਿਹਾ ਹੈ। ਮੁੱਖ ਪੰਨਾ ਕੋਈ ਖਾਸ ਪ੍ਰਭਾਵਸ਼ਾਲੀ/ਆਕਰਸ਼ਕ ਨਹੀਂ ਸੀ, ਕਿਉਂਕਿ ਤਸਵੀਰ ਬਿਲਕੁਲ ਅਸਪੱਸ਼ਟ ਸੀ, ਸਿਰਫ ਅੰਦਰ ਪੜ੍ਹਕੇ ਹੀ ਪਤਾ ਲੱਗਿਆ ਕਿ ਆਖਿਰ ਇਹ ਹੈ ਕੀ? ਚੰਗਾ ਹੁੰਦਾ ਜੇ ਮੁੱਖ ਪੰਨਾ ਡਾ. ਕਾਵੂਰ, ਭਗਤ ਸਿੰਘ ਜਾਂ ਪਾਸ਼ ਨੂੰ ਸਮਰਪਿਤ ਹੁੰਦਾ। ਡਾ. ਹਰਮੇਸ਼ ਮਾਲੜੀ ਦੀ ਕਵਿਤਾ 'ਕਿਤਾਬਾਂ' ਕਾਬਲ-ਏ ਤਾਰੀਫ ਸੀ, ਅਰਥ ਡੂੰਘੇ ਸਨ, ਕਿਤਾਬਾਂ ਦੀ ਅਹਿਮਤ ਨੂੰ ਬਿਆਨ ਕੀਤਾ। ਸੰਪਾਦਕੀ ਪੰਨੇ ਤੇ 'ਤੁਰਕੀ ਕਹਾਵਤ' ਦੇ ਵੀ ਡੂੰਘੇ ਅਰਥ ਸਨ। ਸੰਪਾਦਕੀ 'ਚ ਗੌਂਦਾਰਾ ਜੀ ਨੇ 'ਪ੍ਰੇਮ ਵਿਆਹਾਂ' ਸਬੰਧੀ ਪਰਤਾਂ ਫਰੋਲੀਆਂ ਹਨ। 'ਖੋਜ ਖਬਰ' ਕਾਲਮ ਦੀਆਂ ਖਬਰਾਂ ਕੁੱਝ ਖਾਸ ਨਹੀਂ ਹੁੰਦੀਆਂ, ਮੈਂ ਸਮਝਦਾ ਹਾਂ ਕਿ ਇਹ ਕਾਲਮ ਬੰਦ ਕਰ ਦੇਣਾ ਚਾਹੀਦਾ ਹੈ। ਕੇਸ ਰਿਪੋਰਟਾਂ 'ਚ ਢੁੱਕਵੇਂ ਸਕੈੱਚ ਦਿੱਤੇ ਜਾਣ। ਮਾ: ਬਲਵਿੰਦਰ ਬਰਨਾਲਾ ਦਾ ਤਰਕਸ਼ੀਲ ਸਫਰ ਪੜ੍ਹਕੇ ਜਗਿਆਸਾ ਪੂਰੀ ਹੋਈ। ਆਸ ਹੈ ਕਿ ਸੂਬਾ ਕਮੇਟੀ ਦੇ ਹੋਰਨਾਂ ਮੈਂਬਰਾਂ ਬਾਰੇ ਵੀ ਪੜ੍ਹਨ ਨੂੰ ਮਿਲੇਗਾ। ਹੇਮਰਾਜ ਸਟੈਨੋ ਵੱਖ ਵੱਖ ਚਲੰਤ ਮਸਲਿਆਂ ਸਬੰਧੀ 'ਤ.ਸੁ.ਪੰ. ਦੀ ਸਮਝ' ਨੂੰ ਪੇਸ਼ ਕਰਦੇ ਰਹਿੰਦੇ ਹਨ। ਉਹਨਾਂ ਦੇ ਲੇਖ ਦੀ ਬੇਖਬਰੀ ਨਾਲ ਉਡੀਕ ਹੁੰਦੀ ਹੈ। ਉਹਨਾਂ ਦੇ ਲੇਖ ਬਿਨਾਂ ਪੱਤ੍ਰਿਕਾ ਅਧੂਰੀ ਜਿਹੀ ਜਾਪਦੀ ਹੈ। ਬਰਗਾੜੀ ਦੇ ਮਾਨਸਿਕ ਸਿਹਤ ਮਸ਼ਵਰਾ ਕੇਂਦਰ ਦੇ ਸੰਚਾਲਕ ਚੰਨਣ ਵਾਂਦਰ ਦੀਆਂ ਸਰਗਰਮੀਆਂ ਨੂੰ ਸਲਾਮ! ਅਵਤਾਰ ਦੀਪ ਨੇ ਸੁਰਜੀਤ ਪਾਤਰ ਦੇ 'ਮੈਂ ਰਾਹਾਂ ਤੇ ਨਹੀਂ ਤੁਰਦਾ' ਨੂੰ ਸਹੀ ਸਾਬਤ ਕਰ ਵਿਖਾਇਆ ਹੈ। ਮੁਬਾਰਕਵਾਦ! ਸੈਮੂਅਲ ਜੌਹਨ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਅਵਾਰਡ ਮਿਲਣ ਤੇ ਖੁਸ਼ੀ ਹੋਈ। ਕਲਾ ਨੂੰ ਸਮਾਜਿਕ ਹਿੱਤਾਂ ਲਈ ਵਰਤਣ ਵਾਲੇ ਇਸ ਨਾਟਕਕਾਰ ਨੂੰ ਮੁਬਾਰਕਵਾਦ। **ਸੁਝਾਅ :** 'ਪੁਸਤਕ ਪੜਚੋਲ' ਕਾਲਮ ਦੀ ਘਾਟ ਰੜਕੀ, ਲੜੀਵਾਰ ਰਹੇ। 'ਜਾਦੂ ਦਾ ਟਰਿੱਕ' ਵੀ ਪੇਸ਼ ਕੀਤਾ ਜਾਵੇ, ਬਾਲ ਪਾਠਕਾਂ ਲਈ ਜ਼ਰੂਰੀ ਹੈ। ਫੋਟੋ ਕੈਪਸ਼ਨ ਮੁਕਾਬਲਾ ਸ਼ੁਰੂ ਕੀਤਾ ਜਾਵੇ, ਵੱਖ ਵੱਖ ਦ੍ਰਿਸ਼ਾਂ ਤੇ ਤਰਕਸ਼ੀਲ ਕਲਮਾਂ ਦੇ ਵਿਚਾਰ ਪੜ੍ਹਨ ਨੂੰ ਮਿਲਣਗੇ। ਪਾਠਕਾਂ ਦਾ ਨਜ਼ਰੀਆ ਪਰਖਣ ਲਈ ਪਾਠਕਾਂ ਲਈ ਸਵਾਲ ਪੇਸ਼ ਕੀਤੇ ਜਾਣ। ਸੰਪਾਦਕੀ ਦੀ ਸ਼ਬਦਾਵਲੀ ਸਰਲ ਹੋਵੇ। ਇਸ ਅੰਕ ਦੀ ਸੰਪਾਦਕੀ 'ਚ ਇਕ ਸ਼ਬਦ 'ਗਲੋਬਲਾਈਜੇਸ਼ਨ' ਲਿਖਿਆ ਹੈ, ਕੀ ਇਸਨੂੰ 'ਵਿਸ਼ਵੀਕਰਨ' ਲਿਖਣਾ ਸਰਲ ਨਹੀਂ ਹੋਵੇਗਾ? ਪੱਤ੍ਰਿਕਾ ਦੇ ਮੁੱਖ ਪੰਨੇ ਤੇ ਲੋਗੋ ਕੋਲ ਡਾ. ਕਾਵੂਰ ਅਤੇ ਕ੍ਰਿਸ਼ਨ ਬਰਗਾੜੀ ਦੀ ਛੋਟੀ ਤਸਵੀਰ ਹੋਣੀ ਚਾਹੀਦੀ ਹੈ। ਹੁੰਗਾਰੇ ਕਾਲਮ ਦਾ ਨਾਂ 'ਪ੍ਰਤੀਕਰਮ' ਹੋਣਾ ਚਾਹੀਦਾ ਹੈ। ਤ.ਸੁ.ਪੰ. ਦੀਆਂ 23 ਸ਼ਰਤਾਂ ਅਤੇ ਮੈਂਬਰਸ਼ਿਪ ਲਈ ਯੋਗਤਾ ਸ਼ਰਤਾਂ ਵੀ ਸਾਲ ਦੇ ਪਹਿਲੇ ਅੰਕ 'ਚ ਪੇਸ਼ ਕੀਤੀਆਂ ਜਾਣ। ਔਰਤ ਲੇਖਕਾਂ ਦੀਆਂ ਰਚਨਾਵਾਂ ਦੀ ਘਾਟ ਰੜਕਦੀ ਹੈ। ਵਿਚਾਰਿਆ ਜਾਵੇ। 'ਖਬਰ ਹੈ ਕਿ...' ਕਾਲਮ ਤਹਿਤ ਖਬਰਾਂ ਦਾ ਮੂਲ ਰੂਪ (ਕਟਿੰਗ) ਪੇਸ਼ ਕੀਤੀ ਜਾਵੇ। ਤਰਕਸ਼ੀਲ - ਵੈਬਸਾਈਟ ਤੇ ਖਬਰਾਂ 'ਚ ਪਰੂਫ ਰੀਡਿੰਗ ਦੀਆਂ ਗਲਤੀਆਂ ਸੁਧਾਰ ਦੀ ਲੋੜ ਹੈ। 'ਤਰਕ ਦੀ ਸਾਣ' ਤੇ ਵੀ ਟੀ.ਵੀ. ਸੀਰੀਅਲ ਦਾ ਰਿਵੀਊ ਪ੍ਰਕਾਸ਼ਿਤ ਕੀਤਾ ਜਾਵੇ (ਪੜਚੋਲ) ਲੋੜੀਂਦੀਆਂ, ਢੁਕਵੀਆਂ ਥਾਵਾਂ ਤੇ ਸਕੈਚ ਡਿਜ਼ਾਇਨਿੰਗ ਹੋਵੇ। ਪਾਠਕਾਂ ਦੇ ਖਤਾਂ 'ਤੇ ਸੰਪਾਦਕੀ ਟਿੱਪਣੀ ਜ਼ਰੂਰੀ ਹੋਣੀ ਚਾਹੀਦੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਕਿਹੜਾ ਸੁਝਾਅ ਪਸੰਦ ਆਇਆ, ਕਿਹੜਾ ਨਹੀਂ, ਕਿਸੇ ਮਸਲੇ

ਜਗਿਆਸਾ



? ਕੁੱਝ ਬੱਚਿਆਂ ਜਾਂ ਸਾਧੂਆਂ ਦੇ ਸਿਰ ਤੇ ਵਾਲਾਂ ਦੀਆਂ ਜਟਾਂ ਕਿਵੇਂ ਬਣਦੀਆਂ ਹਨ? ਕੀ ਇਹਨਾਂ ਨੂੰ ਮੱਥਾ ਟੇਕਣਾ ਜਾਇਜ਼ ਹੈ?

• ਮਨੁੱਖੀ ਸਿਰ ਤੇ ਜਟਾਵਾਂ ਹੋਣ ਦੇ ਦੋ ਕਾਰਨ ਹੁੰਦੇ ਹਨ :

ਪਹਿਲਾ ਕੁਦਰਤੀ ਅਤੇ ਦੂਸਰਾ ਬਣਾਉਟੀ। ਇਸ ਨੂੰ ਠੀਕ ਢੰਗ ਨਾਲ ਸਮਝਣ ਲਈ ਮਨੁੱਖੀ ਸ਼ਰੀਰ ਦੇ ਸਿਰ ਵਾਲੇ ਵਾਲਾਂ ਦੀ ਬਣਤਰ ਬਾਰੇ ਵਿਗਿਆਨਕ ਜਾਣਕਾਰੀ ਜ਼ਰੂਰੀ ਹੈ। ਮਨੁੱਖੀ ਸਿਰ ਦੇ ਵਾਲਾਂ ਵਿੱਚੋਂ ਇੱਕ ਖਾਸ ਕਿਸਮ ਦਾ ਤੇਲ ਜਾਂ ਰਸ ਨਿਕਲਦਾ ਹੈ ਜਿਸਦਾ ਕੰਮ ਵਾਲਾਂ ਨੂੰ ਪੂਰੀ ਤਰ੍ਹਾਂ ਖੁਸ਼ਕ ਹੋਣ ਤੋਂ ਬਚਾਉਣਾ ਹੈ। ਇਸ ਤੇਲ ਦੀ ਮਾਤਰਾ ਵਿਅਕਤੀ ਤੋਂ ਵਿਅਕਤੀ ਅਨੁਸਾਰ ਵੰਸ਼ਿਕ ਜਾਂ ਖੁਰਾਕੀ ਕਾਰਨਾਂ ਕਰਕੇ ਵੱਖ ਵੱਖ ਹੁੰਦੀ ਹੈ। ਇਸੇ ਕਾਰਨ ਕੁੱਝ ਵਿਅਕਤੀਆਂ ਦੇ ਵਾਲ ਰੁੱਖੇ ਅਤੇ ਕੁੱਝ ਦੇ ਹਮੇਸ਼ਾ ਥਿੰਦੇ ਰਹਿੰਦੇ ਹਨ। ਪ੍ਰੰਤੂ ਕੁਝ ਵਿਅਕਤੀਆਂ ਦੇ ਵਾਲਾਂ ਵਿੱਚੋ ਇਹ ਤੇਲ ਹੱਦੋਂ ਵੱਧ ਗਾੜਾ ਅਤੇ ਜ਼ਿਆਦਾ ਮਾਤਰਾ ਵਿੱਚੋਂ ਨਿਕਲਦਾ ਹੈ। ਜਿਸਦੇ ਸਿੱਟੇ ਵਜੋਂ ਵਾਲ ਆਪਸ ਵਿੱਚ ਜੁੜਕੇ ਅਤੇ ਮਿੱਟੀ ਘੱਟੇ ਨਾਲ ਲਿੱਬੜ ਕੇ ਜਟਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਇਹ ਕੁਦਰਤੀ ਕਾਰਨ ਹੈ। ਕੁੱਝ ਵਿਅਕਤੀਆਂ ਦੇ ਅਜਿਹੀਆਂ ਜਮਾਂਦਰੂ ਜਟਾਂ ਹੁੰਦੀਆਂ ਹਨ ਜੋ ਕਈ ਵਾਰ ਵੱਡੇ ਹੋਣ ਤੇ ਰਸ ਦਾ ਵਹਾਅ ਘਟਣ ਨਾਲ ਹਟ ਵੀ ਜਾਂਦੀਆਂ ਹਨ। ਅਜਿਹੇ ਵਾਲਾਂ ਨੂੰ ਕੱਟਕੇ ਛੋਟੇ ਰੱਖਣ ਜਾਂ ਖੁਸ਼ਕ ਸਾਬਣ/ਸ਼ੈਂਪੂ ਦੀ ਵਰਤੋਂ ਨਾਲ ਕੁਝ ਹੱਦ ਤੱਕ ਠੀਕ ਕੀਤਾ ਜਾ ਸਕਦਾ ਹੈ। ਇਸ ਕਿਸਮ ਦੀਆਂ ਜਟਾਂ ਕੁਦਰਤੀ ਹੁੰਦੀਆਂ ਹਨ। ਆਧੁਨਿਕ ਸਮੇਂ ਵਿੱਚ ਹੇਅਰ ਗਰਾਫਿੰਗ ਵਗੈਰਾ ਵੀ ਇਸਦਾ ਇਲਾਜ ਹੈ।

ਦੂਸਰੇ ਪਾਸੇ ਜੇ ਅਸੀਂ ਵਾਲਾਂ ਨੂੰ ਨਾ ਧੋਈਏ, ਨਾ ਵਾਹੀਏ ਤਾਂ ਵੀ ਜਟਾਂ ਬਣ ਜਾਂਦੀਆਂ ਹਨ। ਪਾਖੰਡੀ ਸਾਧ ਵੈਸੇ ਹੀ ਸਿਰ ਵਿੱਚ ਸੁਆਹ ਪਾ ਲੈਂਦੇ ਹਨ। ਲੰਮਾਂ ਸਮਾਂ ਨਾ ਵਾਹੁਣ ਨਾਲ ਸਿਰ ਤੇ ਪਾਈ ਸੁਆਹ ਅਤੇ ਹੋਰ ਮਿੱਟੀ ਘੱਟਾ ਵਾਲਾਂ ਦੇ ਕੁਦਰਤੀ ਤੇਲ ਨਾਲ ਮਿਲਕੇ ਵਾਲਾਂ ਨੂੰ ਲੇਸਦਾਰ ਮੈਲ ਦੇ ਰਾਹੀਂ ਆਪਸ ਵਿੱਚ ਜੋੜ ਦਿੰਦੀ ਹੈ। ਇਸ ਤਰ੍ਹਾਂ ਬਣਾਉਟੀ ਜਟਾਂ ਹੋਂਦ ਵਿੱਚ ਆਉਂਦੀਆਂ ਹਨ। ਕੁਦਰਤੀ ਜਾਂ ਬਣਾਉਟੀ ਜਟਾਂ ਵਾਲਿਆਂ ਨੂੰ ਮੱਥਾ ਟੇਕਣਾ ਇੱਕ ਅੰਧ ਵਿਸ਼ਵਾਸ਼ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਤਰਕ ਸੰਗਤ ਨਹੀਂ।

? ਸਿਆਣੇ ਸਾਰੀ-ਸਾਰੀ ਰਾਤ ਸਿਰ ਘੁੰਮਾਉਂਦੇ ਰਹਿੰਦੇ ਹਨ, ਉਨ੍ਹਾਂ ਦੀਆਂ ਸਿਰ ਜਾਂ ਗਰਦਨ ਦੀਆਂ ਨਾੜਾਂ ਕਿਉਂ ਨਹੀਂ ਦੁਖਦੀਆਂ ਜਦਕਿ ਆਮ ਆਦਮੀ ਸਿਰ ਘੁਮਾਂਵੇ ਤਾਂ ਇਹ ਦੁਖਣ ਲੱਗ ਪੈਂਦੀਆਂ ਹਨ?

? ਸਿਆਣੇ (?) ਜਾਂ ਮਰੀਜ਼ ਚੇਤਨ ਜਾਂ ਅਚੇਤ ਦੋ ਹਾਲਤਾਂ ਵਿੱਚ ਸਿਰ ਘੁੰਮਾਉਂਦੇ ਹਨ। ਚੇਤਨ ਅਵਸਥਾ ਵਿੱਚ ਉਹ ਨਸ਼ਿਆਂ ਦੀ ਵਰਤੋਂ ਕਰਦੇ ਹਨ ਜਿਸ ਨਾਲ ਥਕਾਵਟ ਦਾ ਅਹਿਸਾਸ ਘੱਟ ਹੁੰਦਾ ਹੈ। ਦੂਸਰਾ ਜਦੋਂ ਉਹ ਸਿਰ ਘੁੰਮਾਉਂਦੇ ਹਨ ਤਾਂ ਆਪਣੇ ਵਾਲਾਂ ਨੂੰ ਖੋਲ੍ਹ ਲੈਂਦੇ ਹਨ ਜਿਸ ਕਰਕੇ ਉਨ੍ਹਾਂ ਦੇ ਸਿਰ ਘੁੰਮਾਉਂਣ ਦਾ ਘੇਰਾ ਵਧ ਜਾਂਦਾ ਹੈ ਅਤੇ ਥੋੜ੍ਹੀ ਗਤੀ ਹੀ ਜ਼ਿਆਦਾ ਲਗਦੀ ਹੈ। ਤੀਸਰਾ ਉਨ੍ਹਾਂ ਦੇ ਨਿੱਤ ਦੇ ਅਭਿਆਸ ਕਾਰਨ ਵੀ ਉਨ੍ਹਾਂ ਨੂੰ ਥਕਾਵਟ ਮਹਿਸੂਸ ਨਹੀਂ ਹੁੰਦੀ।

? ਕੀ ਬਿਜਲੀ ਚਮਕਣ ਸਮੇਂ ਮਾਮਾ ਭਾਣਜਾ ਇਕੱਠੇ ਨਹੀਂ ਹੋ ਸਕਦੇ? ਅਜਿਹਾ ਅਕਸਰ ਕਿਉਂ ਕਿਹਾ ਜਾਂਦਾ ਹੈ?

• ਇਸ ਮਿਥ ਨੂੰ ਮਹਾਂਭਾਰਤ ਦੇ ਕੰਸ-ਕ੍ਰਿਸ਼ਨ ਪ੍ਰਸੰਗ ਨਾਲ ਵੀ ਜੋੜਿਆ ਜਾਂਦਾ ਹੈ ਪਰ ਇਹ ਅੰਧ ਵਿਸ਼ਵਾਸ਼ ਹੈ। ਇਸਦਾ ਕੋਈ ਵਿਗਿਆਨਕ ਕਾਰਣ ਨਹੀਂ ਹੈ। ਵਿਗਿਆਨਕ ਤੌਰ ਤੇ ਅਸੀਂ ਜਾਣਦੇ ਹਾਂ ਕਿ ਬੱਦਲਾਂ ਉੱਪਰ ਧਨ ਅਤੇ ਰਿਣ ਚਾਰਜ ਪੈਦਾ ਹੋਣ ਤੇ ਉਹਨਾਂ ਦੇ ਆਪਸੀ ਟਕਰਾਅ ਨਾਲ ਬਿਜਲੀ ਚਮਕਦੀ ਹੈ। ਬਿਜਲੀ ਨਿਰੋਧਕ ਯੰਤਰ ਨਾਲ ਬਿਜਲੀ ਡਿੱਗਣ ਦੇ ਸੰਭਾਵੀ ਵਰਤਾਰੇ ਤੋਂ ਬਚਿਆ ਜਾ ਸਕਦਾ ਹੈ। ਅਸੀਂ ਆਮ ਹੀ ਬਿਜਲੀ ਚਮਕਣ ਸਮੇਂ ਮਾਮੇ ਭਾਣਜਿਆਂ ਨੂੰ ਇਕੱਠਿਆਂ ਦੇਖ ਸਕਦੇ ਹਾਂ ਤੇ ਕੋਈ ਆਫਤ ਵੀ ਨਹੀਂ ਆਉਂਦੀ। ਇਹ ਪੂਰੀ ਤਰ੍ਹਾਂ ਅੰਧ ਵਿਸ਼ਵਾਸ਼ ਹੈ।

? ਲੋਕ ਕਹਿੰਦੇ ਹਨ ਕਿ ਜਿਸ ਚੀਜ਼ ਦਾ ਨਾਂ ਹੈ, ਉਹ ਚੀਜ ਵੀ ਜ਼ਰੂਰ ਹੁੰਦੀ ਹੈ?

• ਲੋਕਾਂ ਦੀ ਇਸ ਗੱਲ ਦਾ ਕੋਈ ਵਿਗਿਆਨਕ ਅਧਾਰ ਨਹੀਂ ਹੈ ਕਿ ਜਿਸ ਚੀਜ ਦਾ ਨਾਂ ਹੁੰਦਾ ਹੈ, ਉਹ ਚੀਜ਼ ਵੀ ਜ਼ਰੂਰ ਹੁੰਦੀ ਹੈ। ਵਸਤਾਂ, ਸੰਕਲਪਾਂ, ਘਟਨਾਵਾਂ ਅਤੇ ਵਰਤਾਰਿਆਂ ਦਾ ਨਾਮਕਰਣ ਭਾਸ਼ਾ ਵਿਗਿਆਨ ਦੇ ਨਿਯਮਾਂ ਅਨੁਸਾਰ ਹੁੰਦਾ ਹੈ। ਬਹੁਤ ਸਾਰੀਆਂ ਚੀਜਾਂ ਦੀ ਕੋਈ ਭੌਤਿਕ ਵਸਤੂਗਤ ਹੋਂਦ ਨਹੀਂ ਹੈ ਪ੍ਰੰਤੂ ਉਨ੍ਹਾਂ ਦਾ ਮਾਨਸਿਕ ਸੰਕਲਪ ਜਾਂ ਭਾਵ ਮੌਜੂਦ ਹੁੰਦਾ ਹੈ। ਭੂਤ ਦਾ ਸ਼ਾਬਦਿਕ ਅਰਥ ਬੀਤਿਆ ਲੰਘਿਆ ਸਮਾਂ ਹੁੰਦਾ ਹੈ। ਮਰ ਚੁੱਕੇ ਵਿਅਕਤੀ ਦੀ ਮਾਨਸਿਕ ਯਾਦ ਹੀ ਭੂਤ ਹੁੰਦੀ ਹੈ। ਇਸ ਰੂਪ ਵਿੱਚ ਭੂਤ ਇੱਕ ਮਾਨਸਿਕ ਸੰਕਲਪ ਹੈ। ਇਸਦਾ ਕੋਈ ਭੌਤਿਕ ਵਜੂਦ ਨਹੀਂ ਹੈ ਭਾਵ ਭੂਤ ਵਗੈਰਾ ਕੁਝ ਨਹੀਂ ਹੁੰਦਾ ਸੋ ਇਸ ਸਬੰਧੀ ਫੈਲਾਈਆਂ ਜਾਂਦੀਆਂ ਗੱਲਾਂ ਅਵਿਗਿਆਨਕ ਅਤੇ ਤਰਕਹੀਣ ਹਨ।

ਸਭ ਤੋਂ ਤੇਜ਼ ਭੱਜਣ ਵਾਲਾ ਰੋਬੋਟ 'ਚੀਤਾ'

ਪੇਂਟਾਗਨ (ਵਾਸ਼ਿੰਗਟਨ) ਦੀ ਇੱਕ ਖੋਜ ਸੰਸਥਾ ਨੇ ਸਭ ਤੋਂ ਤੇਜ਼ ਦੌੜਨ ਵਾਲਾ ਇੱਕ ਰੋਬੋਟ ਤਿਆਰ ਕੀਤਾ ਹੈ ਜਿਸ ਦਾ ਨਾਮ ਹੈ 'ਚੀਤਾ'। ਇਹ ਇੱਕ ਘੰਟੇ ਵਿੱਚ 18 ਮੀਲ ਤੱਕ ਦੌੜ ਸਕਦਾ ਹੈ। ਡੀਫੈਂਸ ਅਡਵਾਂਸਡ ਰਿਸਰਚ ਪ੍ਰੋਜੈਕਟਸ ਏਜੰਸੀ (ਡੀ.ਏ.ਆਰ.ਪੀ.ਏ.) ਦੀ ਰਿਪੋਰਟ ਅਨੁਸਾਰ ਇਹ ਰੋਬੋਟ ਅਕਾਰ ਵਿੱਚ ਇੱਕ ਛੋਟੇ ਕੁੱਤੇ ਵਾਂਗ ਹੈ। ਅਧਿਕਾਰੀਆਂ ਨੇ ਦੱਸਿਆਹੈ ਕਿ ਇਸ ਦੀ ਪ੍ਰੋਗਰਾਮਿੰਗ ਇਸ ਤਰ੍ਹਾਂ ਕੀਤੀ ਗਈ ਹੈ ਕਿ ਇਸ ਦੀਆਂ ਹਰਕਤਾਂ ਤੇਜ ਗਤੀ ਨਾਲ ਦੌੜਨ ਵਾਲੇ ਜਾਨਵਰਾਂ ਵਾਂਗ ਹਨ। ਅਸਲੀ ਚੀਤੇ ਵਾਂਗ ਹੀ ਇਹ ਤੇਜ ਅਤੇ ਫੁਰਤੀਲਾ ਹੈ। ਇਸ ਨੇ ਸਭ ਤੋਂ ਵੱਧ ਤੇਜ ਦੌੜਨ ਦਾ ਰਿਕਾਰਡ ਕਾਇਮ ਕੀਤਾ ਹੈ। ਇਸ ਤੋਂ ਪਹਿਲਾਂ ਸਭ ਤੋਂ ਤੇਜ ਭੱਜਣ ਦਾ ਰਿਕਾਰਡ 1989 ਵਿੱਚ ਇੱਕ ਰੋਬੋਟ ਨੇ ਬਣਾਇਆ ਸੀ ਜਿਸਦੀ ਗਤੀ 13.1 ਮੀਲ ਪ੍ਰਤੀ ਘੰਟਾ ਸੀ।

ਵਿਗਿਆਨਕ ਬਣਾ ਰਹੇ ਨੇ ਮੈਮਥ ਦਾ ਕਲੋਨ

ਕੋਰੀਆ ਅਤੇ ਰੂਸ ਦੇ ਵਿਗਿਆਨਕਾਂ ਨੇ ਇਕ ਨਵਾਂ ਵਿਗਿਆਨਕ ਸਮਝੋਤਾ ਕੀਤਾ ਹੈ। ਇਸ ਪ੍ਰੋਜੈਕਟ ਤਹਿਤ ਉਹ ਹਿਮਯੁਗ ਵਿੱਚ ਰਹਿਣ ਵਾਲੇ ਮੈਮਥ (ਭੀਮਕਾ ਹਾਥੀ) ਦਾ ਕਲੋਨ ਤਿਆਰ ਕਰਨਗੇ। ਇਸ ਨੂੰ ਤਿਆਰ ਕਰਨ ਲਈ ਉਹ ਭਾਰਤੀ ਹਥਨੀ ਦੀ ਏਂਗ ਸੇਲ ਦਾ ਪ੍ਰਯੋਗ ਕਰਨਗੇ। ਮੈਮਥ ਲਗਭਗ 10 ਹਜਾਰ ਸਾਲ ਪਹਿਲਾਂ ਧਰਤੀ ਤੇ ਵਿਚਰਦਾ ਸੀ। ਸਾਈਬੇਰੀਆ ਵਿੱਚੋਂ ਇਸ ਮੈਮਥ ਦੇ ਅਵਸ਼ੇਸ਼ ਮਿਲੇ ਹਨ। ਮੈਮਥ ਦੀਆਂ ਕੋਸ਼ਕਾਵਾਂ ਨੂੰ ਖੋਜ ਕੇ ਉਹਨਾਂ ਦੀ ਸੰਭਾਲ ਕੀਤੀ ਜਾਵੇਗੀ। ਉਸ ਤੋਂ ਤਿਆਰ ਉਤਕਾਂ ਤੋਂ ਬਿਨ੍ਹਾਂ ਨੁਕਸਾਨ ਪਹੁੰਚਾਏ ਜੀਨ (ਡੀ.ਐਨ.ਏ.) ਕੱਢਿਆ ਜਾਵੇਗਾ। ਡੀ.ਐਨ.ਏ. ਨੂੰ ਭਾਰਤੀ ਹਥਨੀ ਦੀਆਂ ਪ੍ਰਜਨਨ ਕੋਸ਼ਿਕਾਵਾਂ ਨਾਲ ਮਿਲਾਇਆ ਜਾਵੇਗਾ। ਜਿਸ ਤੋਂ ਇੱਕ ਭਰੂਣ ਦਾ ਨਿਰਮਾਣ ਹੋਵੇਗਾ ਜਿਸ ਨੂੰ ਹਥਨੀ ਦੇ ਗਰਭ ਵਿੱਚ ਰੱਖਿਆ ਜਾਵੇਗਾ। ਫਿਰ ਪੈਦਾ ਹੋਵੇਗਾ – ਮੈਮਥ ਦਾ ਕਲੋਨ।

ਦੁਨੀਆਂ ਦੇ ਪ੍ਰਮਾਣੂ ਸੰਪੰਨ ਮੁਲਕਾਂ ਕੋਲ 20 ਹਜ਼ਾਰ ਤੋਂ ਵੱਧ ਪ੍ਰਮਾਣੂ ਹਥਿਆਰ

ਦੁਨੀਆਂ ਵਿੱਚ ਪ੍ਰਮਾਣੂ ਸੰਪੰਨ 9 ਮੁਲਕਾਂ ਦੇ ਕੋਲ 20 ਹਜ਼ਾਰ ਤੋਂ ਵੀ ਵੱਧ ਪ੍ਰਮਾਣੂ ਹਥਿਆਰ ਹਨ, ਜੋ ਹੀਰੋਸ਼ੀਮਾ ਉੱਪਰ ਸੁੱਟੇ ਗਏ ਬੰਬ ਦੀ ਤੁਲਨਾ ਵਿੱਚ ਡੇਢ ਲੱਖ ਗੁਣਾਂ ਜ਼ਿਆਦਾ ਤਬਾਹੀ ਮਚਾ ਸਕਦੇ ਹਨ। ਇਨ੍ਹਾਂ ਹਥਿਆਰਾਂ ਨੂੰ ਖਤਮਕਰਨ ਦੇ ਕੰਮ ਵਿੱਚ ਲੱਗੇ ਵਿਸ਼ਵੀ ਸੰਗਠਨ ਇੰਟਰਨੈਸ਼ਨਲ ਕੰਪੇਨ ਟੂ ਅਬਾਲਿਸ ਨਿਊਕਲੀਅਰ ਵੈਪਨ (ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨ ਲਈ ਕੌਮਾਂਤਰੀ ਮੁਹਿੰਮ) ਦੀ ਤਾਜ਼ਾ ਰਿਪੋਰਟ ਅਨੁਸਾਰ ਪ੍ਰਮਾਣੂ ਹਥਿਆਰ ਸੰਪੰਨ ਮੁਲਕ ਸਮੂਹਿਕ ਵਿਨਾਸ਼ ਦੇ ਹਥਿਆਰਾਂ ਉਪਰ 100 ਅਰਬ ਡਾਲਰ ਤੋਂ ਵੱਧ ਖਰਚ ਕਰ ਰਹੇ ਹਨ। ਇਹ ਦੇਸ਼ ਨਵੇਂ ਉਪਕਰਨਾਂ ਨੂੰ ਇਕੱਠੇ ਕਰਨ, ਪੁਰਾਣੇ ਹਥਿਆਰਾਂ ਦੇ ਆਧੁਨਿਕੀਕਰਨ, ਬੈਲਿਸਟਕ ਮਿਜ਼ਾਇਲਾਂ, ਬੰਬ ਵਰਧਕ ਪਣਡੁੱਬੀਆਂ ਬਣਾਉਣ ਲਈ ਇਹ ਰਕਮ ਖਰਚ ਰਹੇ ਹਨ। ਰਿਪੋਰਟ ਵਿੱਚ 30 ਮੁਲਕਾਂ ਦੇ ਪ੍ਰਮਾਣੂ ਹਥਿਆਰ ਉਤਪਾਦਕ 20 ਮੁੱਖ ਕੰਪਨੀਆਂ ਵਿੱਚ ਨਿਵੇਸ਼ ਕਰਨ ਵਾਲੇ 300 ਤੋਂ ਵੱਧ ਬੈਂਕਾਂ, ਬੀਮਾਂ ਕੰਪਨੀਆਂ, ਪੈਨਸ਼ਨ ਫੰਡਾਂ ਅਤੇ ਸੰਪਤੀ ਪ੍ਰਬੰਧਕਾਂ ਦੀ ਪਛਾਣ ਕੀਤੀ ਗਈ ਹੈ। ਇੱਕ ਸੌ ਅੱਸੀ ਪੰਨਿਆਂ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਇਨ੍ਹਾਂ ਹਥਿਆਰਾਂ ਨੂੰ ਬਣਾਉਣ ਦਾ ਕੰਮ ਕਰਨ ਵਾਲੀਆਂ ਮੁੱਖ ਕੰਪਨੀਆਂ ਵਿੱਚ ਲਾਰਸਨ ਐਂਡ ਟਿਬਰੋ, ਬਰਤਾਨੀਆ ਦੀ ਬੀ.ਏ.ਈ. ਸਿਸਟਮ, ਬੈਂਕਾਕ ਇੰਟਰਨੈਸ਼ਨਲ, ਅਮਰੀਕਾ ਦੇ ਲਾਕਹੀਟ ਮਾਰਟਿਨ ਅਤੇ ਨੋਰਥਾਰਪ ਗਰੂਮੈਲ, ਫਰਾਂਸ ਦੀ ਤੇਲਸ ਤੇ ਸੋਪ੍ਰਾਨ ਸ਼ਾਮਿਲ ਹਨ।

ਪਾਣੀ ਦੀ ਬਰਬਾਦੀ, ਗੰਭੀਰ ਚੁਣੌਤੀਆਂ ਨੂੰ ਸੱਦਾ

ਸੰਯੁਕਤ ਰਾਸ਼ਟਰ ਦੀ ਜਲ ਰਿਪੋਰਟ : ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿਤੀ ਹੈ ਕਿ ਜੇ ਪਾਣੀ ਦੀ ਬਰਬਾਦੀ ਨੂੰ ਜਲਦੀ ਨਾ ਰੋਕਿਆ ਗਿਆ ਤਾਂ ਵਿਸ਼ਵ ਗੰਭੀਰ ਜਲ ਸੰਕਟ ਦੇ ਦੌਰ ਵਿੱਚੋਂ ਗੁਜਰੇਗਾ। ਜਲਵਾਯੂ ਪਰਿਵਰਤਨ ਅਤੇ ਭੋਜਨ ਦੀ ਵਧਦੀ ਮੰਗ ਨਾਲ ਇਹ ਸਮੱਸਿਆ ਹੋਰ ਵਿਕਰਾਲ ਹੁੰਦੀ ਜਾ ਰਹੀ ਹੈ। ਵਿਸ਼ਵ ਜਲ ਮੁੱਦੇ ਉੱਪਰ ਇੱਕ ਵਿਸਥਾਰ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਅਨੇਕਾਂ ਭਿਆਨਕ ਚੁਣੌਤੀਆਂ ਮੂੰਹ ਅੱਡੀ ਖੜ੍ਹੀਆਂ ਹੋਣਗੀਆਂ। ਇਨ੍ਹਾਂ ਵਿੱਚ ਗਰੀਬ ਤਬਕੇ ਨੂੰ ਸ਼ੁੱਧ ਪਾਣੀ ਦੇ ਸਾਫ ਸਫਾਈ ਦੀ ਸਹੂਲਤ ਮੁਹੱਈਆ ਕਰਵਾਉਣ, ਵਿਸ਼ਵ ਆਬਾਦੀ ਨੂੰ ਖਾਧ ਪਦਾਰਥ ਉਪਲੱਬਧ ਕਰਵਾਉਣਾ, ਭੂ-ਮੰਡਲੀ ਤਾਪਮਾਨ 'ਚ ਵਾਧੇ ਦੇ ਮਾੜੇ ਪ੍ਰਭਾਵ ਨਾਲ ਨਜਿੱਠਣਾ ਸ਼ਾਮਿਲ ਹੈ। ਸਾਲ 2050 ਤੱਕ ਵਿਸ਼ਵ ਦੀ ਆਬਾਦੀ ਮੌਜੂਦਾ ਸੱਤ ਅਰਬ ਤੋਂ ਵਧ ਕੇ ਨੌਂ ਅਰਬ ਹੋ ਜਾਵੇਗੀ। ਸੰਯੁਕਤ ਰਾਸ਼ਟਰ ਜਨਰਲ ਸਕੱਤਰ ਬਾਨ ਕੀਮੂਨ ਨੇ ਇਸ ਰਿਪੋਰਟ ਵਿੱਚ ਕਿਹਾ ਹੈ ਕਿ ਖੇਤੀ ਦੀਆਂ ਵਧਦੀਆਂ ਲੋੜਾਂ, ਖਾਧ ਉਤਪਾਦਨ, ਊਰਜਾ ਖਪਤ, ਪ੍ਰਦੂਸ਼ਣ ਅਤੇ ਜਲ ਪ੍ਰਬੰਧਨ ਦੀਆਂ ਕਮਜ਼ੋਰੀਆਂ ਕਾਰਨ ਸ਼ੁੱਧ ਜਲ ਉਪਰ ਦਬਾਅ ਵਧ ਰਿਹਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਲਵਾਯੂ ਪਰਿਵਰਤਨ ਇੱਕ ਹਕੀਕਤ ਅਤੇ ਲਗਾਤਾਰ ਵਧ ਰਿਹਾ ਖਤਰਾ ਹੈ। ਬਿਨਾਂ ਬੇਹਤਰ ਯੋਜਨਾ ਤੇ ਸੰਯੋਜਨ ਦੇ ਲੱਖਾਂ ਲੋਕਾਂ ਨੂੰ ਭੁੱਖਮਰੀ, ਬਿਮਾਰੀਆਂ, ਊਰਜਾ ਦੀ ਕਮੀ ਤੇ ਗਰੀਬੀ ਨਾਲ ਜੂਝਣਾ ਪਵੇਗਾ। ਵਿਸ਼ਵ ਜਲ ਰਿਪੋਰਟ ਹਰੇਕ ਤਿੰਨ ਸਾਲਾਂ ਬਾਅਦ ਜਾਰੀ ਕੀਤੀ ਜਾਂਦੀ ਹੈ। ਇਸ ਵਾਰ ਅਜਿਹੇ ਸਮੇਂ ਤੇ ਰਿਪੋਰਟ ਜਾਰੀ ਕੀਤੀ ਗਈ ਹੈ, ਜਦੋਂ ਫਰਾਂਸ ਦੇ ਇਸ ਦੱਖਣੀ ਨਗਰ ਵਿੱਚ ਜਲ ਫੋਰਮ ਸ਼ੁਰੂ ਹੋ ਰਿਹਾ ਹੈ। ਇਸ ਰਿਪੋਰਟ ਨੂੰ ਜਲ-ਵਿਗਿਆਨ, ਅਰਥਸ਼ਾਸ਼ਤਰ ਅਤੇ ਸਮਾਜਿਕ ਮੁੱਦਿਆਂ ਦੇ ਮਾਹਿਰਾਂ ਨੇ ਯੂਨੈਸਕੋ ਦੇ ਸਹਿਯੋਗ ਨਾਲ ਤਿਆਰ ਕੀਤਾ ਹੈ। ਇਸ ਦਾ ਟੀਚਾ ਪਾਣੀ ਲਈ ਵਿਸ਼ਵ ਪੱਧਰ ਉਪਰ ਸੰਦਰਭ ਕਿਤਾਬ ਦੇ ਤੌਰ ਤੇ ਕੰਮ ਕਰਨਾ ਹੈ। ਰਿਪੋਰਟ ਅਨੁਸਾਰ ਅੱਜ ਖੇਤੀਬਾੜੀ ਵਿੱਚ ਲੱਗਭੱਗ 70 ਫੀਸਦੀ ਪਾਣੀ ਦੀ ਵਰਤੋਂ ਹੁੰਦੀ ਹੈ। ਰਿਪੋਰਟ ਵਿੱਚ ਪਾਣੀ ਪ੍ਰਬੰਧਨ ਦੀ ਵਿਆਪਕ ਪੱਧਰ ਤੇ ਮੰਗ ਕੀਤੀ ਗਈ ਹੈ ਕਿ ਪਾਣੀ ਦੀ ਬਰਬਾਦੀ ਰੋਕਣ ਲਈ ਹਰ ਸੰਭਵ ਯਤਨ ਕਰਨ ਦੀ ਅਪੀਲ ਕੀਤੀ ਗਈ ਹੈ।

ਔਰਤ ਨਾਲ ਬਲਾਤਕਾਰ ਕਰਨ ਵਾਲੇ ਤਾਂਤਰਿਕ ਨੂੰ 7 ਸਾਲ ਕੈਦ

ਭਵਾਨੀ ਬਾਬਾ ਨਾਂ ਦੇ ਇੱਕ ਤਾਂਤਰਿਕ ਜੋ ਕਿ ਰੁਹਾਨੀ ਸ਼ਕਤੀਆਂ ਦਾ ਦਾਅਵਾ ਕਰਦਾ ਹੈ ਨੂੰ ਦਿੱਲੀ ਦੀ ਇੱਕ ਅਦਾਲਤ ਨੇ ਇੱਕ 28 ਸਾਲਾ ਵਿਧਵਾ ਨਾਲ ਬਲਤਾਕਾਰ ਕਰਨ ਦੇ ਜੁਰਮ ਵਿੱਚ 7 ਸਾਲ ਕੈਦ ਦੀ ਸਜਾ ਸੁਣਾਈ ਹੈ। 41 ਸਾਲਾ ਜੈ ਨਰਾਇਣ ਨਾਂ ਦੇ ਇਸ ਵਿਅਕਤੀ, ਜੋ ਕਿ ਭਵਾਨੀ ਬਾਬਾ ਦੇ ਨਾਂ ਨਾਲ ਮਸ਼ਹੂਰ ਸੀ ਨੇ ਮਈ 2009 ਵਿੱਚ ਇਸ ਔਰਤ ਨੂੰ ਇੱਕ ਝੁੱਗੀ ਅੰਦਰ ਬੰਦ ਕਰਕੇ ਅਤੇ ਕੋਈ ਬੇਹੋਸ਼ੀ ਦੀ ਚੀਜ਼ ਸੁੰਘਾ ਕੇ ਉਸ ਨਾਲ ਬਲਾਤਕਾਰ ਕੀਤਾ ਸੀ। ਅਦਾਲਤ ਨੇ ਕਿਹਾ ਕਿ ਮਿਲੇ ਸਬੂਤਾਂ ਅਤੇ ਇਸਤਗਾਸਾ ਦੇ ਬਿਆਨਾਂ ਦੇਅਧਾਰ ਤੇ ਇਹ ਸਿੱਧ ਹੋ ਗਿਆ ਹੈ ਕਿ 3 ਮਈ 2009 ਨੂੰ ਦੁਪਹਿਰ ਕਰੀਬ 3 ਵਜੇ ਜੈ ਨਾਰਾਇਣ ਨੇ ਗਲਤ ਢੰਗ ਨਾਲ ਇਸ ਔਰਤ ਨੂੰ ਇੱਕ ਝੁੱਗੀ ਅੰਦਰ ਬੰਦ ਕਰ ਲਿਆ। ਫਿਰ ਉਸਦਾ ਵਸ਼ੀਕਰਣ ਕੀਤਾ ਅਤੇ ਉਸਦੀ ਪ੍ਰਵਾਨਗੀ ਤੋਂ ਬਿਨ੍ਹਾਂ ਤੇ ਉਸਨੂੰ ਧਮਕੀ ਦੇ ਕੇ ਉਸ ਨਾਲ ਬਲਾਤਕਾਰ ਕੀਤਾ। ਅਡੀਸ਼ਨਲ ਸੈਸ਼ਨ ਜੱਜ ਰਮੇਸ਼ ਚੰਦਰ ਗੁਪਤਾ ਦੀ ਅਦਾਲਤ ਵਿੱਚ ਪੀੜਿਤ ਔਰਤ ਅਤੇ ਉਸਦੇ ਨਬਾਲਿਗ ਬੱਚੇ ਨੇ ਦੱਸਿਆ ਕਿ ਬਾਬੇ ਨੇ ਬੱਚੇ ਨੂੰ ਇਹ ਕਹਿਕੇ ਬਾਹਰ ਭੇਜ ਦਿੱਤਾ ਕਿ ਅੰਦਰ ਕੋਈ ਪੂਜਾ ਕਰਨੀ ਹੈ ਤੇ ਉਸਨੂੰ ਕੋਈ ਚੀਜ਼ ਸੁੰਘਾ ਕੇ ਉਸ ਨਾਲ ਬਲਾਤਕਾਰ ਕੀਤਾ। (ਦੈਨਿਕ ਜਾਗਰਣ)

ਗੁਰਦੁਆਰੇ 'ਚੋਂ ਗੋਲਕ ਚੋਰੀ

ਸ਼ਹਿਰ ਪੱਟੀ ਸਰਹਾਲੀ ਰੋਡ ਸਥਿਤ ਗੁਰਦੁਆਰਾ ਨਾਨਕਪੁਰੀ ਸਾਹਿਬ ਵਿਖੇ ਗੋਲਕ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਚੋਰ ਗੁਰਦੁਆਰੇ ਦੀ ਕੰਧ ਟੱਪ ਕੇ ਅੰਦਰ ਦਾਖਲ ਹੋਏ ਅਤੇ ਦਰਬਾਰ ਦੇ ਦਰਵਾਜ਼ੇ ਦਾ ਹੈਂਡਲ ਤੋੜ ਕੇ ਗੋਲਕ ਚੁੱਕ ਕੇ ਲੈ ਗਏ। ਟੁੱਟੀ ਹੋਈ ਗੋਲਕ ਨੇੜੇ ਪੈਂਦੀ ਰੋਹੀ 'ਚੋਂ ਬਰਾਮਦ ਹੋਈ ਹੈ ਪਰ ਚੋਰਾਂ ਦਾ ਕੋਈ ਪਤਾ ਨਹੀਂ ਲੱਗਿਆ। (ਨਵਾਂ ਜ਼ਮਾਨਾ)

ਬਸ ਦੇ ਪਲਟਣ ਕਾਰਣ 20 ਸ਼ਰਧਾਲੂ ਜ਼ਖਮੀ

ਬਲਾਚੌਰ: ਸ਼ਰਧਾਲੂਆਂ ਨੂੰ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਲੈ ਕੇ ਜਾ ਰਹੀ ਇੱਕ ਬਸ ਬਲਾਚੌਰ ਬਾਈਪਾਸ ਗੁਰਦੁਆਰਾ ਠੇਰੀ ਸਾਹਿਬ ਮੋੜ ਤੇ ਇਕ ਹੋਰ ਤੇਜ ਰਫਤਾਰ ਬਸ ਨਾਲ ਜਾ ਟਕਰਾਈ। ਜਿਸ ਕਾਰਣ ਲਗਭਗ 20 ਸ਼ਰਧਾਲੂ ਜ਼ਖਮੀ ਹੋ ਗਏ ਅਤੇ 7 ਦੀ ਹਾਲਤ ਗੰਭੀਰ ਬਣੀ ਹੋਈ ਹੈ। (ਨਵਾਂ ਜਮਾਨਾ)

ਔਰਤ ਨੂੰ ਡਾਇਨ ਦੱਸ ਕੇ ਗਰਮ ਸਲਾਖਾਂ ਨਾਲ ਦਾਗਿਆ

ਰਾਜਸਥਾਨ ਦੇ ਟੌਂਕ ਜ਼ਿਲ੍ਹੇ ਦੇ ਸਰੇਲੀ ਪਿੰਡ 'ਚ ਇੱਕ ਔਰਤ ਨੂੰ ਡਾਇਨ ਦੱਸ ਕੇ ਸਲਾਖਾਂ ਨਾਲ ਦਾਗਿਆ ਗਿਆ ਅਤੇ ਕੁੱਟਿਆ ਗਿਆ। ਪੀੜਤ ਮਹਿਲਾ ਜਦ ਸ਼ਿਕਾਇਤ ਲੈ ਕੇ ਥਾਣੇ ਪਹੁੰਚੀ ਤਾਂ ਉਸ ਨੂੰ ਉਥੋਂ ਭਜਾ ਦਿੱਤਾ ਗਿਆ। ਜਦ ਉਹ ਔਰਤ ਪਾਣੀ ਭਰਨ ਜਾ ਰਹੀ ਸੀ ਤਾਂ ਪਿੰਡ ਦੇ 6 ਵਿਅਕਤੀਆਂ ਨੇ ਉਸ ਨੂੰ ਰੋਕ ਲਿਆ ਅਤੇ ਬਿਜਲੀ ਦੇ ਖੰਭੇ ਨਾਲ ਬੰਨ੍ਹ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਔਰਤ ਦੇ ਕੱਪੜੇ ਉਤਾਰੇ ਅਤੇ ਉਸ ਨੂੰ ਲੋਹੇ ਦੀਆਂ ਗਰਮ ਸਲਾਖਾਂ ਨਾਲ ਦਾਗਿਆ। ਪੁਲਿਸ ਦਾ ਕਹਿਣਾ ਹੈ ਕਿ ਇਕ ਦੋਸ਼ੀ ਦੀ ਮੱਝ ਮਰ ਗਈ ਤਾਂ ਉਸ ਨੇ ਪੀੜਤ ਮਹਿਲਾ ਤੇ ਡਾਇਨ ਹੋਣ ਦਾ ਦੋਸ਼ ਲਗਾਇਆ। ਉਸ ਨੂੰ ਆਪਣੀ ਮੱਝ ਦੀ ਮੌਤ ਦਾ ਜ਼ਿੰਮੇਵਾਰ ਠਹਿਰਾਉਂਦੇ ਹੋਏ 5 ਹਜ਼ਾਰ ਰੁਪਏ ਮੰਗੇ। (ਜਗ ਬਾਣੀ)

ਗੁਰਦੁਆਰੇ ਦਾ ਪ੍ਰਧਾਨ ਗੋਲਕ ਨੂੰ ਠੂੰਗਾਂ ਮਾਰਦਾ ਕਾਬੂ

ਮਾਈਸਰਖਾਨਾ ਪਿੰਡ ਦੇ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹੀ ਨੌਵੀ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਨਿੱਜੀ ਤੌਰ ਤੇ ਕਮੇਟੀ ਮੈਂਬਰਾਂ ਦੀ ਗੈਰ ਹਾਜ਼ਰੀ ਵਿੱਚ ਗੋਲਕ ਖੋਲ੍ਹਣ 'ਤੇ ਪਿੰਡ ਵਾਸੀਆਂ ਨੇ ਪ੍ਰਧਾਨ ਖਿਲਾਫ਼ ਨਾਅਰੇਬਾਜ਼ੀ ਕੀਤੀ। ਭਾਰੀ ਰੋਸ ਪ੍ਰਗਟ ਕਰਦਿਆਂ ਪਿੰਡ ਵਾਸੀਆਂ ਦਾ ਇੱਕ ਵੱਡਾ ਇਕੱਠ ਗੁਰਦੁਆਰੇ ਵਿਖੇ ਹੋਇਆ। ਮਾਮਲਾ ਉਸ ਸਮੇਂ ਗੜਬੜਾ ਗਿਆ, ਜਦੋਂ ਇੱਕ ਸੇਵਾਦਾਰ ਗੋਲਕ ਖੋਲ੍ਹ ਕੇ ਪ੍ਰਧਾਨ ਨੂੰ ਰੁਪਏ ਫੜਾ ਰਿਹਾ ਸੀ ਤਾਂ ਮੌਕੇ ਤੇ ਗੁਰਦੁਆਰੇ ਦੀ 5 ਮੈਂਬਰੀ ਕਮੇਟੀ ਦੇ ਇੱਕ ਮੈਂਬਰ ਵੱਲੋਂ ਉਸ ਨੂੰ ਰੰਗੇ ਹੱਥੀਂ ਫੜ ਲਿਆ ਗਿਆ। ਉਸ ਨੇ ਤੁਰੰਤ ਗੁਰਦੁਆਰੇ ਦੇ ਸਪੀਕਰ ਰਾਹੀਂ ਗੁਰੂ ਘਰ ਦੀ ਗੋਲਕ ਵਿੱਚੋਂ ਪ੍ਰਧਾਨ ਵੱਲੋਂ ਚੋਰੀ ਛੁਪੇ ਪੈਸੇ ਕੱਢਣ ਸਬੰਧੀ ਕਈ ਵਾਰ ਸੂਚਨਾ ਬੋਲੀ। ਸੂਚਨਾ ਸੁਨਣ ਤੇ ਪਿੰਡ ਵਾਸੀਆਂ ਦਾ 'ਗੁਰੂ ਘਰ' ਵਿੱਚ ਕਾਫੀ ਇਕੱਠ ਹੋ ਗਿਆ। ਮੌਕੇ ਤੇ ਪੁੱਜੇ ਪੱਤਰਕਾਰਾਂ ਅੱਗੇ ਸੇਵਾਦਾਰ ਨੇ ਸਵੀਕਾਰ ਕਰਦੇ ਹੋਏ ਕਿਹਾ ਕਿ ਗੋਲਕ ਖੋਲ੍ਹਣ ਲਈ ਕਮੇਟੀ ਪ੍ਰਧਾਨ ਨੇ ਚਾਬੀ ਦਿੱਤੀ ਸੀ ਅਤੇ ਉਸ ਨੇ ਗੋਲਕ ਦੇ ਸਾਰੇ ਰੁਪਏ ਕੱਢ ਕੇ ਪ੍ਰਧਾਨ ਨੂੰ ਫੜਾ ਦਿੱਤੇ ਸਨ, ਜੋ ਕਿ ਉਸਦੇ ਕਮਰੇ ਵਿੱਚ ਬੈਠਾ ਸੀ। ਜਦ ਉਹ ਮੈਂ ਪ੍ਰਧਾਨ ਨੂੰ ਰੁਪਏ ਫੜਾ ਰਿਹਾ ਸੀ ਤਾਂ ਉਸ ਸਮੇਂ ਕਮੇਟੀ ਦਾ ਇੱਕ ਮੈਂਬਰ ਪਹੁੰਚ ਗਿਆ। (ਜਗ ਬਾਣੀ)



ਮੇਰਿਆਂ ਹੱਥਾਂ ਨੇ ਤਰਾਸ਼ੇ ਸੀ ਜੋ ਬੁੱਤ,
ਉਹ ਖ਼ੁਦਾ ਬਣ ਗਏ ਅਹਿਸਤਾ ਅਹਿਸਤਾ।
–ਜਗਸੀਰ ਵਿਯੋਗੀ

ਮੌਤ ਮਨੁੱਖ ਨੂੰ ਸ਼ਹੀਦ ਨਹੀਂ ਬਣਾਉਂਦੀ, ਸਗੋਂ ਆਦਰਸ਼ ਮਨੁੱਖ ਨੂੰ ਸ਼ਹੀਦ ਬਣਾਉਂਦਾ ਹੈ।

ਡਾ. ਗਗਨਦੀਪ ਕੌਰ
ਪੱਤਿਆਂ ਦੀ ਖੜ ਖੜ ਕਿਧਰੇ, ਕੰਡਿਆਂ ਦੀ ਬਾਤ ਹੈ,
ਕਾਲਿਆਂ ਨ੍ਹੇਰਿਆਂ 'ਚੋਂ ਬੋਲੇ, ਕੋਈ ਚਾਨਣੀ ਰਾਤ ਹੈ।
98881-17124

ਜ਼ੁਰਮ ਹੈ ਜੇ ਜਗਮਗਾਉਂਣਾ, ਗੁਣਗੁਣਾਉਂਣਾ, ਮਹਿਕਾਉਂਣਾ
ਮਾਣ ਹੈ, ਮੁਜ਼ਰਿਮ ਹਾਂ, ਮੈਨੂੰ ਹਰ ਸਜ਼ਾ ਮਨਜ਼ੂਰ ਹੈ।
ਹਰਦਿਆਲ ਸਾਗਰ

ਮੈਂ ਵਗਿਆ ਹਾਂ ਤਾਂ ਦਰਿਆ ਬਣ ਕੇ ਖੇਤ ਸਿੰਜੇ ਨੇ
ਜੇ ਮੈਂ ਰਹਿੰਦਾ ਖਲੋਤਾ ਰੇਤ ਨੇ ਹੀ ਪੀ ਲਿਆ ਹੁੰਦਾ
ਸੁਨੀਲ ਚੰਦਿਆਣਵੀ

ਜਦੋਂ ਹਾਕਮ ਨੇ ਦਿੱਤਾ, ਹੁਕਮ ਸਭ ਦੀਵੇ ਬੁਝਾ ਦੇਵੋ,
ਉਦੋਂ ਕੁਝ ਜੁਗਨੂੰਆਂ ਦਾ ਸ਼ਹਿਰ 'ਚ ਆਉਣਾ ਜ਼ਰੂਰੀ ਹੈ
ਰਮਨਦੀਪ

ਚਿੜੀਓ! ਚਹਿਕਣ ਨਾ ਭੁੱਲਿਓ
ਬਿਰਖੋ! ਸੁੱਕ ਨਾ ਜਾਇਓ
ਝੱਖੜ ਦਾ ਦਸਤੂਰ ਇਹੋ ਹੈ
ਇਹ ਛੇਤੀ ਮਰ ਜਾਵੇ
ਸੜਦਾ ਅੰਬਰ, ਤਪਦੀ ਧਰਤੀ
ਝੁੱਲਿਆ ਕਹਿਰ ਦਾ ਝੱਖੜ
ਅਸ਼ਕੇ ਉਸ ਗੁਲਸ਼ਨ ਦੇ
ਜਿਹੜਾ ਫੇਰ ਵੀ ਮੌਲੀ ਜਾਵੇ।
ਮੱਖਣ ਕੁਹਾੜ

ਇਹ ਜੰਜ਼ੀਰਾਂ, ਇਹ ਸੰਗੀਨਾਂ ਦੇ ਪਹਿਰੇ ਕਿਸ ਤਰ੍ਹਾਂ ਰੋਕਣ,
ਉੱਡਣ ਦੀ ਰੀਝ ਬਾਕੀ ਹੈ ਅਜੇ ਮੇਰਾ ਪਰਾਂ ਅੰਦਰ।
–ਜਗਵਿੰਦਰ ਜੋਧਾ–



ਮਨੁੱਖ ਸਭ ਕੁਝ ਕਰ ਸਕਦਾ ਹੈ, ਕਰਨ ਦੀ ਹਿੰਮਤ ਹੋਣੀ ਚਾਹੀਦੀ ਹੈ : ਕਾਰਲਾਈਲ

ਜ਼ਿੰਦਗੀ ਜਦੋਂ ਬੋਲਦੀ ਹੈ ਤਾਂ ਤੁਹਾਡੇ ਹੋਠਾਂ ਦੀ ਮੁਸਕਾਨ ਅਤੇ ਅੱਖਾਂ ਦੇ ਅੱਥਰੂ ਸ਼ਬਦ ਬਣ ਜਾਂਦੇ ਹਨ : ਖਲੀਲ ਜਿਬਰਾਨ
ਪੇਸ਼ਕਸ਼ : ਰਣਦੀਪ ਸੰਗਤਪੁਰਾ
98556-95905

ਨਸ਼ਤਰਾਂ

ਜਗਸੀਰ ਜੀਦਾ

ਬੰਦੇ ਮਾਰਣ ਲਈ ਖੋਜੀਆਂ ਮਿਜ਼ਾਇਲਾਂ
ਨਰਮੇ ਦੀ ਸੁੰਡੀ ਨਾ ਮਰੀ

*

ਬਾਬੇ ਸੁਰਗਾਂ ਨੂੰ ਪੌੜੀ ਲਾਈ ਬੈਠੇ
ਸੜਕਾਂ ਨੇ ਚੇਲੇ ਕੁਚਲੇ

*

ਏ.ਸੀ. ਗੱਡੀ 'ਤੇ ਲਿਖਾਇਆ ਕਾਰ ਸੇਵਾ
ਸੰਗਤ ਟਰੱਕ 'ਚ ਲੱਦੀ *

ਬਾਣੀ ਬਾਬੇ ਦੀ ਰਮਾਲੇ 'ਚ ਲਪੇਟੀ
ਅਖੰਡ ਪਾਠ ਮੁੱਲ ਵਿਕਦੇ

*

ਨਾਗ ਨਿਕਲਿਆ ਵੋਟਾਂ ਦੀ ਪਟਾਰੀ 'ਚੋਂ
ਪੰਜ ਸਾਲ ਡੰਗੂ ਲੋਕਾਂ ਨੂੰ

*

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ. ਬਲਵੰਤ ਸਿੱਧੂ



? ਸੁਆਲ : ਸਾਨੂੰ ਤਣਾਉ ਕਿਉਂ ਹੁੰਦਾ ਹੈ? ਇਸ ਦੇ ਕੀ ਕਾਰਣ ਹਨ, ਇਸ ਦੇ ਕੀ ਲੱਛਣ ਹੁੰਦੇ ਹਨ ਤੇ ਇਸ ਦੇ ਕੀ ਨੁਕਸਾਨ ਹਨ। ਅਸੀਂ ਤਣਾਉ ਤੋਂ ਬਚਣ ਲਈ ਕੀ ਉਪਾਅ ਕਰ ਸਕਦੇ ਹਾਂ?

ਇੱਕ ਪਾਠਕ

ਜੁਆਬ : ਪਿਛਲੇ ਅੰਕ ਵਿੱਚ ਅਸੀਂ ਤਣਾਉ ਬਾਰੇ ਜ਼ਿਕਰ ਸ਼ੁਰੂ ਕੀਤਾ ਸੀ ਜਿਸ ਵਿੱਚ ਤਣਾਉ ਕੀ ਹੁੰਦਾ ਹੈ ਅਤੇ ਇਸਦੇ ਕੀ ਕਾਰਣ ਹਨ, ਆਦਿ ਬਿਆਨ ਕੀਤੇ ਗਏ ਸਨ।

ਤਣਾਉ ਦੇ ਲੱਛਣ: ਵੱਖ ਵੱਖ ਵਿਅਕਤੀਆਂ ਵਿੱਚ ਤਣਾਉ ਦੇ ਲੱਛਣ ਬਹੁਤ ਹੀ ਵੱਖ ਵੱਖ ਹੋ ਸਕਦੇ ਹਨ। ਇਹ ਲੱਛਣ ਸ਼ਰੀਰਿਕ ਅਤੇ ਮਾਨਸਿਕ ਦੋਵੇਂ ਹੀ ਹੋ ਸਕਦੇ ਹਨ। ਕਿਸੇ ਵਿਅਕਤੀ ਵਿੱਚ ਸਿਰਫ ਮਾਨਸਿਕ ਲੱਛਣ ਵੀ ਹੋ ਸਕਦੇ ਹਨ ਅਤੇ ਕਿਸੇ ਵਿੱਚ ਸਿਰਫ ਸ਼ਰੀਰਕ ਅਤੇ ਜ਼ਿਆਦਾਤਰ ਲੋਕਾਂ ਵਿੱਚ ਦੋਵੇਂ ਇਕੱਠੇ ਹੁੰਦੇ ਹਨ।

ਮਾਨਸਿਕ ਲੱਛਣ : ਮਾਨਸਿਕ ਦਬਾਅ ਜਾਂ ਤਣਾਅ, ਬੇਚੈਨੀ, ਕਾਹਲ, ਬਾਰ ਬਾਰ ਤਣਾਅ ਦੇ ਵਿਚਾਰ ਆਉਣੇ, ਮਾਨਸਿਕ ਇਕਾਗਰਤਾ ਦਾ ਘਟਣਾ, ਚਿੜਚਿੜਾ ਪਣ ਹੋਣਾ, ਨੀਂਦ ਦਾ ਘਟਣਾ (ਨੀਂਦ ਨਾ ਆਉਣਾ, ਬਹੁਤ ਦੇਰ ਨਾਲ ਆਉਣਾ, ਸਵੇਰ ਬਹੁਤ ਜਲਦੀ ਜਾਗ ਆਉਣਾ ਜਾਂ ਨੀਂਦ ਵਿੱਚ ਵਿਘਨ ਪੈਣਾ ਆਦਿ), ਯਾਦਦਾਸ਼ਤ ਦਾ ਘਟਣਾ ਮਹਿਸੂਸ ਹੋਣਾ, ਜਲਦੀ ਤ੍ਰਭਕਣਾ, ਮਨ ਦੋਚਿੱਤੀ ਵਿੱਚ ਰਹਿਣਾ, ਆਤਮ ਵਿਸ਼ਵਾਸ਼ ਦਾ ਘਟਣਾ, ਦਿਲਚਸਪੀ ਵਾਲੀਆਂ ਚੀਜਾਂ ਵਿੱਚ ਰੁਚੀ ਘਟਣਾ, ਸੈਕਸ ਵਿੱਚ ਦਿਲਚਸਪੀ ਖਤਮ ਹੋ ਜਾਣਾ ਆਦਿ ਆਦਿ। ਇਸਤੋਂ ਬਿਨਾ ਨਸ਼ਿਆਂ ਵਿੱਚ ਪੈਣਾ ਸ਼ਰਾਬ, ਅਫ਼ੀਮ, ਭੁੱਕੀ, ਚਰਸ, ਗਾਂਜਾ, ਗੋਲੀਆਂ ਜਾਂ ਹੋਰ ਤਰ੍ਹਾਂ ਦਾ ਨਸ਼ਾ ਆਦਿ, ਉਦਾਸੀ ਰੋਗ ਹੋਣਾ, ਜਾਂ ਹੋਰ ਮਨੋਰੋਗ ਹੋਣਾ। ਤ੍ਰਾਸ ਰੋਗ, ਖੱਬਤੀ ਬਨਣ ਰੋਗ ਆਦਿ ਜਾਂ ਖੁਦਕਸ਼ੀ ਦੀ ਕੋਸ਼ਿਸ਼)। ਇਸ ਦੇ ਨਾਲ ਨਾਲ ਜਾਂ ਇਕੱਲੇ ਸ਼ਰੀਰਕ ਲੱਛਣ ਵੀ ਹੋ ਸਕਦੇਹਨ।

ਰੀਰਕ ਲੱਛਣ : ਸ਼ਰੀਰ ਦਾ ਜਾਂ ਹੱਥਾਂ ਦਾ ਕੰਬਣਾ (ਕੰਪਨ), ਸ਼ਰੀਰ ਵਿੱਚ ਜਾਂ ਸਿਰ ਵਿੱਚ ਖਿਚਾਅ ਮਹਿਸੂਸ ਹੋਣਾ, ਦਿਲ ਦੀ ਧੜਕਣ ਦਾ ਤੇਜ਼ ਹੋਣਾ, ਦਿਲ ਦੀ ਧੜਕਣ ਮਹਿਸੂਸ ਹੋਣਾ, ਮੂੰਹ ਸੁਕਣਾ, ਜੀ ਕੱਚਾ ਹੋਣਾ, ਬਿਨ੍ਹਾਂ ਦਸਤ ਲੱਗਿਆਂ ਬਾਰ ਬਾਰ ਹਾਜਤ ਹੋਣਾ, ਪੇਟ ਵਿੱਚ ਗੋਲਾ ਮਹਿਸੂਸ ਕਰਨਾ, ਸਿਰ ਤੇ ਭਾਰ ਜਾਂ ਸਿਰ ਦੁਆਲੇ ਖਿੱਚ ਮਹਿਸੂਸ ਕਰਨਾ, ਦੰਦ ਕਰੀਚਣੇ, ਸਾਹ ਖਿੱਚ ਕੇ ਲੈਣਾ, ਤ੍ਰੇਲੀਆਂ ਆਉਣਾ, ਬਿਨਾਂ ਕਿਸੇ ਚਮੜੀ ਦੇ ਰੋਗ ਤੋਂ ਬਾਰ ਬਾਰ ਖਾਰਿਸ਼ ਕਰਨਾ, ਆਦਿ ਆਦਿ। ਇਥੇ ਇਹ ਗੱਲ ਯਾਦ ਰੱਖਣੀ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਸਾਰੇ ਸ਼ਰੀਰਿਕ ਲੱਛਣਾਂ ਦਾ ਕਾਰਣ ਕੋਈ ਹੋਰ ਰੋਗ ਵੀ ਹੋ ਸਕਦਾ ਹੈ, ਇਸ ਲਈ ਸ਼ਰੀਰਿਕ ਲੱਛਣਾਂ ਨੂੰ ਤਣਾਉ ਦੇ ਲੱਛਣ ਕਹਿਣ ਤੋਂ ਪਹਿਲਾਂ ਡਾਕਟਰੀ ਸਲਾਹ ਬਹੁਤ ਜ਼ਰੂਰੀ ਹੈ।

ਮਨੋ-ਸ਼ਰੀਰਕ ਲੱਛਣ : ਇਸ ਵਿੱਚ ਸ਼ਰੀਰਕ ਰੋਗਾਂ ਦੇ ਲੱਛਣ ਤਣਾਉ ਕਾਰਣ ਜ਼ਿਆਦਾ ਵੱਧ ਜਾਂਦੇ ਹਨ। ਜਿਵੇਂ ਸਾਹ ਦੇ ਰੋਗ ਦਮਾ ਆਦਿ ਦਿਲ ਦੇ ਕਈ ਰੋਗ, ਮੂੰਹ ਦੇ ਛਾਲੇ, ਪੇਟ ਦੇ ਕਈ ਰੋਗ, ਐਲਰਜ਼ੀ ਰੋਗ, ਮਹੁਕੇ ਆਦਿ।

ਤਣਾਉ ਤੋਂ ਨੁਕਸਾਨ : ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁਕਿਆ ਹੈ ਕਿ ਜਦੋਂ ਅਸੀਂ ਤਣਾਉ ਦੀ ਗੱਲ ਕਰ ਰਹੇ ਹਾਂ ਤਾਂ ਅਸੀਂ ਨਾਕਾਰਾਤਮਕ ਤਣਾਉ ਦੀ ਗੱਲ ਕਰ ਰਹੇ ਹਾਂ। ਤਣਾਉ ਕਾਰਣ ਸ਼ਰੀਰ ਕਿਸੇ ਸਾਹਮਣੇ ਆਏ ਖਤਰੇ ਦੀ ਤਰ੍ਹਾਂ ਤਿਆਰ ਹੋ ਜਾਂਦਾ ਹੈ, ਬਿਨ੍ਹਾਂ ਕਿਸੇ ਖਤਰੇ ਦੇ ਆਇਆਂ। ਭਾਵ ਇਹ ਕਿ ਸਾਹਮਣੇ ਕੋਈ ਖਤਰਾ ਨਹੀਂ ਪਰ ਸ਼ਰੀਰ ਨੂੰ ਇਉਂ ਭਾਸਦਾ ਹੈ ਜਿਵੇਂ ਉਸ ਨੂੰ ਕੋਈ ਖਤਰਾ ਹੈ। ਇਸ ਨਾਲ ਸ਼ਰੀਰ ਵਿੱਚ ਅਜਿਹੇ ਹਾਰਮੋਨਜ਼ (Harmones) ਪੈਦਾ ਹੋ ਜਾਂਦੇ ਹਨ। ਜਿਹਨਾਂ ਦੀ ਉਸ ਵਕਤ ਲੋੜ ਨਹੀਂ ਹੁੰਦੀ ਅਤੇ ਬਿਨਾਂ ਲੋੜ ਤੋਂ ਉਹ ਸ਼ਰੀਰ ਤੇ ਬੁਰਾ ਅਸਰ ਕਰਦੇ ਹਨ ਜਿਵੇਂ ਕਿ ਬਿਨਾਂ ਲੋੜ ਤੋਂ ਦਿਲ ਦੀ ਧੜਕਣ ਦਾ ਤੇਜ਼ ਹੋਣਾ, ਬਲੱਡ ਪਰੈਸ਼ਰ ਦਾ ਵੱਧ ਜਾਣਾ, ਖੂਨ ਵਿੱਚ ਗਲੂਕੋਜ਼ ਦਾ ਵੱਧਣਾ ਆਦਿ। ਤਣਾਉ ਵਿਵਹਾਰ ਤੇ ਵੀ ਅਸਰ ਕਰਦਾ ਹੈ, ਇਸ ਕਾਰਣ ਚਿੜਚਿੜਾਪਨ, ਬੇਲੋੜਾ ਗੁੱਸਾ, ਬੇਧਿਆਨੀ ਅਤੇ ਕੰਮ ਕਰਨ ਦੀ ਸਮਰੱਥਾ ਘਟਦੀ ਹੈ, ਅਤੇ ਇੰਡਸਟਰੀ ਅਤੇ ਸੜਕ ਤੇ ਹਾਦਸਿਆਂ ਵਿੱਚ ਵਾਧਾ ਹੁੰਦਾ ਹੈ। ਇਸ ਕਾਰਣ ਵਿਅਕਤੀ ਦੇ ਸਮਾਜੀ ਰਿਸ਼ਤਿਆਂ ਤੇ ਵੀ ਅਸਰ ਪੈਂਦਾ ਹੈ। ਲੰਬੇ ਸਮੇਂ ਦੇ ਤਣਾਉ ਕਾਰਣ ਕਈ ਸ਼ਰੀਰਿਕ ਰੋਗਾਂ ਦੇ ਲੱਛਣ ਵੀ ਵੱਧ ਜਾਂਦੇ ਹਨ, ਜਿਵੇਂ ਕਿ ਦਮਾ ਰੋਗ, ਮਿਹਦੇ ਅਤੇ ਆਂਤੜੀਆਂ ਦੇ ਕਈ ਰੋਗ, ਸਿਰ ਦਰਦ, ਬਲੱਡ ਪ੍ਰੈਸ਼ਰ ਦਾ ਵੱਧਣਾ, ਦਿਲ ਦੇ ਕਈ ਰੋਗ, ਸ਼ਰੀਰ ਦੀ ਬਿਮਾਰੀ ਰੋਧਕ ਸਮਰੱਥਾ ਦਾ ਘਟਣਾ, ਮਨੋਰੋਗ ਹੋਣਾ ਜਾਂ ਇਨ੍ਹਾਂ ਵਿੱਚ ਵਾਧਾ ਹੋਣਾ, ਨਸ਼ਿਆਂ ਵਿੱਚ ਗ੍ਰਸਤ ਹੋਣਾ ਆਦਿ ਆਦਿ।

ਉਪਾਅ : Nothing in life is to be feared; it is only to be understood - Marie Curie. ਭਾਵ ਇਹ ਹੈ ਕਿ ਜ਼ਿੰਦਗੀ ਵਿੱਚ ਕਿਸੇ ਵੀ ਚੀਜ਼ ਤੋਂ ਡਰਨਾ ਨਹੀਂ ਚਾਹੀਦਾ ਬਲਕਿ ਉਸਨੂੰ ਸਮਝਣਾ ਚਾਹੀਦਾ ਹੈ – ਪ੍ਰਸਿੱਧ ਵਿਗਿਆਨੀ ਮੇਰੀ ਕਿਊਰੀ ਦੇ ਵਚਨ।

ਆਪਣੀ ਮੁਸ਼ਕਿਲ ਨੂੰ ਸਮਝੋ :ਜਦੋਂ ਵੀ ਜ਼ਿੰਦਗੀ ਵਿੱਚ ਕੋਈ

ਮੁਸ਼ਕਿਲ ਆਉਂਦੀ ਹੈ ਤਾਂ ਉਸ ਨੂੰ ਚੰਗੀ ਤਰ੍ਹਾਂ ਸਮਝੋ। ਵਿਦਵਾਨਾਂ ਦਾ ਆਖਣਾ ਹੈ ਕਿ ਕਿਸੇ ਵੀ ਮੁਸ਼ਕਿਲ ਨੂੰ ਸਹੀ ਤਰੀਕੇ ਨਾਲ ਸਿਰਫ ਬਿਆਨ ਕਰਨ ਨਾਲ ਹੀ ਉਸ ਦਾ ਅੱਧਾ ਹੱਲ ਸਮਝ ਵਿੱਚ ਆ ਜਾਂਦਾ ਹੈ। ਅਕਸਰ ਹੀ ਅਸੀਂ ਆਪਣੀ ਮੁਸ਼ਕਿਲ ਨੂੰ ਸਹੀ ਨਜ਼ਰੀਏ ਨਾਲ ਨਹੀਂ ਦੇਖਦੇ, ਜਾਂ ਤਾਂ ਉਸ ਨੂੰ ਨਜ਼ਰ ਅੰਦਾਜ਼ ਕਰਦੇ ਹਾਂ ਜਾਂ ਕਈ ਅਚੇਤ ਕਾਰਣਾਂ ਕਰਕੇ ਸਮਝਣਾ ਨਹੀਂ ਚਾਹੁੰਦੇ ਤੇ ਅੱਖੋਂ ਪਰੋਖੇ ਕਰ ਦਿੰਦੇ ਹਾਂ।

ਸਲਾਹ ਜਾਂ ਗੱਲ ਬਾਤ ਕਰੋ : ਜਿਥੇ ਕਿਤੇ ਵੀ ਮੁਸ਼ਕਿਲ ਆਉਂਦੀ ਹੈ, ਉੱਥੇ ਸਬੰਧਿਤ ਸਖਸ਼ ਨਾਲ ਗੱਲ ਬਾਤ ਕਰੋ। ਆਪਣੇ ਨਜ਼ਰੀਏ ਦੇ ਨਾਲ-ਨਾਲ ਦੂਜੇ ਦਾ ਨਜ਼ਰੀਆ ਵੀ ਸਮਝਣ ਦੀ ਕੋਸ਼ਿਸ਼ ਕਰੋ। ਜੇ ਫੇਰ ਵੀ ਕੰਮ ਨਾ ਬਣੇ ਤਾਂ ਕਿਸੇ ਸਿਆਣੇ ਜ਼ਿੰਮੇਵਾਰ ਸਖਸ਼ ਨਾਲ ਜਾਂ ਕਿਸੇ ਪ੍ਰੋਫੈਸ਼ਨਲ ਸਖਸ਼ ਨਾਲ ਗੱਲਬਾਤ ਕਰੋ ਤੇ ਮੁਸ਼ਕਿਲ ਦਾ ਹੱਲ ਕਰਨ ਦੀ ਕੋਸ਼ਿਸ਼ ਕਰੋ।

ਜ਼ਿੰਦਗੀ ਦੀ ਦੌੜ ਨੂੰ ਚੂਹਾ ਦੌੜ (Rat race) **ਨਾ ਬਣਾਉ** : ਮਸ਼ਹੂਰ ਕਹਾਵਤ ਹੈ "Trouble with the rat race is that even if you win, you are still a rat." ਭਾਵ ਇਹ ਕਿ ਚੂਹਾ ਦੌੜ ਨਾਲ ਇਹ ਮੁਸੀਬਤ ਹੈ ਕਿ ਬੇਸ਼ਕ ਜੇ ਤੁਸੀਂ ਦੌੜ ਜਿੱਤ ਵੀ ਜਾਂਦੇ ਹੋ ਤਾਂ ਵੀ ਤੁਸੀਂ ਚੂਹੇ ਹੀ ਰਹਿੰਦੇ ਹੋ। ਕਹਿਣ ਦਾ ਮਤਲਬ ਹੈ ਕਿ ਲੋਕਾਂ ਦੀ ਦੇਖਾ ਦੇਖੀ ਨਾ ਕਰੋ ਸਗੋਂ ਆਪਣੀ ਸਮਰੱਥਾ ਅਨੁਸਾਰ ਜ਼ਿੰਦਗੀ ਦੀ ਰਫਤਾਰ ਤੈਅ ਕਰੋ। ਜੇ ਤੁਸੀਂ ਆਪਣੇ ਰੌਂ ਨਾਲ ਆਪਣੀ ਸਮਰੱਥਾ ਅਨੁਸਾਰ ਚਲਦੇ ਹੋ ਤਾਂ ਕੋਈ ਪਰੇਸ਼ਾਨੀ ਨਹੀਂ ਹੁੰਦੀ। ਜੇ ਕੋਈ ਚੀਜ਼ ਤੁਹਾਡੀ ਸਮਰੱਥਾ ਤੋਂ ਬਾਹਰ ਹੈ ਪਰ ਤੁਹਾਨੂੰ ਕਰਨ ਨੂੰ ਕਿਹਾ ਜਾਂਦਾ ਹੈ ਤਾਂ ਨਾਂਹ ਕਰਨੀ ਸਿੱਖੋ ਨਹੀਂ ਤਾਂ ਪਰੇਸ਼ਾਨੀ ਹੋਵੇਗੀ। ਕਹਾਵਤ ਹੈ ਕਿ ਬਹੁਤ ਜਲਦੀ ਬਿਨਾਂ ਸੋਚੇ ਸਮਝੇ ਹਾਂ ਕਰਨੀ ਅਤੇ ਚਾਹੁੰਦਿਆਂ ਹੋਇਆਂ ਵੀ ਨਾਂਹ ਨਾ ਕਰਨੀ ਜ਼ਿੰਦਗੀ ਦੀਆਂ ਜ਼ਿਆਦਾਤਰ ਮੁਸੀਬਤਾਂ ਦੀ ਜੜ੍ਹ ਹੈ।

ਰਿਲੈਕਸੇਸ਼ਨ (Relaxation) : ਜ਼ਿੰਦਗੀ ਵਿੱਚ ਰਿਲੈਕਸ ਕਰਨਾ ਸਿੱਖੋ। ਸਧਾਰਣ ਤਰੀਕੇ ਨਾਲ ਆਪਣੇ ਆਪ ਬੈਠੇ ਬੈਠੇ ਜਾਂ ਲੇਟ ਕੇ ਰਿਲੈਕਸ ਕਰੋ। ਯੋਗ ਦਾ ਆਸਣ 'ਸ਼ਵ-ਆਸਣ' ਕਰ ਸਕਦੇ ਹੋ, ਇਸ ਵਿੱਚ ਪਿੱਠ ਭਾਰ ਸਿੱਧੇ ਮੁਰਦੇ ਵਾਂਗ ਲੇਟ ਜਾਉ ਤੇ ਰਿਲੈਕਸ ਕਰੋ। ਇਸ ਤੋਂ ਬਿਨਾਂ ਕਿਸੇ ਵੀ ਤਰੀਕੇ ਨਾਲ ਜੋ ਵੀ ਤੁਹਾਨੂੰ ਪਸੰਦ ਹੋਵੇ (ਪਰ ਤਰੀਕਾ ਗਲਤ ਨਾ ਹੋਵੇ ਜਿਵੇਂ ਕਿ ਨਸ਼ੇ ਆਦਿ) ਰਿਲੈਕਸ ਕਰ ਸਕਦੇਹੋ।

ਕਸਰਤ ਕਰੋ (Exercise) : ਕਸਰਤ ਕਰਨ ਨਾਲ ਵੀ ਵਿਅਕਤੀ ਰਿਲੈਕਸ ਹੁੰਦਾ ਹੈ। ਇਸ ਨਾਲ ਸ਼ਰੀਰਕ ਸਿਹਤ ਠੀਕ ਹੋਣ ਦੇ ਨਾਲ ਨਾਲ ਵਿਅਕਤੀ ਮਾਨਸਿਕ ਤੌਰ ਤੇ ਵੀ ਸਿਹਤਯਾਬ ਹੁੰਦਾ ਹੈ। ਕਸਰ ਨਾਲ ਸ਼ਰੀਰ ਅੰਦਰ ਐਨਡੌਰਫਿਨ (Endorphins) ਨਾਂ ਦੇ ਕੈਮੀਕਲ ਪੈਦਾ ਹੁੰਦੇ ਹਨ ਜੋ ਤੁਹਾਨੂੰ ਚੰਗਾ ਮਹਿਸੂਸ ਕਰਨ ਵਿੱਚ ਮਦਦ ਕਰਦੇ ਹਨ।

ਮਦਦ ਲਵੋ (Social Support) : ਮੁਸੀਬਤ ਦੇ ਸਮੇਂ ਆਪਣੇ ਰਿਸ਼ਤੇਦਾਰਾਂ ਜਾਂ ਮਿੱਤਰਾਂ ਦੀ ਮਦਦ ਲਵੋ। ਕੰਮ ਕਾਜੀ ਔਰਤਾਂ ਨੂੰ ਜਣੇਪੇ ਵੇਲੇ ਜਾਂ ਛੋਟੇ ਬੱਚਿਆਂ ਦੀ ਪਰਵਰਿਸ਼ ਵੇਲੇ ਮਦਦ ਦੀ ਲੋੜ ਪੈਂਦੀ ਹੈ। ਜੇ ਕਿਸੇ ਰਿਸ਼ਤੇਦਾਰ ਦੀ ਮਦਦ ਨਹੀਂ ਮਿਲਦੀ ਤਾਂ ਕਿਸੇ ਨੂੰ ਤਨਖਾਹ ਦੇ ਕੇ ਮਦਦ ਲਵੋ। ਅਜਿਹੇ ਸਮੇਂ ਪੈਸੇ ਖਰਚਣ ਤੋਂ ਗੁਰੇਜ ਨਾ ਕਰੋ।

ਕੰਮ ਕਰੋ : ਕੰਮ ਕਰਨਾ ਵੀ ਮਨੁੱਖ ਨੂੰ ਖੁਸ਼ੀ ਪ੍ਰਦਾਨ ਕਰਦਾ ਹੈ। ਕੰਮ ਨੇਪਰੇ ਚਾੜ੍ਹਨ ਦੀ ਤਸੱਲੀ ਬਹੁਤ ਖੁਸ਼ੀ ਅਤੇ ਸਕੂਨ ਦਿੰਦੀ ਹੈ ਅਤੇ ਇਸ ਨਾਲ ਤਣਾਉ ਦੂਰ ਹੁੰਦਾ ਹੈ। ਮਨੋਵਿਗਿਆਨ ਦੇ ਪਿਤਾਮਾ ਡਾ. ਸਿਗਮੰਡ ਫਰਾਇਡ ਅਨੁਸਾਰ ਕੰਮ ਅਤੇ ਪਿਆਰ ਮਨੁੱਖ ਦੀ ਖੁਸ਼ੀ ਲਈ ਬਹੁਤ ਜ਼ਰੂਰੀ ਹਨ। ਵਿਹਲੇ ਰਹਿ ਕੇ ਜ਼ਿੰਦਗੀ ਵਿੱਚ ਖੁਸ਼ੀ ਲੱਭਣਾ ਫਜ਼ੂਲ ਹੈ।

ਪਰਿਵਾਰ ਨਾਲ ਮਿਲ ਕੇ ਪਿਆਰ ਨਾਲ ਰਹੋ : ਘਰ ਦਾ ਖੁਸ਼ਗਵਾਰ ਮਾਹੌਲ ਤਣਾਉ ਨੂੰ ਬਹੁਦ ਹੱਦ ਤੱਕ ਘੱਟ ਕਰਨ ਵਿੱਚ ਸਹਾਈ ਹੁੰਦਾ ਹੈ।

ਸ਼ੌਂਕ ਰਖੋ (Hobby) : ਕੋਈ ਵੀ ਸ਼ੌਂਕ ਪਾਲੋ, ਜਿਵੇਂ ਕਿ ਚਿੱਤਰਕਾਰੀ, ਸੰਗੀਤ (ਗਾਉਣਾ ਜਾਂ ਵਜਾਉਣਾ), ਸਾਹਿਤ ਲਿਖਣਾ, ਨਾਚ ਸਿਖਣਾ, ਬਾਗਵਾਨੀ ਕਰਨਾ, ਸਾਹਿਤ ਪੜ੍ਹਨਾ, ਸਮਾਜਿਕ ਸੇਵਾ ਕਰਨੀ ਆਦਿ।

ਕੁਦਰਤ (Nature) **ਦਾ ਸਤਿਕਾਰ ਕਰੋ** : ਕੁਦਰਤ ਦੇ ਨੇੜੇ ਹੋ ਕੇ ਇਸ ਨੂੰ ਸਮਝਣ ਅਤੇ ਮਾਨਣ ਦੀ ਜਾਂਚ ਸਿੱਖੋ।

ਪਰ ਇੱਕ ਗੱਲ ਹਮੇਸ਼ਾ ਯਾਦ ਰੱਖੋ ਕਿ ਆਧੁਨਿਕ ਜ਼ਿੰਦਗੀ ਵਿੱਚ ਕੁਝ ਨਾ ਕੁਝ ਤਣਾਉ ਜ਼ਰੂਰ ਹੋਏਗਾ। ਇਸ ਨਾਲ ਸੁਲਝਣਾ ਸਿੱਖੋ। ਆਮਦਨ ਕਰ (Income Tax) ਵਾਂਗ ਸਾਨੂੰ ਸਭ ਨੂੰ ਆਧੁਨਿਕ ਸੱਭਿਅਤਾ ਦਾ ਇਹ ਤਣਾਉ ਰੂਪੀ ਟੈਕਸ ਕੁਝ ਨਾ ਕੁਝ ਤਾਂ ਜ਼ਰੂਰ ਦੇਣਾ ਪਏਗਾ।

ਸ਼ੋਕ ਸਮਾਚਾਰ

- ਟਾਂਡਾ ਇਕਾਈ ਦੇ ਸਰਗਰਮ ਮੈਂਬਰ ਹਰਦੀਪ ਸਿੰਘ ਖੁੱਡਾ ਦੀ ਮਾਤਾ ਗਿਆਨ ਕੌਰ ਦੀ ਮੌਤ 'ਤੇ ਅਦਾਰਾ ਉਨ੍ਹਾਂ ਦੇ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੁੰਦਾ ਹੈ।
- ਮਾਤਾ ਗਿਆਨ ਕੌਰ ਦੇ ਸ਼ੋਕ ਸਮਾਗਮ 'ਤੇ ਸੁਸਾਇਟੀ ਦੇ ਆਗੂਆਂ ਨੇ ਜਾ ਕੇ ਦੁੱਖ ਪ੍ਰਗਟ ਕੀਤਾ ਅਤੇ ਪਰਿਵਾਰ ਵੱਲੋਂ ਸੁਸਾਇਟੀ ਨੂੰ 3100 ਰੁਪੇ ਸਹਾਇਤਾ ਵਜੋਂ ਦਿੱਤੇ ਗਏ।

ਪਰਦਾਫਾਸ਼

ਢੌਂਗੀ ਨਿਰਮਲ ਬਾਬੇ ਦੀ ਤੀਸਰੀ ਅੱਖ

ਅਦਾਰਾ

ਅੱਜ ਕੱਲ੍ਹ ਨਿਰਮਲ ਬਾਬਾ ਉਸੇ ਮੀਡੀਆ ਦੀਆਂ ਸੁਰਖੀਆਂ ਵਿੱਚ ਹੈ ਜਿਸਨੇ ਇਸ਼ਤਿਹਾਰਬਾਜ਼ੀ ਦੇ ਲਾਲਚ ਨਾਲ ਇਸ ਤੀਜੀ ਅੱਖ ਅਤੇ ਤੀਜੇ ਹੱਥ ਵਾਲੇ ਢੌਂਗੀ ਬਾਬੇ ਨੂੰ ਲਾਈਲੱਗ ਜਨਤਾ ਵਿੱਚ ਸਥਾਪਤ ਕੀਤਾ। 30 ਤੋਂ ਵੱਧ ਰਾਸ਼ਟਰੀ ਚੈਨਲਾਂ, ਤਿੰਨ ਵਿਦੇਸ਼ੀ ਚੈਨਲਾਂ ਤੇ ਇਸ ਬਾਬੇ ਦਾ ਪ੍ਰੋਗਰਾਮ ਚਲਦਾ ਰਿਹਾ ਹੈ। ਆਸਥਾ ਚੈਨਲ ਉੱਪਰ 20 ਮਿੰਟ ਦੇ ਮਾਸਿਕ ਸਵਾ 4 ਲੱਖ + ਟੈਕਸ ਅਦਾ ਹੁੰਦਾ ਰਿਹਾ ਹੈ। ਨੈਟਵਰਕ 18 ਨੇ ਤਾਂ ਬਾਬੇ ਦੇ ਸਮਾਗਮ ਦਾ ਪ੍ਰਸਾਰਣ ਆਪਣੇ ਖਬਰਾਂ ਦੇ ਚੈਨਲਾਂ ਦੇ ਨਾਲ ਨਾਲ ਹਿਸਟਰੀ ਚੈਨਲ ਤੇ ਵੀ ਚਲਾ ਰੱਖਿਆ ਸੀ। ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਬਾਬਾ ਇਸ਼ਤਿਹਾਰਬਾਜ਼ੀ ਦਾ ਲਗਭਗ 17 ਲੱਖ ਰੁਪਏ ਪ੍ਰਤੀ ਮਹੀਨਾ ਚੁਕਾਉਂਦਾ ਰਿਹਾ ਹੈ। ਨਿਧੀ ਨਾਮਕ ਕਲਾਕਾਰ ਦਾ ਕਹਿਣਾ ਹੈ ਕਿ ਸ਼ੁਰੂ ਵਿੱਚ ਬਾਬਾ ਆਪਣੇ ਕਲਾਕਾਰਾਂ ਨਾਲ ਜਾ ਕੇ ਬਕਾਇਦਾ ਪ੍ਰੋਗਰਾਮ ਦੀ ਸ਼ੂਟਿੰਗ ਕਰਕੇ ਕੈਮਰੇ ਦੇ ਟ੍ਰਿਕਾਂ ਨਾਲ ਥੋੜ੍ਹਿਆਂ ਨੂੰ ਬਹੁਤ ਵਿਖਾ ਕੇ ਵੱਖ ਵੱਖ ਚੈਨਲਾਂ 'ਤੇ ਇਸ਼ਤਿਹਾਰਬਾਜ਼ੀ ਕਰਦਾ ਰਿਹਾ ਹੈ। ਇਸੇ ਇਸ਼ਤਿਹਾਰਬਾਜ਼ੀ ਸਦਕਾ ਇਹ ਲੁਟੇਰਾ ਕਰੋੜਾਂ ਰੁਪਏ ਇਕੱਠੇ ਕਰਨ ਵਿੱਚ ਸਫਲ ਹੋ ਕੇ 'ਰਹਿਮਤਾਂ ਵੰਡਣ ਵਾਲੇ ਬਾਬੇ' ਦੇ ਰੂਪ ਵਿੱਚ ਸਾਡੇ ਸਾਹਮਣੇ ਹੈ।

ਨਿਰਮਲਜੀਤ ਸਿੰਘ ਨਰੂਲਾ ਤੋਂ ਨਿਰਮਲ ਬਾਬਾ ਦਾ ਸਫਰ ਤੈਅ ਕਰਦੇ, ਕਿਵੇਂ ਇਸਨੇ ਜ਼ਿੰਦਗੀ ਵਿੱਚ ਵੱਖ ਵੱਖ ਕੰਮਾਂਕਾਰਾਂ ਵਿੱਚ ਫ਼ੇਲ੍ਹ ਹੋਣ ਬਾਅਦ ਆਸਥਾ ਦੇ ਵਪਾਰ ਵਿੱਚ ਪੈਰ ਧਰਿਆ ਅਤੇ ਧਨ ਬਾਹੂਬਲ ਵਿੱਚ ਬੁਲੰਦੀਆਂ ਤੇ ਪਹੁੰਚਿਆ। ਇਸ ਸਬੰਧੀ ਅਹਿਮ ਖੁਲਾਸੇ ਮੀਡੀਆ ਵਿੱਚ ਆ ਚੁੱਕੇ ਹਨ। ਇਸਨੇ ਕਦੇ ਇੱਟਾਂ ਦਾ ਭੱਠਾ ਲਗਾਇਆ, ਕਦੇ ਕਪੜੇ ਦੀ ਦੁਕਾਨ ਕੀਤੀ ਅਤੇ ਕਈ ਹੋਰ ਕੰਮ ਕੀਤੇ, ਸਾਰੇ ਕੰਮਾਂ ਵਿੱਚ ਅਸਫਲ ਰਿਹਾ। ਇਥੋਂ ਤੱਕ ਕਿ ਡਾਲਟਨ ਗੰਜ (ਝਾਰਖੰਡ) ਦੇ ਇੱਕ ਪਰਿਵਾਰ ਨੇ ਜਿਸ ਦੇ ਮਕਾਨ ਵਿੱਚ ਇਹ ਕਿਰਾਏ ਤੇ ਰਹਿੰਦਾ ਸੀ, ਇਹ ਵੀ ਖੁਲਾਸਾ ਕੀਤਾ ਹੈ ਕਿ ਇਹ ਉਨ੍ਹਾਂ ਦਾ 5 ਮਹੀਨਿਆਂ ਦਾ ਕਿਰਾਇਆ ਲੈ ਕੇ ਦੌੜ ਗਿਆ ਸੀ। ਬਿਹਾਰ ਦੇ ਮੰਤਰੀ ਰਹੇ ਅਤੇ ਝਾਰਖੰਡ ਦੇ ਸੰਸਦ ਮੈਂਬਰ ਇੰਦਰ ਸਿੰਘ ਨਾਮਧਾਰੀ ਦਾ ਇਹ ਸਕਾ ਸਾਲਾ ਹੈ। ਸਰਕਾਰੀ ਰਸੂਖ ਵਰਤ ਕੇ ਨਾਮਧਾਰੀ ਨੇ ਇਸਨੂੰ 'ਖਾਨਾਂ' ਦਾ ਕੰਮ ਵੀ ਦਵਾਇਆ, ਪਰ ਫੇਲ। 1984 ਦੇ ਦੰਗਿਆਂ ਸਮੇਂ ਰਾਂਚੀ ਛੱਡ ਕੇ ਇਸ ਨੂੰ ਦਿੱਲੀ ਆਉਣਾ ਪਿਆ ਅਤੇ ਫਿਰ ਸ਼ੁਰੂ ਕੀਤਾ, ਇਸ ਨੇ ਲੋਕਾਂ ਦੇ ਦੁੱਖ ਦੂਰ ਕਰਨ ਦਾ ਪ੍ਰੋਗਰਾਮ। ਕਿਸੇ ਨੂੰ ਲਿਪਸਟਿਕ ਲਗਾ ਕੇ, ਕਿਸੇ ਦਾ ਪੈੱਨ ਬਦਲਾ ਕੇ, ਕਿਸੇ ਤੋਂ ਕੋਈ ਵਿਸ਼ੇਸ਼ ਪੌਦਾ ਲਗਵਾ ਕੇ, ਪਰਸ ਖੁੱਲ੍ਹੇ ਰਖਵਾ ਕੇ, ਗੋਲਗੱਪੇ ਖਵਾ ਕੇ, ਪੂਜਾ ਸਥਾਨ ਵਿੱਚ ਅਤੇ ਮ੍ਰਿਤਕ ਬਜ਼ੁਰਗਾਂ ਦੀਆਂ ਉਲਟੀਆਂ ਤਸਵੀਰਾਂ ਲਟਕਾ ਕੇ ਆਦਿ ਰਾਹੀਂ 'ਰਹਿਮਤਾਂ ਵੰਡਣ ਵਾਲਾ' ਇਹ ਬਾਬਾ ਹੁਣ ਇਨਕਮ ਟੈਕਸ ਵਿਭਾਗ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਘੇਰੇ ਵਿੱਚ ਜਾਂਚ ਦਾ ਸ਼ਿਕਾਰ ਹੋ ਕੇ ਖੁਦ ਪੁੱਠਾ ਲਟਕ ਰਿਹਾ ਹੈ।

ਲਖਨਊ ਵਿਖੇ ਗੋਮਤੀ ਨਗਰ ਵਿੱਚ 16 ਸਾਲਾ ਤਨਿਆ ਕਪੂਰ, 13 ਸਾਲਾ ਆਦਿਤਿਆ ਨੇ ਪੁਲਿਸ ਕੋਲ ਇਸ ਦੇ ਖਿਲਾਫ਼ ਸ਼ਿਕਾਇਤ ਦਰਜ ਕਰਵਾਈ। ਪੁਲਿਸ ਵੱਲੋਂ ਮੁਕੱਦਮਾ ਨਾ ਦਰਜ ਕਰਨ ਤੇ ਉਹ ਅਦਾਲਤ ਪਹੁੰਚੇ। ਮਾਮਲਾ ਅਦਾਲਤ ਅਧੀਨ ਹੈ। ਰਵੀ ਸ਼ੰਕਰ ਯੂਨੀਵਰਸਿਟੀ ਦੇ ਵਿਦਿਆਰਥੀ ਤੇ ਸੰਘ ਦੇ ਪ੍ਰਧਾਨ ਜੋਗਿੰਦਰ ਸ਼ੰਕਰ ਸ਼ੁਕਲਾ ਨੇ ਲੋਕਾਂ ਨੂੰ ਲੁੱਟਣ ਦੇ ਦੋਸ਼ ਅਧੀਨ ਇਸ ਖਿਲਾਫ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਭੇਜੀ ਹੈ। ਛਤੀਸ਼ਗੜ੍ਹ, ਯੂ.ਪੀ. ਦੇ ਦੋ ਵੱਖ ਵੱਖ ਥਾਣਿਆਂ ਵਿੱਚ ਮਾਮਲੇ ਦਰਜ ਹੋ ਚੁੱਕੇ ਹਨ। ਇਹ ਬਾਬਾ ਜਾਅਲੀ ਚੈੱਕ ਮਾਮਲੇ ਵਿੱਚ ਘਿਰ ਚੁੱਕਾ ਹੈ। ਕਈ ਥਾਂ ਤੇ ਇਸ ਖਿਲਾਫ ਰੋਸ਼ ਪ੍ਰਦਰਸ਼ਨ ਹੋਏ ਹਨ ਅਤੇ ਲੋਕਾਂ ਨੇ ਰਸਤੇ ਜਾਮ ਕੀਤੇ ਹਨ। ਕਾਨਪੁਰ ਵਿੱਚ ਇਸਦਾ ਪੁਤਲਾ ਵੀ ਫੂਕਿਆ ਗਿਆ ਹੈ। ਰਾਏਪੁਰ ਦੇ ਐਸ.ਐਸ.ਸੀ.ਪੀ. ਨੇ ਇਸਨੂੰ ਨੋਟਿਸ ਜਾਰੀ ਕੀਤਾ ਹੈ। ਜਨਤਾ ਜਾਗੀ ਹੈ, ਆਰੰਭ ਹੋਇਆ ਹੈ ਇਕ ਵਧੀਆ ਪ੍ਰਸ਼ੰਸ਼ਾਯੋਗ ਸ਼ੁਰੂਆਤ ਦਾ।

ਆਪਣੇ ਕੋਲ ਰਹੱਸਮਈ ਤਾਕਤਾਂ ਹੋਣ ਦਾ ਦਾਅਵਾ ਕਰਨ ਵਾਲੇ ਅਤੇ ਖੁਦ ਨੂੰ ਭਗਵਾਨ ਦੇ ਤੌਰ ਤੇ ਸਥਾਪਤ ਕਰਨ ਵਾਲੇ ਇਸ ਦੰਭੀ ਦੀ ਸਲਾਨਾ ਇਨਕਮ ਟੈਕਸ ਦੀ ਟਰਨ ਆਵਰ 238 ਕਰੋੜ ਰੁਪਏ ਹੈ। ਜੋ ਇਸਨੇ ਖੁਦ ਮੀਡੀਆ ਵਿੱਚ ਮੰਨੀ ਹੈ। (ਬਾਬਾ ਅਤੇ ਟਰਨ ਆਵਰ.........?) ਆਪਣੀ ਸਭਾ ਵਿੱਚ ਸ਼ਾਮਿਲ ਹੋਣ ਤੇ ਪ੍ਰਤੀ ਵਿਅਕਤੀ ਇਸਨੇ 2000 ਰੁਪਏ ਦੀ ਟਿਕਟ ਰੱਖੀ ਹੋਈ ਹੈ। ਵਿਅਕਤੀਗਤ ਤੌਰ ਤੇ ਮਿਲਣ ਤੇ 10000 ਰੁਪਏ ਲੈਂਦਾ ਹੈ ਅਤੇ ਦਸਵੰਧ ਵੱਖਰਾ। ਦੋ ਖਾਤੇ ਇਸਨੇ ਖੋਲੇ ਹੋਏ ਹਨ, ਇਕ ਨਿਰਮਲ ਦਰਬਾਰ ਦੇ ਨਾਂ ਤੇ, ਦੂਜਾ ਆਪਣੇ ਨਾਂ ਤੇ (1546000102129694) ਤੇ। ਪਹਿਲਾ ਰਾਸ਼ੀ ਭਗਤਾਂ ਤੋਂ ਨਿਰਮਲ ਦਰਬਾਰ ਦੇ ਖਾਤੇ ਵਿੱਚ ਜਾਂਦੀ ਹੈ ਤੇ ਫਿਰ ਤਬਦੀਲ ਹੁੰਦੀ ਹੈ ਬਾਬੇ ਦੇ ਨਿੱਜੀ ਖਾਤੇ ਵਿੱਚ। ਆਪਣੀ ਪਤਨੀ ਨੂੰ ਉਸਨੇ ਆਪਣਾ Nominee ਬਣਾਇਆ ਹੋਇਆ ਹੈ। ਨਿੱਜੀ ਖਾਤੇ ਵਿੱਚ 4 ਮਹੀਨਿਆਂ ਵਿੱਚ 123 ਕਰੋੜ ਰੁਪਏ ਜਮ੍ਹਾਂ ਹੋਏ ਹਨ। ਨਿਰਮਲ

ਦਰਬਾਰ ਦੀ ਰੋਜਾਨਾ ਔਸਤਨ ਆਮਦਨ 1.11 ਕਰੋੜ ਰੁਪਏ ਹੈ। ਬਾਬੇ ਨੇ ਬੈਂਕ ਵਿੱਚ 9 ਜਨਵਰੀ ਨੂੰ 20 ਕਰੋੜ ਅਤੇ 11 ਜਨਵਰੀ ਨੂੰ 5 ਕਰੋੜ ਰੁਪਏ ਫਿਕਸਡ ਡਿਪਾਜ਼ਿਟ ਕਰਵਾਏ। ਬੈਂਕ ਵਿੱਚ ਜਮ੍ਹਾਂ ਰਕਮ ਤੋਂ ਇਸਨੂੰ 85.77 ਲੱਖ ਰੁਪਏ ਮਿਲੇ। ਦਿਲੀ ਦੇ ਗਰੇਟਰ ਕੈਲਾਸ਼ ਏਰੀਏ ਵਿੱਚ ਬਾਬੇ ਨੇ 'ਅਕਸ਼ਰਾ ਹੋਟਲ' ਖਰੀਦਿਆ ਜਿਸਤੇ ਹੁਣ 'ਨਿਰਮਲ 'ਬੁਟਿਕ ਹੋਟਲ' ਦਾ ਬੋਰਡ ਲੱਗਿਆ ਹੋਇਆ ਹੈ। ਦਿੱਲੀ ਵਿੱਚ ਉਸਨੇ 2-2 ਕਰੋੜ ਰੁਪਏ ਦੇ 2 ਫਲੈਟ ਖਰੀਦੇ ਹਨ। ਇਹ ਹਨ – ਉਸ ਵੱਲੋਂ ਇਕੱਠੇ ਕੀਤੇ ਧਨ – ਅੰਬਾਰ ਦੇ ਕੁਝ ਅੰਸ਼ ਅਤੇ ਬਾਕੀ ਜਾਂਚ ਜਾਰੀ ਹੈ।

ਮੁਜ਼ੱਫਰਪੁਰ ਦੇ ਇੱਕ ਵਕੀਲ ਸੁਧੀਰ ਕੁਆਰ ਓਝਾ ਨੇ ਬਾਬੇ ਵਿਰੁੱਧ 35 ਚੈਨਲਾਂ ਰਾਹੀਂ ਝੂਠਾ ਪ੍ਰਚਾਰ ਕਰਨ, ਲੋਕਾਂ ਤੋਂ 238 ਕਰੋੜ ਰੁਪਏ ਠੱਗਣ ਦੇ ਇਲਜ਼ਾਮ ਅਧੀਨ ਮੁਕੱਦਮਾ ਦਰਜ ਕਰਾਇਆ ਹੈ। ਸੀ.ਜੀ.ਐੱਮ. ਨੇ ਜੁਡੀਸ਼ੀਅਲ ਮੈਜਿਸਟਰੇਟ ਰੰਜੂਲਾ ਭਾਰਤੀ ਨੂੰ ਇਸ ਮਾਮਲੇ ਦੀ ਪੜਤਾਲ ਦੇ ਹੁਕਮ ਦਿੱਤੇ ਹਨ। ਮੇਰਠ ਅਦਾਲਤ ਵਿੱਚ ਇੱਕ ਵਿਅਕਤੀ ਹਰੀਸ਼ਵੀਰ ਸਿੰਘ ਨੇ ਇਸਤਗਾਸਾ ਦਾਇਰ ਕੀਤਾ ਹੈ। ਜਿਸ ਵਿੱਚ ਉਸਨੇ ਕਿਹਾ ਹੈ ਕਿ ਬਾਬੇ ਨੇ ਉਸਦੇ ਕਸ਼ਟਾਂ ਦੇ ਹੱਲ ਲਈ ਉਸਨੂੰ ਖੀਰ ਖਾਣ ਦਾ ਸੁਝਾਅ ਦਿੱਤਾ ਪਰ ਉਹ ਖੀਰ ਖਾ ਕੇ ਬਿਮਾਰ ਹੋ ਗਿਆ।

ਆਪਣੀ ਵੈੱਬਸਾਈਟ ਤੇ ਨਿਰਮਲ ਬਾਬਾ ਆਪਣੇ ਕੋਲ 'ਤੀਸਰੀ ਅੱਖ' ਅਤੇ '6 ਗਿਆਨ ਇੰਦਰੀਆਂ' ਹੋਣ ਦਾ ਦਾਅਵਾ ਕਰਦੈ। ਦਰਬਾਰ ਲਗਾ ਕੇ ਸੱਜੇ ਹੱਥ ਵਿੱਚ ਨਕਲੀ ਤੀਜਾ ਹੱਥ ਫੜ ਕੇ ਨਿਆਮਤਾਂ ਵੰਡਦਾ ਹੈ। ਕਿਸੇ ਵੀ ਸ਼ਹਿਰ ਜਾਣ ਤੋਂ 1 ਮਹੀਨਾ ਪਹਿਲਾਂ ਇੱਕ ਟੀਮ ਉੱਥੇ ਜਾ ਕੇ ਮਾਰਕੀਟਿੰਗ ਦਾ ਕੰਮ ਸੰਭਾਲਦੀ ਹੈ। ਕ੍ਰਿਕਟ ਖਿਡਾਰੀ ਯੁਵਰਾਜ ਸਿੰਘ ਦੇ ਠੀਕ ਹੋਣ ਲਈ ਦੁਆ ਦੇ ਇਸ ਬਾਬੇ ਨੇ ਯੁਵਰਾਜ ਦੀ ਮਾਂ ਸ਼ਬਨਮ ਸਿੰਘ ਤੋਂ 20 ਲੱਖ ਰੁਪਏ ਠੱਗੇ ਹਨ ਅਤੇ ਅੰਤ ਵਿੱਚ ਉਨ੍ਹਾਂ ਨੇ ਇਸ ਢੌਂਗੀ ਦਾ ਖਹਿੜਾ ਛੱਡਿਆ ਅਤੇ ਇਲਾਜ ਕਰਵਾਇਆ। ਇਸਨੇ ਹਰ ਮਿਲਣੀ ਦੇ ਉਨ੍ਹਾਂ ਤੋਂ 20 ਹਜਾਰ ਰੁਪਏ ਲਏ। ਇੱਕ ਰਜਿਸਟਰਡ ਭਗਤ (ਲੇਖੂ ਰਾਮ) ਇਸ ਬਾਬੇ ਕੋਲ ਪੈਸੇ ਵਾਪਸੀ ਲਈ ਆਇਆ ਤਾਂ ਇਸ ਦੇ ਭਾੜੇ ਦੇ ਟੱਟੂਆਂ ਨੇ ਉਸਨੂੰ ਇੱਕ ਕਮਰੇ ਵਿੱਚ ਲਿਜਾਕੇ ਖੂਬ ਕੁਟਾਪਾ ਚਾੜ੍ਹਿਆ। ਸੰਗਤ ਸਾਹਮਣੇ ਆ ਕੇ ਉਹ ਦਰਦ ਨਾਲ ਤੜਪ ਰਿਹਾ ਸੀ। ਭਾਵ ਬਾਬੇ ਨੇ ਸਾਰਿਆਂ ਨੂੰ ਅਗਾਊਂ ਸੂਚਨਾ ਦੇ ਦਿੱਤੀ ਕਿ ਪੈਸੇ ਵਾਪਿਸ ਮੰਗਣ ਤੇ ਇਸ ਤਰ੍ਹਾਂ ਵੀ ਹੋ ਸਕਦਾ ਹੈ। ਹੈ ਨਾ ਬਾਬਾ ਲੱਠ ਮਾਰ।

ਨਿਰਮਲ ਬਾਬਾ ਵੱਲੋਂ ਫੈਲਾਏ ਜਾ ਰਹੇ ਅੰਧ ਵਿਸ਼ਵਾਸ਼ ਅਤੇ ਕੀਤੀ ਜਾ ਰਹੀ ਲੁੱਟ ਖਿਲਾਫ 'ਮੀਡੀਆ ਦਰਬਾਰ' ਨੇ ਮੁਹਿੰਮ ਛੇੜੀ ਹੈ। ਹੁਣ ਇਹ ਮੁਹਿੰਮ ਜੋਰ ਫੜ ਰਹੀ ਹੈ। ਸਾਹਮਣੇ ਆਇਆ ਹੈ – ਨਿਰਮਲ ਬਾਬਾ ਇੱਕ ਦਿਨ ਵਿੱਚ 4 ਕਰੋੜ ਰੁਪਏ ਤੋਂ ਵੀ ਜ਼ਿਆਦਾ ਕਮਾਉਂਦਾ ਰਿਹਾ ਹੈ। ਅਜੀਬ ਅਜੀਬ ਉਪਾਅ ਦੱਸ ਕੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਾਲਾ ਇਹ ਬਾਬਾ ਹੁਣ ਖੁਦ ਮੁਸੀਬਤ ਵਿੱਚ ਹੈ। ਉਹ ਵੱਖ ਹੈ ਕਿ ਪੈਸੇ ਦੇ ਜ਼ੋਰ ਨਾਲ ਇਹ ਨਿਕੰਮੇ ਪ੍ਰਬੰਧ ਵਿੱਚੋਂ ਉਸਨੇ ਸਾਫ ਬਚਕੇ ਨਿਕਲ ਜਾਣਾ ਹੈ। ਪਰ ਇਸਦਾ ਬੇਪਰਦ ਹੋਣਾ ਉਨ੍ਹਾਂ ਲੋਕਾਂ ਲਈ ਇਕ ਸਬਕ ਜ਼ਰੂਰ ਹੈ ਜੋ ਬਿਨ੍ਹਾਂ ਕੁਝ ਸੋਚੇ ਵਿਚਾਰੇ ਅੰਨ੍ਹੀ ਸ਼ਰਧਾ ਵਸ ਇਨ੍ਹਾਂ ਲੁਟੇਰਿਆਂ ਦੇ ਚੁੰਗਲ ਵਿੱਚ ਫਸਕੇ ਆਪਣੀ ਆਰਥਿਕ, ਮਾਨਸਿਕ ਅਤੇ ਸ਼ਰੀਰਕ ਲੁੱਟ ਕਰਵਾਉਂਦੇ ਹਨ।

'ਹਿੰਦੂ ਉਤਥਾਨ ਪ੍ਰੀਸ਼ਦ' ਨੇ ਆਪਣੇ ਲੁਕਵੇਂ ਏਜੰਡੇ ਅਧੀਨ ਬਾਬੇ ਖਿਲਾਫ ਰੋਸ਼ ਪ੍ਰਦਰਸ਼ਨਾਂ ਦੀ ਲੜੀ ਆਰੰਭ ਹੋਈ ਹੈ। ਉਹ ਬਾਬੇ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਕਹਿੰਦੇ ਹਨ ਕਿ ਇਨ੍ਹਾਂ ਬਾਬਿਆਂ ਨੇ ਲੋਕਾਂ ਦੀ ਹਿੰਦੂ ਧਰਮਾਂ ਵਿੱਚ ਆਸਥਾ ਘਟਾਈ ਹੈ। ਨਿਰਮਲ ਬਾਬਾ ਅਤੇ ਹੋਰ ਬਾਬਿਆਂ ਦਾ ਧਨ ਜਬਤ ਕਰਕੇ ਹਿੰਦੂ ਮੰਦਰਾਂ ਤੇ ਲਗਾਉਣਾ ਚਾਹੀਦਾ ਹੈ। ਜਨਤਾ ਨੂੰ ਇਸ ਗੁਪਤ, ਭਿਆਨਕ, ਫਾਸੀਵਾਦੀ ਚਾਲ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ।

ਨੇਤਰ ਪ੍ਰਦਾਨੀ ਗੁਰਦੇਵ ਸਿੰਘ ਨੰਬਰਦਾਰ

ਗੁਰਦੇਵ ਸਿੰਘ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਰਿਆਸਤੀ ਸ਼ਹਿਰ ਮਲੇਰਕੋਟਲਾ ਦੇ ਨੇੜਲੇ ਪਿੰਡ ਝੁਨੇਰ ਵਿਖੇ 1944 'ਚ ਪਿਤਾ ਨਰੈਣ ਸਿੰਘ ਅਤੇ ਮਾਤਾ ਕਿਸ਼ਨ ਕੌਰ ਦੇ ਘਰ ਹੋਇਆ। ਮੈਟ੍ਰਿਕ ਤੱਕ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਆਪ ਖੇਤੀਬਾੜੀ ਨਾਲ ਜੁੜ ਗਏ। ਸ਼ਾਦੀ ਮਲਕੀਤ ਕੌਰ ਨਾਲ ਹੋਈ। ਆਪ ਦੇ ਦੋ ਬੇਟੀਆਂ –ਰਜਿੰਦਰ ਕੌਰ, ਮਨਪ੍ਰੀਤ ਕੌਰ ਅਤੇ ਬੇਟਾ ਬੁੱਧਪਾਲ ਹਨ। ਆਪ ਸ਼ੁਰੂ ਤੋਂ ਹੀ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਸਨ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਨਾਲ ਜੁੜਕੇ ਜੀਵਨ ਦੇ ਅੰਤਮ ਪਲਾਂ ਤੱਕ ਲੋਕਾਂ ਨੂੰ ਚੇਤੰਨ ਕਰਨ ਲਈ ਅਗਾਂਹਵਧੂ ਸਰਗਰਮੀਆਂ ਕਰਦੇ ਰਹੇ। ਸੰਦੌੜ ਇਕਾਈ ਦੇ ਆਪ ਆਹੁਦੇਦਾਰ ਵੀ ਰਹੇ। ਸ਼ਰੀਰ ਪ੍ਰਦਾਨ, ਨੇਤਰ ਪ੍ਰਦਾਨ ਖੇਤਰ ਵਿੱਚ ਆਪ ਨੇ ਵੱਧ ਚੜ੍ਹਕੇ ਕੰਮ ਕੀਤਾ ਅਤੇ ਆਪਣੀ ਵਸੀਅਤ ਵੀ ਕੀਤੀ। 23 ਮਾਰਚ 2012 ਨੂੰ ਆਪ ਦੀ ਅਚਾਨਕ ਮੌਤ ਹੋ ਗਈ। ਮਰਨ ਉਪਰੰਤ ਪਰਿਵਾਰ ਵੱਲੋਂ ਤਰਕਸ਼ੀਲ ਸਨੇਹੀਆਂ ਦੇ ਸਹਿਯੋਗ ਨਾਲ ਆਪ ਦੀਆਂ ਦੋਵੇਂ ਅੱਖਾਂ ਪੁਨਰਜੋਤ ਆਈ. ਬੈਂਕ ਸੁਸਾਇਟੀ ਲੁਧਿਆਣਾ ਨੂੰ ਪ੍ਰਦਾਨ ਕੀਤੀਆਂ ਗਈਆਂ। ਤਰਕਸ਼ੀਲ ਸੁਸਾਇਟੀ ਪੰਜਾਬ ਆਪ ਦੀ ਮੌਤ ਤੇ ਦੁੱਖ ਪ੍ਰਗਟ ਕਰਦੀ ਹੋਈ ਤਕਰਸ਼ੀਲਤਾ ਦੇ ਮਿਸ਼ਨ ਨੂੰ ਅੱਗੇ ਲਿਜਾਣ ਲਈ ਆਪ ਜੀ ਦੇ ਪਾਏ ਯੋਗਦਾਨ ਨੂੰ ਯਾਦ ਕਰਦੀ ਹੈ।

ਰਣਜੀਤ ਝੁਨੇਰ, 98156-07717

ਮੇਰਾ ਸਫਰ

ਜਸਵੀਰ ਮੋਰੋਂ
94172-62838



ਮਨੁੱਖ ਬਚਪਨ ਤੋਂ ਲੈ ਕੇ ਸਾਰੀ ਉਮਰ ਸਿਖਦਾ ਹੀ ਰਹਿੰਦਾ ਹੈ। ਉਸਦੇ ਆਲੇ ਦੁਆਲੇ ਦਾ ਮਾਹੌਲ ਉਹਦੀ ਸੋਚ, ਸਮਝ ਦੀ ਦਸ਼ਾ ਅਤੇ ਦਿਸ਼ਾ ਤੈਅ ਕਰਨ ਵਿੱਚ ਵਿਸ਼ੇਸ਼ ਰੋਲ ਅਦਾ ਕਰਦਾ ਹੈ। ਜ਼ਿੰਦਗੀ ਵਿੱਚ ਵਿਚਰਦਿਆਂ ਕੋਈ ਘਟਨਾ ਜਾਂ ਹਾਲਤ ਗੈਰ ਵਿਗਿਆਨਕ ਧਾਰਨਾਵਾਂ ਪ੍ਰਤੀ ਪਹਿਲਾਂ ਬਣੇ ਸੰਕਲਪ ਨੂੰ ਰੱਦ ਕਰਨ ਦਾ ਵਸੀਲਾ ਬਣ ਜਾਂਦਾ ਹੈ। ਜਿਸ ਤਰ੍ਹਾਂ ਤਰਕਸ਼ੀਲ ਲਹਿਰ ਦੇ ਸੰਪਰਕ ਵਿੱਚ ਆਉਣ ਵਾਲੇ ਸਾਥੀਆਂ ਦੀਆਂ ਆਤਮਾ, ਪ੍ਰਮਾਤਮਾ, ਸਵਰਗ, ਨਰਕ, ਪੁਨਰ ਜਨਮ, ਭੂਤ ਪ੍ਰੇਤ ਪ੍ਰਤੀ ਬਣੀਆਂ ਪਹਿਲੀਆਂ ਧਾਰਨਾਵਾਂ ਟੁੱਟ ਚੁੱਕੀਆਂ ਹਨ। ਇੱਕ ਨਵੀਂ ਵਿਗਿਆਨਕ ਸੋਚ ਸਮਝ ਦਾ ਹਿੱਸਾ ਬਣ ਚੁੱਕੀ ਹੈ। ਜੋ ਹਰ ਵਰਤਾਰੇ ਨੂੰ ਤਰਕ ਦੀ ਕਸੌਟੀ ਤੇ ਪਰਖਣ ਦੀ ਯੋਗਤਾ ਰੱਖਦੀ ਹੈ। ਮੇਰੇ ਜੀਵਨ ਵਿੱਚ ਵੀ ਤਰਕਸ਼ੀਲ ਲਹਿਰ ਦੇ ਸੰਪਰਕ ਵਿੱਚ ਆਉਣ ਦਾ ਇੱਕ ਸਬੱਬ ਬਣਿਆ ਤੇ ਫਿਰ ਮੈਂ ਇਸ ਲਹਿਰ ਦਾ ਹਿੱਸਾ ਬਣ ਗਿਆ।

ਮੇਰਾ ਪਰਿਵਾਰ 'ਨਾਮਧਾਰੀ ਡੇਰੇ' ਦਾ ਪੈਰੋਕਾਰ ਹੈ। ਮੈਂ ਵੀ ਬਾਕੀ ਪਰਿਵਾਰ ਨਾਲ ਉੱਥੇ ਜਾਂਦਾ ਹੁੰਦਾ ਸੀ। ਜਿੱਥੇ ਹਰ ਨਵੇਂ ਬੱਚੇ ਨੂੰ 'ਨਾਮਦਾਨ' ਉਸ ਦੇ ਕੰਨ ਵਿੱਚ ਦੱਸ ਦਿੱਤਾ ਜਾਂਦਾ ਹੈ। ਭਾਵੇਂ ਉਹ ਇੱਕ ਦਿਨ ਦਾ ਹੀ ਹੋਵੇ। ਇਸ ਡੇਰੇ ਤੇ ਜਾਤ ਪਾਤ ਦੇ ਅਧਾਰ ਤੇ ਭੇਦਭਾਵ ਕੀਤਾ ਜਾਂਦਾ ਹੈ। ਜਿਸ ਦੀਆਂ ਕਈ ਘਟਨਾਵਾਂ ਮੇਰੇ ਸਾਹਮਣੇ ਵਾਪਰੀਆਂ ਅਤੇ ਖ਼ੁਦ ਨੂੰ ਵੀ ਕਈ ਵਾਰੀ ਜਾਤੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਪ੍ਰੰਤੂ ਅੰਨ੍ਹੀ ਸ਼ਰਧਾ ਵੱਸ ਉੱਥੇ ਕੋਈ ਬੋਲਣ ਦੀ ਹਿੰਮਤ ਨਹੀਂ ਕਰਦਾ। ਅੱਜ ਵੀ ਇਸ ਡੇਰੇ ਦੇ ਪੈਰੋਕਾਰ ਆਪਸ ਵਿੱਚ ਜਾਤ ਪਾਤ ਤੇ ਅਧਾਰਤ ਊਚ ਨੀਚ, ਸੁੱਚ ਭਿੱਟ ਕਰਦੇ ਵੇਖੇ ਜਾ ਸਕਦੇ ਹਨ। ਪ੍ਰੰਤੂ ਫਿਰ ਵੀ ਲੋਕ ਜਲਾਲਤ ਸਹਿ ਕੇ ਵੀ ਮਗਰ ਮਗਰ ਤੁਰੇ ਫਿਰਦੇ ਹਨ, ਆਪਣੇ ਦੁੱਖਾਂ ਦੀ ਖਲਾਸੀ ਕਰਵਾਉਣ ਲਈ।

ਮੈਂ ਵੀ ਹੋਰਨਾਂ ਵਾਂਗ ਪਾਠ ਕਰਨ, ਮਾਲਾ ਫੇਰਨ ਦਾ ਕਾਰਜ ਰੋਜ਼ਾਨਾ ਦੋਨੋਂ ਵੇਲੇ ਕਰਦਾ ਹੁੰਦਾ ਸੀ। ਮੈਨੂੰ ਸਕੂਲ ਸਿਲੇਬਸ ਦੀਆਂ ਕਿਤਾਬਾਂ ਤੋਂ ਇਲਾਵਾ ਵੀ ਪੜ੍ਹਨ ਦਾ ਸ਼ੌਂਕ ਸੀ। ਪਹਿਲਾਂ ਪਹਿਲ 'ਸਮਰਾਟ' ਅਤੇ 'ਹਾਣੀ' ਵਰਗੇ ਰਸਾਲੇ ਅਤੇ ਅਖਬਾਰ ਲਗਾਤਾਰਤਾ ਨਾਲ ਪੜ੍ਹਦਾ ਰਿਹਾ ਹਾਂ। ਕਾਲਜ ਜਾਣ ਤੋਂ ਬਾਅਦ ਧਾਰਮਿਕ ਰੁਚੀਆਂ ਅਤੇ ਡੇਰੇ ਜਾਣ ਦਾ ਸਬਬ ਰੁਝੇਵਿਆਂ ਕਾਰਨ ਘਟਦਾ ਗਿਆ। ਜਦੋਂ ਮੈਂ ਸਰਕਾਰੀ ਨੌਕਰੀ ਤੇ ਮੁਕੰਦਪੁਰ ਡਿਊਟੀ ਕਰਦਾ ਸਾਂ ਤਾਂ ਮੇਰੇ ਇੱਕ ਸਾਥੀ ਕਮਲਜੀਤ ਨੇ ਨਵਾਂ ਸ਼ਹਿਰ ਵਿਖੇ ਨਾਟਕ ਦੇਖਣ ਜਾਣ ਲਈ ਕਿਹਾ। ਇਹ ਪ੍ਰੋਗਰਾਮ ਰਾਤ ਦੇ ਸਮੇਂ ਦਾ ਸੀ। ਮੈਂ ਇਹ ਪ੍ਰੋਗਰਾਮ ਦੇਖਣ ਲਈ ਸਹਿਮਤ ਹੋ ਗਿਆ। ਮਿੱਥੇ ਸਮੇਂ ਤੇ ਨਾਟਕ ਦੇਖਣ ਪਹੁੰਚ ਗਿਆ। ਇੱਥੇ ਨਾਟਕ 'ਸਾੜ੍ਹਸਤੀ' ਖੇਡਿਆ ਗਿਆ ਅਤੇ ਕੁੱਝ ਜਾਦੂ ਦੇ ਟ੍ਰਿਕ ਵੀ ਵਿਖਾਏ ਗਏ। ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ ਸ੍ਰੀ ਬਲਵਿੰਦਰ ਬਰਨਾਲਾ ਅਤੇ ਸੋਮਾ ਸਬਲੋਕ ਸਨ। ਇੱਥੋਂ ਮੈਂ ਦੋ ਕਿਤਾਬਾਂ 'ਆਤਮਾ ਅਤੇ ਪੁਨਰਜਨਮ' ਅਤੇ 'ਰੌਸ਼ਨੀ' ਖਰੀਦ ਕੇ ਲਿਆਇਆ। ਇਸ ਮੌਕੇ ਤਰਕਸ਼ੀਲ ਮੈਗਜ਼ੀਨ ਦਾ ਚੰਦਾ ਵੀ ਭਰਿਆ। 'ਆਤਮਾ ਅਤੇ ਪੁਨਰਜਨਮ' ਪੁਸਤਕ ਪੜ੍ਹਨ ਤੋਂ ਬਾਅਦ ਆਤਮਾ ਅਤੇ ਪ੍ਰਮਾਤਮਾ ਸਬੰਧੀ ਪਹਿਲਾਂ ਬਣਿਆ ਸੰਕਲਪ ਬਿਲਕੁਲ ਹੀ ਰੱਦ ਹੋ ਗਿਆ। ਇਕ ਨਵਾਂ ਸਪਸ਼ਟ ਨਜ਼ਰੀਆ ਬਣ ਗਿਆ। ਰੌਸ਼ਨੀ ਕਿਤਾਬ ਨੇ ਵੀ ਵੱਖ ਵੱਖ ਪੱਖਾਂ ਤੋਂ ਵਿਚਾਰਾਂ ਨੂੰ ਰੌਸ਼ਨ ਕਰਨ ਵਿੱਚ ਚੰਗਾ ਯੋਗਦਾਨ ਪਾਇਆ। ਜਦ ਤੋਂ (ਲਗਭਗ 1995 ਤੋਂ) ਲੈ ਕੇ ਹੁਣ ਤੱਕ ਮੈਂ ਤਰਕਸ਼ੀਲ ਮੈਗਜ਼ੀਨ ਦਾ ਪੱਕਾ ਪਾਠਕ ਬਣਿਆ ਹੋਇਆ ਹਾਂ। ਇਸ ਤੋਂ ਇਲਾਵਾ ਤਰਕਸ਼ੀਲ ਪੁਸਤਕਾਂ ਅਤੇ ਹੋਰ ਸਾਹਿਤ ਪੜ੍ਹਨ ਦੀ ਪ੍ਰਕਿਰਿਆ ਜ਼ਾਰੀ ਹੈ। ਜਿਹਨਾਂ ਸਦਕਾ ਸਮਾਜਿਕ, ਧਾਰਮਿਕ, ਰਾਜਨੀਤਿਕ ਭਾਵ ਸਮਾਜ ਦੇ ਵੱਖ ਵੱਖ ਖੇਤਰਾਂ ਅਤੇ ਨਿੱਤ ਦੀਆਂ ਮੁਸ਼ਕਿਲਾਂ ਤੇ ਉਹਨਾਂ ਦੇ ਹੱਲ ਪ੍ਰਤੀ ਇੱਕ ਸਪੱਸ਼ਟ ਨਜ਼ਰੀਆ ਬਣਿਆ ਹੈ। ਹੁਣ ਤੱਕ ਮੈਂ ਲਗਭਗ 700 ਤੋਂ ਵੱਧ ਪੁਸਤਕਾਂ ਪੜ੍ਹ ਚੁਕਾ ਹਾਂ। ਪੜ੍ਹਨ ਦੀ ਰੁਚੀ ਓਨੀ ਹੀ ਬਰਕਰਾਰ ਹੈ। ਇਸਦੇ ਨਾਲ ਨਾਲ ਲਿਖਣ ਦਾ ਸਬੱਬ ਵੀ ਬਣਿਆ ਹੈ। ਮੈਂ ਹੁਣ ਤੱਕ ਤਿੰਨ ਪੁਸਤਕਾਂ 'ਜੋ ਬੋਲੇ ਸੋ ਨਿਰਭੈਅ', 'ਨਾਮ ਬਨਾਮ ਨਾਮ', 'ਯਤਨ ਜਾਰੀ ਹੈ' ਰਾਹੀਂ ਆਪਣੇ ਵਿਚਾਰ ਪਾਠਕਾਂ ਤੱਕ ਲੈ ਕੇ ਗਿਆ ਹਾਂ। ਜਿਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਹਨਾਂ ਪੁਸਤਕਾਂ ਦੇ ਸਦਕੇ ਹੀ ਮੈਨੂੰ ਤਰਕਸ਼ੀਲ ਮੈਗਜ਼ੀਨ ਮਿਲਿਆ ਹੈ। ਇਹਨਾਂ ਪੁਸਤਕਾਂ ਦੇ ਸਕਦੇ ਹੀ ਮੈਨੂੰ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕੀ ਬੋਰਡ ਦਾ ਮੈਂਬਰ ਬਨਣ ਦਾ ਮਾਣ ਪ੍ਰਾਪਤ ਹੋਇਆ ਹੈ।

ਤਰਕ ਤੇ ਪਾਖੰਡ ਆਹਮੋ-ਸਾਹਮਣੇ

ਜੋਤਿਸ਼ ਜਾਲ ਹੋਇਆ ਤਾਰ-ਤਾਰ

ਦੁਨੀਆਂ ਮੰਦਰ ਜਦ ਕਦੇ ਵੀ ਤਰਕ ਅਤੇ ਪਾਖੰਡ ਆਹਮੋ ਸਾਹਮਣੇ ਹੋਏ ਹਨ ਤਾਂ ਨਤੀਜਨ ਜਿੱਤ ਤਰਕ ਦੀ ਹੀ ਹੋਈ ਹੈ। ਇਸ ਵਾਰ ਵੀ ਇਸੇ ਤਰ੍ਹਾਂ ਹੀ ਵਾਪਰਿਆ। ਇੱਕ ਜੋਤਸ਼ੀ ਜੀ ਮਹਾਰਾਜ ਦਾ ਸਾਹਮਣਾ ਇਕਾਈ ਗੁਰੂ ਹਰਸਹਾਏ ਦੇ ਅਹੁਦੇਦਾਰਾਂ ਤੇ ਮੈਂਬਰਾਂ ਨਾਲ ਹੋਇਆ। ਤਰਕ ਦੇ ਛੱਡੇ ਬਾਣਾਂ ਰਾਹੀਂ ਜੰਤਰੀ ਅਤੇ ਗ੍ਰਹਿਆਂ ਦੀ ਮੱਦਦ ਨਾਲ ਬੁਣਿਆ ਜੋਤਿਸ਼ੀ ਜੀ ਦਾ 'ਜੋਤਿਸ਼ ਜਾਲ' ਜਖਮੀ ਹੁੰਦਾ ਹੋਇਆ, ਆਖਿਰ ਤਾਰ ਤਾਰ ਹੋ ਗਿਆ। ਇਸ ਤਰ੍ਹਾਂ ਹਰ ਵਾਰ ਦੀ ਤਰ੍ਹਾਂ ਹੀ ਤਰਕ ਫੇਰ ਜੇਤੂ ਹੋ ਨਿਬੜਿਆ। ਹੋਇਆ ਇਸ ਤਰ੍ਹਾਂ ਕਿ ਤਰਕਸ਼ੀਲ ਮੈਂਬਰ ਰਣਜੀਤ ਮੋਠਾਂਵਾਲੀ ਦੇ ਘਰ ਦੇ ਨਜ਼ਦੀਕ ਵਾਲੀ ਗਲੀ ਤੇ ਦੁਕਾਨ ਦੇ ਸਾਹਮਣੇ ਇੱਕ ਜੋਤਿਸ਼ੀ ਕੁੰਦਨ ਲਾਲ ਪੁੱਤਰ ਹੀਰਾ ਲਾਲਵਾਸੀ ਸੀਕਰ, ਰਾਜਸਥਾਨ ਨੇ ਆਪਣਾ ਡੇਰਾ ਲਗਾ ਕੇ 'ਮਹਾਂਲਕਸ਼ਮੀ ਜੋਤਿਸ਼ ਕੇਂਦਰ' ਖੋਲ੍ਹ ਲਿਆ ਲਿਆ। ਪਰ ਤਰਕ ਦੇ ਸਾਹਮਣੇ ਪਾਖੰਡ? ਇਹ ਕਿਵੇਂ ਹੋ ਸਕਦਾ ਸੀ। ਸਾਥੀ ਰਣਜੀਤ ਨੇ ਤੁਰੰਤ ਕਾਰਵਾਈ ਕਰਦਿਆਂ ਜੋਤਿਸ਼ੀ ਜੀ ਨੂੰ ਇਹ ਪਾਖੰਡ ਤੇ ਝੂਠ ਦੀ ਦੁਕਾਨ ਬੰਦ ਕਰਨ ਲਈ ਕਿਹਾ, ਪਰ ਜੋਤਿਸ਼ੀ ਨਾ ਮੰਨਿਆ। ਇਹ ਉਪਰੰਤ ਹੀ ਇਕਾਈ ਪ੍ਰਧਾਨ ਅਵਤਾਰ ਦੀਪ ਦੀ ਅਗਵਾਈ ਵਿੱਚ ਤੁਰੰਤ ਮੀਟਿੰਗ ਕੀਤੀ ਗਈ। ਫੈਸਲਾ ਇਹ ਹੋਇਆ ਕਿ ਇਕ ਪੈਨਲ ਦੇ ਰੂਪ ਵਿੱਚ ਕਾਰਵਾਈ ਕੀਤੀ ਗਈ। ਜੋਤਿਸ਼ੀ ਜੀ ਨੂੰ ਗੱਲਬਾਤ ਲਈ ਚੁਣੌਤੀ ਦਿੱਤੀ ਜਾਵੇ। ਪੈਨਲ ਅੰਦਰ ਇਕਾਈ ਪ੍ਰਧਾਨ ਅਵਤਾਰ ਦੀਪ, ਰਣਜੀਤ ਮੋਠਾਂਵਾਲੀ, ਮਾਂ ਜਗਜੀਤ ਚੁੱਘਾ, ਮਾ: ਦਿਨੇਸ਼ ਜੀ, ਮਾ: ਇਕਬਾਲ ਲਖਮੀਰਪੁਰਾ, ਗੁਰਪ੍ਰੀਤ ਬੇਦੀ, ਰਜਿੰਦਰ ਬਹਾਦਰ ਕੇ, ਜਸਵਿੰਦਰ ਗੁਰੂ ਹਰ ਸਹਾਏ ਮੌਜੂਦ ਸਨ। ਸਮੁੱਚਾ ਪੈਨਲ ਜੋਤਿਸ਼ੀ ਜੀ ਦੇ ਕੇਂਦਰ ਪਹੁੰਚਿਆ। ਕਾਰਵਾਈ ਨੂੰ ਅਮਲੀ ਰੂਪ ਦਿੰਦਿਆਂ ਹੋਇਆ ਸਾਥੀਆਂ ਨੇ ਜੋਤਿਸ਼ੀ ਨੂੰ ਸਵਾਲ ਕੀਤਾ ਕੀ ਜੇਕਰ ਜੋਤਿਸ਼ ਵਿੱਦਿਆ ਤੇ ਹੱਥ ਰੇਖਾਵਾਂ ਵਿਗਿਆਨ ਹਨ ਤਾਂ ਫਿਰ ਅਸੀਂ ਤੁਹਾਨੂੰ ਕੋਈ ਦਸ (10) ਜਨਮ ਪੱਤਰੀਆਂ ਜਾਂ ਹੱਥ ਰੇਖਾਵਾਂ ਚਿਤਰ ਦਿੰਦੇ ਹਾਂ। ਤੁਸੀਂ ਇਹਨਾਂ ਨੂੰ ਦੇਖ ਕੇ ਸਾਨੂੰ ਸਿਰਫ਼ ਇਹ ਦੱਸ ਦਿਓ ਕਿ ਇਹਨਾ ਵਿੱਚੋਂ ਔਰਤਾਂ ਦੇ ਕਿੰਨੇ ਨੇ ਤੇ ਮਰਦਾਂ ਦੇ ਕਿੰਨੇ ਨੇ, ਇਨ੍ਹਾਂ ਵਿੱਚੋਂ ਜਿਉਂਦੇ ਕਿੰਨੇ ਨੇ ਤੇ ਮਰੇ ਕਿੰਨੇ ਨੇ। ਜਨਮ ਦਾ ਠੀਕ ਸਮਾਂ ਅਤੇ ਸਥਾਨ ਸਮੇਤ ਅਕਸ਼ਾਸ਼ਾਂ ਤੇ ਰੇਖਾਸ਼ਾਂ ਦੇ ਵੀ ਦੱਸੋ। ਤੇ ਤੁਹਾਨੂੰ 5 ਪ੍ਰਤੀਸ਼ਤ ਗਲਤੀ ਵੀ ਮੁਆਫ ਹੋਵੇਗੀ। ਇਹ ਸੁਣ ਕੇ ਜੋਤਿਸ਼ੀ ਜੀ ਤੇ ਉਸ ਦਾ ਚੇਲਾ ਘਬਰਾ ਗਏ। ਆਪਣੇ ਪਾਖੰਡ ਨੂੰ ਨੰਗਾ ਹੁੰਦੇ ਦੇਖ ਕੇ ਕਹਿਣ ਲੱਗੇ, ਅਸੀਂ ਤਾਂ ਜੀ ਇਹ ਸਭ ਕੁਝ ਰੋਜੀ ਰੋਟੀ ਲਈ ਕਰਦੇ ਹਾਂ, ਅਸੀਂ ਇਹਨਾਂ ਸਵਾਲਾਂ ਦੇ ਜਵਾਬ ਆਪਣੀ ਜੰਤਰੀ ਤੇ ਗ੍ਰਹਿਆਂ ਰਾਹੀਂ ਜਾਂਹੱਥ ਰੇਖਾਵਾਂ ਦੇਖ ਕੇ ਨਹੀਂ ਦੱਸ ਸਕਦੇ। ਅਸੀਂ ਅੱਗੇ ਤੋਂ ਤੋਬਾ ਕਰਦੇ ਹਾਂ ਕਿ ਇਹ ਕੰਮ ਨਹੀਂ ਕਰਾਂਗੇ। ਇਸ ਤਰ੍ਹਾਂ ਜੋਤਿਸ਼ੀ ਤੇ ਉਸ ਦੇ ਚੇਲੇ ਨੇ ਮੁਆਫੀ ਨਾਮੇ ਤੇ ਦਸਤਖਤ ਲੋਕਾਂ ਦੀ ਹਾਜਰੀ ਵਿੱਚ ਕੀਤੇ ਤੇ ਨਾਲ ਹੀ ਆਪਣੇ ਜੋਤਿਸ਼ ਕੇਂਦਰ ਨੂੰ ਤਾਲਾ ਲਗਾ ਦਿੱਤਾ। ਇਸ ਤਰ੍ਹਾਂ ਤਰਕਸ਼ੀਲ ਵਿਚਾਰਾਂ ਅੱਗੇ ਪਾਖੰਡ ਇੱਕ ਵਾਰੀ ਫੇਰ ਹਾਰ ਗਿਆ।

ਪ੍ਰੋ. ਅਵਤਾਰ ਦੀਪ, 98559-91114



ਤਾਂਤਰਿਕ ਵੱਲੋਂ ਠੱਗੇ ਪੈਸੇ ਵਾਪਿਸ-ਲਿਖਤੀ ਮੁਆਫ਼ੀ

ਬਰਨਾਲਾ ਨੇੜਲੇ ਪਿੰਡ ਧੂਰਕੋਟ ਦੇ ਇੱਕ ਗਰੀਬ ਵਿਅਕਤੀ ਤੋਂ ਤਾਂਤਰਿਕ ਵੱਲੋਂ ਠੱਗੇ ਦੋ ਹਜ਼ਾਰ ਰੁਪਏ ਤਰਕਸ਼ੀਲਾਂ ਨੇ ਵਾਪਸ ਕਰਵਾਏ ਅਤੇ ਅਖੌਤੀ ਤਾਂਤਰਿਕ ਕੋਲੋਂ ਅੱਗੇ ਤੋਂ ਅਜਿਹਾ ਨਾ ਕਰਨ ਲਈ ਲਿਖਤੀ ਮੁਆਫੀ ਵੀ ਮੰਗਵਾਈ। ਪਿੰਡ ਧੂਰਕੋਟ ਦੇ ਇਕ ਦਲਿਤ ਪਰਿਵਾਰ ਤੋਂ ਇੱਕ ਤਾਂਤਰਿਕ ਸੁਖਦੇਵ ਸਿੰਘ ਜੋ ਆਪਣੇ ਆਪ ਨੂੰ ਪਿੰਡ ਰੌਤਾ ਜ਼ਿਲ੍ਹਾ ਮੋਗਾ ਦਾ ਵਸਨੀਕ ਦੱਸਦਾ ਹੈ, ਨੇ ਟੂਣਾ ਕਰਨ ਦੇ ਚਾਰ ਹਜ਼ਾਰ ਰੁਪਏ ਲੈਣੇ ਕੀਤੇ ਸਨ, ਜਿਸ ਵਿੱਚੋਂ ਉਸ ਨੇ ਦੋ ਹਜ਼ਾਰ ਰੁਪਏ ਲੈ ਲਏ ਜਦ ਇਸ ਗੱਲ ਦਾ ਪਤਾ ਤਰਕਸ਼ੀਲ ਸੁਸਾਇਟੀ ਇਕਾਈ ਬਰਨਾਲਾ ਦੇ ਜਥੇਬੰਦਕ ਮੁਖੀ ਤੇਜਾ ਸਿੰਘ ਰੁੜਕੇ ਨੂੰ ਲੱਗਿਆ ਤਾਂ ਉਨ੍ਹਾਂ ਉਕਤ ਠੱਗ ਨੂੰ ਸੈਂਕੜੇ ਨੌਜਵਾਨਾਂ ਦੇ ਸਹਿਯੋਗ ਨਾਲ ਬੱਸ ਅੱਡੇ ਰੂੜਕੇ ਕਲਾਂ ਵਿਖੇ ਘੇਰ ਲਿਆ। ਜਦ ਬਾਬੇ ਨੂੰ ਇਕੱਠੇ ਹੋਏ ਲੋਕਾਂ ਨੇ ਥਾਣੇ 'ਚ ਫੜਾਉਣ ਦੀ ਧਮਕੀ ਦਿੱਤੀ ਤਾਂ ਤਾਂਤਰਿਕ ਨੇ ਦਲਿਤ ਪਰਿਵਾਰ ਤੋਂ ਠੱਗੇ ਪੈਸੇ ਪਿੰਡ ਧੂਰਕੋਟ ਦੇ ਸਰਪੰਚ ਜਨਕ ਸਿੰਘ ਦੀ ਹਾਜ਼ਰੀ ਵਿਚ ਵਾਪਸ ਕਰ ਦਿੱਤੇ। ਤੇ ਅੱਗੇ ਤੋਂ ਲਿਖਤੀ ਮੁਆਫੀ ਮੰਗੀ ਅਤੇ ਭਰੇ ਇਕੱਠ ਵਿੱਚ ਇਹ ਮੰਨਿਆ ਕਿ ਉਸ ਕੋਲ ਕੋਈ ਗੈਬੀ ਸ਼ਕਤੀ ਨਹੀਂ ਹੈ, ਹਰ ਇੱਕ ਦੇ ਪੈਰੀ ਡਿੱਗ ਕੇ ਮੁਆਫ਼ ਕਰਨ ਦੀਆਂ ਬੇਨਤੀਆਂ ਕਰਨ ਵਾਲੇ ਇਸ ਵਿਅਕਤੀ ਦੇ ਬਟੂਏ ਵਿੱਚੋਂ ਕਰੀਬ 50 ਤਬੀਤ ਵੀ ਬਰਾਮਦ ਕੀਤੇ। ਇਸ ਸਮੇਂ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਆਗੂਆਂ ਨੇ ਕਿਹਾ ਕਿ ਭੋਲੇ ਭਾਲੇ ਤੇ ਕੰਮਜ਼ੋਰ ਮਨ ਵਾਲੇ ਵਿਅਕਤੀਆਂ ਨੂੰ ਅਜਿਹੇ ਠੱਗ ਆਮ ਹੀ ਆਪਣਾ ਨਿਸ਼ਾਨਾ ਬਣਾ ਲੈਂਦੇ ਹਨ ਪਰ ਦੁਨੀਆਂ ਤੇ ਐਸੀ ਕੋਈ ਵੀ ਗੈਬੀ ਸ਼ਕਤੀ ਨਹੀਂ ਅਤੇ ਜਾਦੂ, ਟੂਣਾ ਆਦਿ ਸਭ ਲੋਕਾਂ ਨੂੰ ਲੁੱਟਣ ਦਾ ਸਾਧਨ ਹਨ। ਇਸ ਮੌਕੇ ਮਾਸਟਰ ਅਵਤਾਰ ਸਿੰਘ, ਮਨਪ੍ਰੀਤ ਸਿੰਘ ਲੱਕੀ, ਮਨਜਿੰਦਰ ਸਿੰਘ ਧਾਲੀਵਾਲ, ਪ੍ਰਗਟ ਸਿੰਘ, ਵਿਨੋਦ ਕੁਮਾਰ, ਹਰਜੀਤ ਸਿੰਘ, ਡਾ. ਸ਼ਿਆਮ ਸਿੰਘ, ਮਿਸਤਰੀ ਕੁਲਦੀਪ ਸਿੰਘ ਆਦਿ ਹਾਜ਼ਿਰ ਸਨ। ਪਿੰਡ ਰੁੜਕੇ ਵਿਖੇ ਸਾਧ ਕਰਨੈਲ ਸਿੰਘ 'ਚੂਹਾ' ਨੇ ਤਾਂਤਰਿਕ ਕਾਰਜ ਦੌਰਾਨ ਇੱਕ ਜਿਉਂਦੇ ਬੱਕਰੇ ਨੂੰ ਅੱਗ ਲਾ ਕੇ ਸਾੜਿਆ। ਤਰਕਸ਼ੀਲ ਵੱਲੋਂ ਉਸ ਤੇ ਮੁਕੱਦਮਾ ਦਰਜ ਕਰਾਏ ਜਾਣ ਤੇ ਉਸ ਨੇ ਲਿਖਤੀ ਮੁਆਫੀ ਮੰਗੀ ਅਤੇ ਅੱਗੇ ਤੋਂ ਅਜਿਹੀ ਲੁੱਟ ਕਰਨ ਤੋਂ ਤੋਬਾ ਕੀਤੀ।

ਸਵਰਗ ਅਤੇ ਨਰਕ

ਡਾ. ਸੁਰਿੰਦਰ ਅਜਨਾਤ
98145-80497



ਜਦੋਂ ਪਹਿਲੇ ਪਹਿਲ ਆਦਮੀ ਨੇ ਸੋਚਣਾ ਸ਼ੁਰੂ ਕੀਤਾ, ਉਸ ਮੌਤ ਅਤੇ ਉਸ ਤੋਂ ਬਾਅਦ ਦੀ ਹਾਲਤ ਬਾਬਤ ਕਈ ਤਰ੍ਹਾਂ ਦੀਆਂ ਕਲਪਨਾਵਾਂ ਕੀਤੀਆਂ, ਉਸ ਨੇ ਸਵਰਗ ਅਤੇ ਨਰਕ ਦੀ ਕਲਪਨਾ ਕੀਤੀ, ਮੌਤ ਦੇ ਦੇਵਤਾ ਯਮ ਦੀ ਕਲਪਨਾ ਕੀਤੀ ਅਤੇ ਹੋਰ ਬਹੁਤ ਸਾਰੇ ਤੀਰ ਹਨੇਰੇ ਵਿੱਚ ਮਾਰੇ।

ਮਨੁੱਖ ਦੀਆਂ ਇਨ੍ਹਾਂ ਸਾਰੀਆਂ ਕਲਪਨਾਵਾਂ ਦਾ ਕੋਈ ਪੂਰਾ ਲਿਖਤੀ ਰਿਕਾਰਡ ਨਹੀਂ ਮਿਲਦਾ; ਪਰ ਕੁਝ ਕੁ ਦਾ ਜ਼ਰੂਰ ਮਿਲਦਾ ਹੈ, ਜੋ ਅੱਡ ਅੱਡ ਪ੍ਰਾਚੀਨ ਗ੍ਰੰਥਾਂ ਵਿੱਚ ਅੰਕਿਤ ਹੈ,

ਹਿੰਦੂ ਧਰਮ: ਰਿਗਵੇਦ ਬਹੁਤ ਪ੍ਰਾਚੀਨ ਗ੍ਰੰਥ ਹੈ, ਕਈ ਤਾਂ ਇਸ ਨੂੰ ਦੁਨੀਆ ਦਾ ਸਭ ਤੋਂ ਪ੍ਰਾਚੀਨ ਗ੍ਰੰਥ ਵੀ ਕਹਿੰਦੇ ਹਨ, ਇਸ ਵਿੱਚ ਸਵਰਗ ਦਾ ਜ਼ਿਕਰ ਤਾਂ ਆਉਂਦਾ ਹੈ, ਪਰ ਨਰਕ ਸ਼ਬਦ ਕਿਧਰੇ ਵੀ ਦਿਖਾਈ ਨਹੀਂ ਦਿੰਦਾ, ਇਸ ਤੋਂ ਸਿੱਧ ਹੁੰਦਾ ਹੈ ਕਿ ਨਰਕ ਦੀ ਕਲਪਨਾ ਬਾਅਦ ਵਿੱਚ ਕੀਤੀ ਗਈ।

ਵੇਦਾਂ ਦਾ ਕਹਿਣਾ ਹੈ ਕਿ ਸਵਰਗ ਵਿੱਚ ਖਾਣ ਨੂੰ ਸਵਰਗੀ ਭੋਜਨ ਅਤੇ ਪੀਣ ਨੂੰ ਸਵਰਗੀ ਪਾਣੀ ਮਿਲਦਾ ਹੈ, ਜਿੱਥੇ ਚਾਹੋ ਆ ਜਾ ਸਕਦੇ ਹੋ, ਉੱਥੇ ਮਿੱਠੀ ਮਿੱਠੀ ਠੰਡੀ ਹਵਾ ਚਲਦੀ ਹੈ; ਤਾਜਾ ਪਾਣੀ ਮਿਲਦਾ ਹੈ, ਦੁੱਧ ਦੀਆਂ ਨਦੀਆਂ ਵਗਦੀਆਂ ਹਨ, ਹਰ ਚੀਜ਼ ਉੱਥੇ ਬਹੁਤਾਇਤ ਵਿੱਚ ਮੌਜੂਦ ਹੈ ਅਤੇ ਕਿਸੇ ਵੀ ਚੀਜ਼ ਦੀ ਕਿਸੇ ਵੀ ਤਰ੍ਹਾਂ ਦੀ ਘਾਟ ਨਹੀਂ ਹੈ, ਉੱਥੇ ਨਾ ਕੋਈ ਬਿਮਾਰ ਹੁੰਦਾ ਹੈ, ਨਾ ਬੁੱਢਾ ਤੇ ਨਾ ਵਿਕਲਾਂਗ, ਹਰ ਕੋਈ ਉੱਥੇ ਪੂਰੀ ਤਰ੍ਹਾਂ ਪ੍ਰਸੰਨ ਰਹਿੰਦਾ ਹੈ, ਹਰ ਬੰਦਾ ਮਰਕੇ ਉੱਥੇ ਜਾਂਦਾ ਹੈ ਤੇ ਆਨੰਦ ਮਾਣਦਾ ਹੈ; ਮਧੂਪਾਨ (ਮਿੱਠੀ ਸ਼ਰਾਬ ਪੀਂਦਾ ਹੈ) ਕਰਦਾ ਹੈ।

ਬਾਅਦ ਵਿਚ ਨਰਕ ਦੀ ਕਲਪਨਾ ਕੀਤੀ ਗਈ, ਵੇਦਾਂ ਤੋਂ ਬਾਅਦ 'ਚ ਬਣੇ ਬ੍ਰਾਹਮਣ ਗ੍ਰੰਥਾਂ ਜਿਵੇਂ : ਸ਼ਤਪਥ ਬ੍ਰਾਹਮਣ ਆਦਿ ਵਿੱਚ ਇਹ ਕਲਪਨਾ ਕੀਤੀ ਗਈ ਕਿ ਬੰਦਾ ਮਰਕੇ ਸਿੱਧਾ ਸਵਰਗ ਵਿੱਚ ਨਹੀਂ ਜਾਂਦਾ, ਸਗੋਂ ਮਰਨ ਮਗਰੋਂ ਉਸ ਦਾ ਫੈਸਲਾ ਹੁੰਦਾ ਹੈ ਕਿ ਉਸ ਨੂੰ ਕਿੱਥੇ ਭੇਜਿਆ ਜਾਵੇ – ਸਵਰਗ ਵਿੱਚ ਜਾਂ ਨਰਕ ਵਿੱਚ।

ਜੋ ਜਿੱਥੇ ਭੇਜਿਆ ਜਾਂਦਾ ਸੀ, ਉੱਥੇ ਸਦਾ ਲਈ ਰਹਿੰਦਾ ਸੀ, ਪਰ ਬਾਅਦ ਵਿੱਚ ਬੰਦੇ ਨੇ ਮੁੜ ਜਨਮ (ਪੁਨਰ ਜਨਮ) ਦੀ ਕਲਪਨਾ ਕਰ ਲਈ ਅਤੇ ਇਹ ਕਿਹਾ ਜਾਣ ਲੱਗਾ ਕਿ ਚੰਗੇ ਕਰਮਾਂ ਦੇ ਬਦਲੇ ਜਿਨ੍ਹੇ ਚਿਰ ਲਈ ਸਵਰਗ ਮਿਲਦਾ ਹੈ, ਉਸ ਤੋਂ ਬਾਅਦ ਬੰਦਾ ਫਿਰ ਕਿਸੇ ਜੂਨੀ ਵਿੱਚ ਜੰਮਦਾ ਹੈ।

ਹਿੰਦੂ ਗ੍ਰੰਥਾਂ ਵਿੱਚ ਦੋਵੇਂ ਤਰ੍ਹਾਂ ਦੇ ਵਿਚਾਰ ਮਿਲਦੇ ਹਨ, ਪਰ ਇਹ ਆਪੋ ਵਿੱਚ ਮੇਲ ਨਹੀਂ ਖਾਂਦੇ, ਕਿਉਂਕਿ ਜੇ ਸਵਰਗ ਜਾਂ ਨਰਕ ਵਿੱਚ ਕਰਮਾਂ ਦੇ ਫਲ ਭੋਗ ਲਏ ਜਾਂਦੇ ਹਨ ਤਾਂ ਫਿਰ ਤਰ੍ਹਾਂ ਤਰ੍ਹਾਂ ਦੀਆਂ ਜੂਨੀਆਂ ਵਿੱਚ ਜਨਮ ਲੈਣ ਦੀ ਕੋਈ ਤੁਕ ਨਹੀਂ ਰਹਿ ਜਾਂਦੀ, ਇਸ ਗੱਲ ਨੂੰ ਵਿਦਵਾਨਾਂ ਨੇ ਆਪਣੇ ਆਪਣੇ ਢੰਗ ਨਾਲ ਰੇਖਾਂਕਿਤ ਕੀਤਾ ਹੈ, ਕੇਦਾਰਨਾਥ ਤਿਵਾਰੀ ਲਿਖਦੇ ਹਨ : However, in popular Hindu belief, ideas of heaven and hell are also present and it is not very clear how the hindus relate the ideas of heaven and hell with the idea of rebirth.

ਪਹਿਲਾਂ ਪੁਨਰਜਨਮ ਦਾ ਸੰਕਲਪ ਹਿੰਦੂ ਗ੍ਰੰਥਾਂ ਵਿੱਚ ਬਿਲਕੁਲ ਨਹੀਂ ਸੀ। ਡਾ. ਰਾਧਾ ਕ੍ਰਿਸ਼ਨਨ ਦਾ ਕਹਿਣਾ ਹੈ ਕਿ ਵੈਦਿਕ ਆਰੀਆ ਜਦ ਭਾਰਤ ਵਿੱਚ ਆਏ ਤਾਂ ਉਨ੍ਹਾਂ ਦੇ ਮੌਤ ਤੋਂ ਬਾਅਦ ਦੀ ਹਾਲਤ ਬਾਬਤ ਕੋਈ ਨਿਸ਼ਚਿਤ ਤੇ ਸਪੱਸ਼ਟ ਵਿਚਾਰ ਨਹੀਂ ਸਨ, ਉਨ੍ਹਾਂ ਦੇ ਸਵਰਗ ਨਰਕ ਵਾਰੇ ਕੁਝ ਧੁੰਦਲੇ ਜਿਹੇ ਵਿਚਾਰ ਸਨ ਅਤੇ ਪੁਨਰਜਨਮ ਦੀ ਗੱਲ ਤਾਂ ਅਜੇ ਬਹੁਤ ਦੂਰ ਸੀ – They had no special doctrines about life after death, though some vague conceptions about heaven and hell could not be avoided by reflective minds. Rebirth is still at a distance. (Indian Philosophy, Vol 1, P. 84)

ਆਵਾਗਮਨ: ਜਦ ਪਹਿਲੀ ਵਾਰ ਪੁਨਰਜਨਮ ਦੀ ਕਲਪਨਾ ਕੀਤੀ ਗਈ ਤਾਂ ਇਸ ਦਾ ਅਰਥ ਇਹ ਸੀ ਕਿ ਬੰਦਾ ਮਰਨ ਤੋਂ ਬਾਅਦ ਦੁਬਾਰਾ ਜਨਮ ਲੈਂਦਾ ਹੈ ਤੇ ਪਹਿਲੇ ਜਨਮ ਵਿੱਚ ਕੀਤੇ ਕਰਮਾਂ ਦਾ ਫਲ ਭੋਗਦਾ ਹੈ, ਫਿਰ ਹੌਲੀ ਹੌਲੀ ਇਹ ਕਲਪਨਾ ਜ਼ੋਰ ਫੜਦੀ ਗਈ ਕਿ ਗੱਲ ਇੱਥੇ ਹੀ ਨਹੀਂ ਮੁੱਕਦੀ, ਸਗੋਂ ਦੂਜੇ ਜਨਮ ਤੋਂ ਬਾਅਦ ਤੀਜੇ, ਫਿਰ ਚੌਥੇ – ਇਸ ਤਰ੍ਹਾਂ ਆਵਾਗਮਨ (ਆਉਣ ਤੇ ਜਾਣ) ਦਾ ਚੱਕਰ ਚਲਦਾ ਰਹਿੰਦਾ ਹੈ, ਇਸ ਤਰ੍ਹਾਂ ਹੌਲੀ ਹੌਲੀ ਪੁਨਰਜਨਮ (Rebirth) (ਦੁਬਾਰਾ ਜਨਮ ਲੈਣ) ਆਵਾਗਮਨ

(Transmigration) ਵਿੱਚ ਬਦਲ ਗਿਆ।

ਮੁਕਤੀ: ਪਹਿਲਾਂ ਮੁਕਤੀ ਦੀ ਕਿਸੇ ਨੂੰ ਜ਼ਰੂਰਤ ਹੀ ਨਹੀਂ ਸੀ, ਕਿਉਂਕਿ ਮਰਨ ਤੋਂ ਬਾਅਦ ਕੋਈ ਚੱਕਰ ਹੀ ਨਹੀਂ ਸੀ, ਪਰ ਜਦੋਂ ਆਵਾਗਮਨ ਦੀ ਕਲਪਨਾ ਕਰ ਲਈ ਗਈ ਤਾਂ ਫਿਰ ਇਸ ਤੋਂ ਬਚਣ ਲਈ ਮੁਕਤੀ ਦਾ ਸੰਕਲਪ ਹੋਂਦ ਵਿੱਚ ਆਇਆ, ਕਿਹਾ ਜਾਣ ਲੱਗਾ ਕਿ 'ਇਸ' ਤਰ੍ਹਾਂ ਕੀਤਾ ਜਾਵੇ ਤਾਂ ਬੰਦਾ ਆਵਾਗਮਨ ਦੇ ਚੱਕਰ ਤੋਂ ਬਚ ਸਕਦਾ ਹੈ। ਭਾਰਤ ਵਿੱਚ ਪੈਦਾ ਹੋਏ ਧਰਮਾਂ ਵਿੱਚ ਹੀ ਮੁਕਤੀ ਦਾ ਸੰਕਲਪ ਹੈ, ਕਿਉਂਕਿ ਇਹੋ ਆਵਾਗਮਨ ਨੂੰ ਮੰਨਦੇ ਹਨ, ਦੁਨੀਆ ਦੇ ਬਾਕੀ ਧਰਮਾਂ ਵਿੱਚ ਇਸ ਮੁਕਤੀ ਲਈ ਕੋਈ ਥਾਂ ਨਹੀਂ ਹੈ।

ਨਰਕ: ਰਿਗਵੇਦ ਵਿੱਚ ਭਾਵੇਂ ਨਰਕ ਸ਼ਬਦ ਨਦਾਰਦ ਹੈ, ਪਰ ਬਾਅਦ ਵਿੱਚ ਇੱਥੇ ਨਰਕਾਂ ਦੀ ਵੀ ਕਾਫੀ ਖੇਤੀ ਹੋਈ, ਮਨੂੰ ਸਿਮਰਤੀ ਵਿੱਚ 21 ਨਰਕਾਂ ਦਾ ਜਿਕਰ ਹੈ (ਦੇਖੋ, ਮਨੂਸਿਮਰਤੀ, 4/88-90)

ਮਰਦਵਾਦ: ਸਵਰਗ ਵਿੱਚ ਸੁੰਦਰ ਔਰਤਾਂ (ਅਪਸਰਾਵਾਂ) ਦੀ ਭਰਮਾਰ ਦੱਸੀ ਜਾਂਦੀ ਹੈ, ਜੋ ਉੱਥੇ ਪੁੱਜੇ ਮਰਦਾਂ ਨੂੰ ਪ੍ਰਸੰਨ ਕਰਦੀਆਂ ਹਨ, ਇਸਲਾਮੀ ਬਹਿਸ਼ਤ (ਜੰਨਤ) ਵਿੱਚ ਹੂਰਾਂ ਅਤੇ ਗਿਲਮਾਂ (ਸੁੰਦਰ ਮੁੰਡੇ) ਵੀ ਉਪਲੱਬਧ ਹਨ ।

ਇਸ ਤੋਂ ਲਗਦਾ ਹੈ ਕਿ ਸਵਰਗ ਦੀ ਕਲਪਨਾ ਮਰਦਾਂ ਨੇ ਹੀ ਕੀਤੀ ਅਤੇ ਇਹ ਮਰਦਾਂ ਲਈ ਹੀ ਹੈ, ਜੇ ਇਸ ਦੀ ਕਲਪਨਾ ਔਰਤਾਂ ਨੇ ਕੀਤੀ ਹੁੰਦੀ ਅਤੇ ਉੱਥੇ ਔਰਤਾਂ ਵੀ ਜਾਂਦੀਆਂ ਹੁੰਦੀਆਂ ਤਾਂ ਉੱਥੇ ਜਿਵੇਂ ਮਰਦਾਂ ਲਈ ਹੂਰਾਂ ਅਤੇ ਅਪਸਰਾਵਾਂ ਹਨ, ਉਸੇ ਤਰ੍ਹਾਂ ਔਰਤਾਂ ਲਈ ਵੀ ਕੁਝ ਪ੍ਰਬੰਧ ਜ਼ਰੂਰ ਕਲਪਿਤ ਕੀਤਾ ਗਿਆ ਹੁੰਦਾ, ਪਰ ਅਜਿਹਾ ਕੁਝ ਨਹੀਂ ਹੈ।

ਜੇ ਔਰਤਾਂ ਸਵਰਗ ਵਿੱਚ ਜਾਂਦੀਆਂ ਹਨ ਤਾਂ ਫਿਰ ਸਪਸ਼ਟ ਹੈ ਕਿ ਉਨ੍ਹਾਂ ਲਈ ਸਮਲਿੰਗੀ ਸੰਬੰਧਾਂ ਦੀ ਹੀ ਉੱਥੇ ਵਿਵਸਥਾ ਹੈ, ਪਰ ਇਹ ਵਿਤਕਰਾ ਹੈ, ਜੋ ਮੁੜ ਇਸ ਗੱਲ ਦਾ ਲਖਾਇਕ ਹੈ ਕਿ ਸਵਰਗ ਦੀ ਕਲਪਨਾ ਇਕ ਮਰਦਵਾਦੀ ਕਲਪਨਾ ਹੈ, ਮਰਦ ਨੇ ਜੋ ਇਸ ਦੁਨੀਆ ਵਿੱਚ ਕੀਤਾ, ਉਹੀ ਕੁਝ ਪਰਲੋਕ ਵਿੱਚ ਵੀ ਕਲਪਿਤ ਕਰ ਲਿਆ।

ਯਹੂਦੀ ਧਰਮ: ਆਰੀਆਂ ਦੀ ਤਰ੍ਹਾਂ ਯਹੂਦੀ ਲੋਕ ਵੀ ਕਾਫੀ ਪ੍ਰਾਚੀਨ ਹਨ, Old Testament ਉਨ੍ਹਾਂ ਦਾ ਧਰਮ ਗ੍ਰੰਥ ਹੈ, (ਬਾਈਬਲ ਦੇ ਪੁਰਾਣੇ ਅੰਸ਼ ਨੂੰ Old Testament ਕਿਹਾ ਜਾਂਦਾ ਹੈ, ਜਿਸ ਨੂੰ ਯਹੂਦੀ ਮੰਨਦੇ ਹਨ ਅਤੇ ਉਸ ਦੇ ਨਵੇਂ ਅੰਸ਼ ਨੂੰ New Testament ਕਿਹਾ ਜਾਂਦਾ ਹੈ ਤੇ ਇਸ ਨੂੰ ਇਸਾਈ ਆਪਣਾ ਧਰਮ ਗ੍ਰੰਥ ਮੰਨਦੇ ਹਨ)

ਯਹੂਦੀ ਇਹ ਮੰਨਦੇ ਹਨ ਕਿ ਮਰਨ ਪਿੱਛੋਂ ਮੁਰਦਾ (ਉਸ ਦੀ ਰੂਹ) ਮੁੜ ਜ਼ਿੰਦਾ ਹੋ ਜਾਂਦਾ ਹੈ (Resurrection) ਤੇ ਉਹ ਇੱਕ ਨਵੀਂ ਦੁਨੀਆ (ਨਵੇਂ ਲੋਕ) ਵਿੱਚ ਪ੍ਰਵੇਸ਼ ਕਰਦਾ ਹੈ, ਪਰ ਅਜਿਹਾ ਚੰਗੇ ਤੇ ਪਵਿੱਤਰ ਲੋਕਾਂ ਨਾਲ ਹੀ ਹੁੰਦਾ ਹੈ, ਜੋ ਬੁਰੇ ਲੋਕ ਹੁੰਦੇ ਹਨ ਉਹ ਮੌਤ ਦੇ ਨਾਲ ਹੀ ਸਦਾ ਲਈ ਖਤਮ ਹੋ ਜਾਂਦੇ ਹਨ, ਭਾਵ ਉਨ੍ਹਾਂ ਦੀ ਰੂਹ ਨਾਸ਼ਵਾਨ ਹੁੰਦੀ ਹੈ, ਯਾਨੀ ਕੁਝ ਰੂਹਾਂ ਸਦੀਵੀ ਹਨ ਤੇ ਕੁਝ ਰੂਹਾਂ ਨਾਸ਼ਵਾਨ ਹਨ।

ਇਸ ਤਰ੍ਹਾਂ ਪ੍ਰਲੋਕ ਵਿੱਚ ਕਲਪਿਤ ਸਵਰਗ – ਨਵੀਂ ਦੁਨੀਆ – ਸਿਰਫ ਭਲੇ ਲੋਕਾਂ ਲਈ ਹੈ, ਅਜਿਹੀ ਹਾਲਤ ਵਿੱਚ ਨਰਕ ਦੀ ਕਿਧਰੇ ਕੋਈ ਲੋੜ ਹੀ ਨਹੀਂ ਰਹਿ ਜਾਂਦੀ, ਦਰਅਸਲ ਬਾਈਬਲ (Old Testament) ਵਿੱਚ ਸਵਰਗ ਜਾਂ ਨਰਕ ਦਾ ਕੋਈ ਸਪਸ਼ਟ ਵਿਚਾਰ ਦਿਖਾਈ ਨਹੀਂ ਦਿੰਦਾ।

ਹਰਤਸ ਬਰਗ (Hertzberg) ਨੇ "Judaism" ਯਹੂਦੀ ਧਰਮ ਵਿੱਚ ਕਿਹਾ ਹੈ ਕਿ ਬਾਈਬਲ ਬਨਣ ਤੋਂ ਬਾਅਦ ਮਰਨ ਤੋਂ ਪਿਛੋਂ ਮੁਰਦੇ ਦੇ ਜੀਉਂਦੇ ਹੋਣ ਦੇ ਵਿਚਾਰ ਤੇ ਚਰਚਾਵਾਂ ਹੋਈਆਂ ਅਤੇ ਆਖਿਰ ਵਿੱਚ ਫਾਰਿਸੀਆਂ (Pharisees) ਦੇ ਇਸ ਵਿਚਾਰ ਨੂੰ ਅਪਨਾ ਲਿਆ ਕਿ ਮੁਰਦਾ ਜਿਉਂਦਾ ਹੁੰਦਾ ਹੈ, ਫਿਰ ਉਸ ਨੂੰ ਸਵਰਗ ਜਾਂ ਨਰਕ ਵਿੱਚ ਭੇਜੇ ਜਾਣ ਦਾ ਵਿਚਾਰ ਪੈਦਾ ਹੋਇਆ। ਵੈਸੇ Old Testament ਵਿੱਚ ਸਵਰਗ ਅਤੇ ਨਰਕ ਦਾ ਕੋਈ ਸਿਧਾਂਤ ਨਹੀਂ ਹੈ।

ਸਪਸ਼ਟ ਹੈ ਕਿ ਯਹੂਦੀਆਂ ਵਿੱਚ ਸਵਰਗ-ਨਰਕ ਦਾ ਸੰਕਲਪ ਬਾਅਦ ਵਿੱਚ ਪੈਦਾ ਹੋਇਆ। ਉਨ੍ਹਾਂ ਦਾ ਮੁੱਢਲਾ ਵਿਚਾਰ ਉਹੀ ਸੀ ਜਿਸਦਾ ਜ਼ਿਕਰ ਅਸਾਂ ਪਹਿਲਾਂ ਕੀਤਾ ਹੈ। ਯਹੂਦੀ ਪਹਿਲਾਂ Jehovah (ਜੇਹੋਵਾ) ਨੂੰ ਇੱਕੋ ਇੱਕ ਈਸ਼ਵਰ ਮੰਨਦੇ ਸਨ; ਪਰ ਦੁਨੀਆਂ ਵਿੱਚ ਬੁਰਾਈ ਅਤੇ ਦੁੱਖ ਨੂੰ ਦੇਖ ਕੇ ਉਹ ਸੋਚਦੇ ਸਨ ਕਿ ਜੇ ਜੇਹੋਵਾ ਸਰਵ ਸ਼ਕਤੀਮਾਨ ਹੈ ਤਾਂ ਉਹ ਬੁਰਾਈ ਅਤੇ ਦੁੱਖ ਨੂੰ ਖਤਮ ਕਿਉਂ ਨਹੀਂ ਕਰ ਦਿੰਦਾ, ਇਹ ਇੱਕ ਵੱਡੀ ਸਮੱਸਿਆ ਸੀ, ਪਰ ਫਿਰ ਉਨ੍ਹਾਂ ਪਾਰਸੀ ਧਰਮ (Zoroastrianism) ਤੋਂ ਇਹ ਵਿਚਾਰ ਗ੍ਰਹਿਣ ਕਰ ਲਿਆ ਕਿ ਦੁਨੀਆਂ ਵਿੱਚ ਈਸ਼ਵਰ ਹੀ ਨਹੀਂ, ਸਗੋਂ ਸ਼ੈਤਾਨ (Satan) ਵੀ ਰਾਜ ਕਰਦਾ ਹੈ, ਪਰ ਇਹ ਵਿਚਾਰ ਜੇਹੋਵਾ ਦੇ ਸਰਬ ਸ਼ਕਤੀਮਾਨ ਹੋਣ ਦੇ ਦਾਅਵੇ ਨੂੰ ਚੁਣੌਤੀ ਦਿੰਦਾ ਸੀ; ਇਸ ਲਈ ਉਨ੍ਹਾਂ ਉਸ ਨੂੰ ਜੇਹੋਵਾ ਦੇ ਅਧੀਨ ਕੰਮ ਕਰਨ ਵਾਲਾ ਈਸ਼ਵਰ ਦਾ ਦੂਤ ਮੰਨ ਲਿਆ ਜੋ ਲੋਕਾਂ ਦੀ ਪ੍ਰੀਖਿਆ ਲੈਣ

ਵਿੱਚ ਈਸ਼ਵਰ ਦੀ ਮਦਦ ਕਰਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇ ਈਸ਼ਵਰ/ਜੇਹੋਵਾ ਸਭ ਕੁਝ ਕਰ ਸਕਦਾ ਹੈ ਤਾਂ ਉਹ ਸ਼ੈਤਾਨ ਦਾ ਆਸਰਾ ਲਏ ਬਿਨ੍ਹਾਂ ਲੋਕਾਂ ਦੇ ਮਨਾਂ ਵਿਚਲੀਆਂ ਗੱਲਾਂ ਕਿਉਂ ਨਹੀਂ ਜਾਣ ਸਕਦਾ? ਈਸ਼ਵਰ ਦੇ ਨਾਲ ਨਾਲ ਸ਼ੈਤਾਨ ਨੂੰ ਵੀ ਮੰਨਣਾ ਉਂਝ ਵੀ ਇੱਕ ਈਸ਼ਵਰਵਾਦ (Monotheism) ਦੇ ਵਿਪਰੀਤ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਵਰਗ ਨਰਕ ਆਦਿ ਦੇ ਵਿਚਾਰ ਵਾਂਗ ਹੀ ਸ਼ੈਤਾਨ ਦਾ ਸੰਕਲਪ ਵੀ ਯਹੂਦੀ ਧਰਮ ਵਿੱਚ ਬਾਅਦ 'ਚ ਪੈਦਾ ਹੋਇਆ।

ਈਸਾਈ ਧਰਮ: ਈਸਾਈ ਵੀ ਪ੍ਰਮਾਤਮਾ (God) ਅਤੇ ਸ਼ੈਤਾਨ (Satan) ਦੋਹਾਂ ਨੂੰ ਮੰਨਦੇ ਹਨ, ਭਾਵੇਂ ਇਹ ਵੀ ਆਪਣੇ ਆਪ ਨੂੰ ਇੱਕ ਈਸ਼ਵਰ ਨੂੰ ਮੰਨਣ ਵਾਲੇ ਹੀ ਕਹਿੰਦੇ ਹਨ।

ਇਨ੍ਹਾਂ ਦਾ ਕਹਿਣਾ ਹੈ ਕਿ ਇੱਕ ਪਾਸੇ ਸ਼ੈਤਾਨ ਬੰਦੇ ਦੇ ਦੁੱਖਾਂ ਲਈ ਜ਼ਿੰਮੇਵਾਰ ਹੈ ਤਾਂ ਦੂਜੇ ਪਾਸੇ ਖੁਦ ਬੰਦਾ ਵੀ ਇਨ੍ਹਾਂ ਲਈ ਜ਼ਿੰਮੇਦਾਰ ਹੈ। ਜਦ ਆਦਮੀ ਮਰਦਾ ਹੈ, ਉਸ ਦੀ ਰੂਹ (Soul) ਬਚ ਜਾਂਦੀ ਹੈ। ਉਹ ਕਿਸੇ ਉਡੀਕ ਘਰ (Waiting Room) ਵਿੱਚ ਪਈ ਰਹਿੰਦੀ ਹੈ, ਜਦੋਂ ਸਾਰੀ ਦੁਨੀਆਂ ਦੇ ਸਾਰੇ ਬੰਦੇ ਮਰ ਜਾਂਦੇ ਹਨ ਤੇ ਹਰ ਰੂਹ ਆਪਣੇ ਪਹਿਲਾਂ ਵਾਲੇ ਸ਼ਰੀਰ ਵਿੱਚ ਪ੍ਰਵੇਸ਼ ਕਰਦੀ ਹੈ, ਸਭ ਜੀਂਦੇ ਲੋਕ ਈਸ਼ਵਰ ਅੱਗੇ ਪੇਸ਼ ਕੀਤੇ ਜਾਂਦੇ ਹਨ, ਉਦੋਂ ਸਾਰੇ ਮੁਰਦੇ ਜੀਂਦੇ ਹੋ ਜਾਂਦੇ ਹਨ, ਜਿਨ੍ਹਾਂ ਜੀਸਸ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਜੀਵਿਆ ਹੋਵੇਗਾ, ਉਨ੍ਹਾਂ ਨੂੰ ਸਵਰਗ ਵਿੱਚ ਅਤੇ ਦੂਜਿਆਂ ਨੂੰ ਨਰਕ ਵਿੱਚ ਭੇਜ ਦਿੱਤਾ ਜਾਵੇਗਾ, ਜਿੱਥੇ ਉਹ ਸਦਾ ਲਈ ਰਹਿਣਗੇ।

ਇਸਲਾਮ : ਕੁਰਆਨ ਵਿੱਚ ਸਵਰਗ ਅਤੇ ਨਰਕ ਦੇ ਚਿੱਤਰ ਬਹੁਤ ਵਿਸਥਾਰ ਨਾਲ ਅੰਕਿਤ ਕੀਤੇ ਗਏ ਹਨ, ਸਵਰਗ ਵਿੱਚ ਹਰੀਆਂ ਚਰਗਾਹਾਂ, ਸੁੰਦਰ ਬਾਗ, ਪਾਣੀ ਦੀਆਂ ਨਹਿਰਾਂ ਅਤੇ ਪੱਕੇ ਫਲਾਂ ਨਾਲ ਭਰੇ ਬਗੀਚੇ ਹਨ, ਸ਼ਰਾਬ (Wine) ਦੀ ਬਹੁਤਾਇਤ ਹੈ, ਕਾਲੀਆਂ ਅੱਖੀਆਂ ਵਾਲੀਆਂ ਸੁੰਦਰ ਨੱਢੀਆਂ ਇੱਧਰ ਉੱਧਰ ਘੁੰਮਦੀਆ ਫਿਰਦੀਆਂ ਹਨ, ਕੁਰਆਨ ਵਿੱਚ ਇੱਕ ਨਹੀਂ, ਸਗੋਂ 7 ਸਵਰਗ ਦੱਸੇ ਗਏ ਹਨ, ਇਸੇ ਤਰ੍ਹਾਂ ਕੁਰਆਨ ਅਨੁਸਾਰ ਨਰਕ ਵੀ ਸੱਤ ਹਨ।

ਜਦ ਬੰਦਾ ਮਰਦਾ ਹੈ, ਉਸ ਦੀ ਰੂਹ ਅਲ-ਬਰਜ਼ਾਕ (Al-Berzahk) ਨਾਂ ਦੇ ਉਡੀਕ ਘਰ ਵਿੱਚ ਉਦੋਂ ਤੱਕ ਪਈ ਰਹਿੰਦੀ ਹੈ, ਜਦੋਂ ਤੱਕ ਸਾਰੀ ਦੁਨੀਆ ਦੇ ਸਾਰੇ ਲੋਕ ਮਰ ਨਹੀਂ ਜਾਂਦੇ।

ਜਿਸ ਦਿਨ ਅੱਲਾਹ ਦੀ ਅਦਾਲਤ ਵਿੱਚ ਆਖਰੀ ਫੈਸਲਾ ਹੁੰਦਾ ਹੈ, ਉਸ ਦਿਨ ਭਲੇ ਲੋਕ ਸਵਰਗ ਵਿੱਚ ਤੇ ਭੈੜੇ ਲੋਕ ਨਰਕ ਵਿੱਚ ਭੇਜ ਦਿੱਤੇ ਜਾਂਦੇ ਹਨ, ਜਿੱਥੇ ਉਹ ਸਦਾ ਲਈ ਰਹਿੰਦੇ ਹਨ।

ਸਵਰਗ ਜਾਂ ਨਰਕ ਨੂੰ ਜਾਣ ਵਾਲੇ ਰਾਹ ਵਿੱਚ ਇਕ ਪੁਲ ਆਉਂਦਾ ਹੈ ਜਿਸ ਨੂੰ ਅਲ ਸਿਰਾਤ (Alsirat) ਕਿਹਾ ਜਾਂਦਾ ਹੈ, ਇਹ ਉਸੇ ਤਰ੍ਹਾਂ ਹੈ ਜਿਵੇਂ ਹਿੰਦੂਆਂ ਦੇ ਪੁਰਾਣਾਂ ਵਿੱਚ ਵੈਤਰਨੀ ਨਦੀ ਦਾ ਜ਼ਿਕਰ ਆਉਂਦਾ ਹੈ ਜੋ ਬੰਦੇ ਨੂੰ ਪਾਰ ਕਰਨੀ ਪੈਂਦੀ ਹੈ।

ਜਿਨ੍ਹਾਂ ਨੇ ਨਰਕ ਨੂੰ ਜਾਣਾ ਹੁੰਦਾ ਹੈ, ਉਨ੍ਹਾਂ ਲਈ ਇਹ ਪੁਲ ਤਲਵਾਰ ਦੀ ਧਾਰ ਦੇ ਬਰਾਬਰ ਬਣ ਜਾਂਦਾ ਹੈ, ਸਿੱਟੇ ਵਜੋਂ ਉਹ ਹੇਠਾਂ ਨਰਕ ਦੀ ਖਾਈ ਵਿੱਚ ਡਿੱਗ ਪੈਂਦੇ ਹਨ, ਪਰ ਸਵਰਗ ਨੂੰ ਜਾਣ ਵਾਲੇ ਇਸ ਨੂੰ ਮਜ਼ੇ ਨਾਲ ਪਾਰ ਕਰ ਲੈਂਦੇ ਹਨ, ਦੋਵੇਂ ਆਪਣੀ ਆਪਣੀ ਥਾਂ ਸਦਾ ਲਈ ਰਹਿੰਦੇ ਹਨ।

ਇਹ ਸਾਰੇ ਵਰਨਣ ਕੀ ਦਰਸਾਉਂਦੇ ਹਨ? ਇਹ ਇਹੋ ਦਰਸਾਉਂਦੇ ਹਨ ਕਿ ਬੰਦੇ ਨੇ, ਕਹਿਣਾ ਚਾਹੀਦਾ ਕਿ ਮਰਦ ਨੇ, ਮੌਤ ਦੀ ਭਿਆਨਕਤਾ ਤੋਂ ਭੈਭੀਤ ਹੋ ਕੇ ਤਰ੍ਹਾਂ ਤਰ੍ਹਾਂ ਦੀਆਂ ਕਲਪਨਾਵਾਂ ਕੀਤੀਆਂ ਹਨ, ਇਸੇ ਕਰਕੇ ਇੱਕ ਧਰਮ ਗ੍ਰੰਥ ਦੀ ਗੱਲ ਦੂਜੇ ਨਾਲ ਪੂਰੀ ਤਰ੍ਹਾਂ ਨਹੀਂ ਮਿਲਦੀ।

ਸਵਰਗ ਮਰਦ ਨੇ ਇੱਕ ਅਜਿਹੀ ਥਾਂ ਕਲਪਿਤ ਕੀਤੀ ਹੈ ਜਿਥੇ ਉਸ ਦੀਆਂ ਉਹ ਜ਼ਰੂਰਤਾਂ ਭਲੀ ਪ੍ਰਕਾਰ ਪੂਰੀਆਂ ਹੁੰਦੀਆਂ ਹਨ ਜੋ ਇਸ ਦੁਨੀਆਂ ਵਿੱਚ ਪੂਰੀਆਂ ਹੋਣੀਆਂ ਔਖੀਆਂ ਸਨ। ਉਹ ਇੱਥੇ ਕਈ ਕਈ ਸੁੰਦਰ ਔਰਤਾਂ ਨਾਲ ਆਨੰਦ ਨਹੀਂ ਮਨਾ ਸਕਦਾ ਸੀ, ਇੱਥੇ ਉਸ ਨੂੰ ਗਰਮੀਆਂ ਨੂੰ ਠੰਡੀ ਹਵਾ ਨਹੀਂ ਮਿਲਦੀ ਸੀ, ਉਸ ਪਾਸ ਫਲਾਂ ਦੇ ਬਾਗ ਨਹੀਂ ਸਨ, ਉਸ ਨੂੰ ਕਈ ਇਲਾਕਿਆਂ ਵਿੱਚ ਛਾਂਦਾਰ ਰੁੱਖ, ਹਰੇ ਭਰੇ ਮੈਦਾਨ ਅਤੇ ਪੀਣ ਨੂੰ ਸਾਫ ਤੇ ਠੰਡਾ ਪਾਣੀ ਨਹੀਂ ਮਿਲਦਾ ਸੀ। ਉਸ ਨੇ ਇਸ ਕਮੀ ਨੂੰ ਸਵਰਗ ਦੀ ਕਲਪਨਾ ਕਰਕੇ ਪੂਰਾ ਕੀਤਾ। ਇਸ ਨਾਲ ਮੌਤ ਦੀ ਭਿਆਨਕਤਾ ਵੀ ਘਟ ਗਈ ਕਿਉਂਕਿ ਜਦ ਉੱਥੇ ਐਨੀਆਂ ਮੌਜਾਂ ਹਨ, ਤਾਂ ਫਿਰ ਮੌਤ ਤੋਂ ਡਰ ਕਿਹਾ?

ਹੈ ਇਹ ਸਾਰੀ ਸਾਰੀ ਕਲਪਨਾ ਹੀ। ਇਸੇ ਲਈ ਜਦੋਂ ਕੋਈ ਹਿੰਦੂ ਸਵਰਗ ਦਾ ਸੁਪਨਾ ਦੇਖਦਾ ਹੈ ਤਾਂ ਉਥੇ ਹਿੰਦੂ ਦੇਵੀ ਦੇਵਤਾ, ਅਪਸਰਾਵਾਂ ਆਦਿ ਨੂੰ ਹੀ ਉਹ ਵੇਖਦਾ ਹੈ। ਇਸਾਈ ਨੂੰ ਉੱਥੇ ਈਸਾ ਮਸੀਹ ਵਿਖਾਈ ਦਿੰਦੇ ਹਨ। ਮੁਸਲਮਾਨ ਨੂੰ ਉਸੇ ਤਰ੍ਹਾਂ ਸਵਰਗ (ਬਹਿਸ਼ਤ) ਜਾਂ ਜੰਨਤ ਵਿਖਾਈ ਦਿੰਦਾ ਹੈ। ਜਿਸ ਤਰ੍ਹਾਂ ਦਾ ਕੁਰਆਨ ਵਿੱਚ ਚਿਤਰਿਤ ਕੀਤਾ ਗਿਆ ਹੈ। ਜੇ ਇਹ ਇਕ ਸਚਾਈ ਹੁੰਦੀ ਤਾਂ ਸਭ ਨੂੰ ਉੱਥੇ ਇਕੋ ਜਿਹੀਆਂ ਚੀਜਾਂ ਦਿਖਾਈ ਦਿੰਦੀਆਂ। ਪਰ ਨਹੀਂ, ਹਰ ਇਕ ਨੂੰ ਉਹੀਂ ਕੁੱਝ ਉੱਥੇ ਦਿਖਦਾ ਹੈ ਜੋ ਕੁਝ ਉਸ ਨੇ ਬਚਪਨ ਤੋਂ ਆਪਣੇ ਮਾਂ ਬਾਪ, ਧਰਮ ਗੁਰੂ, ਕਿੱਸੇ ਕਹਾਣੀ ਆਦਿ ਵਿੱਚ ਸੁਣਿਆ ਜਾਂ ਪੜ੍ਹਿਆ ਹੁੰਦਾ ਹੈ, ਇਸੇ ਲਈ ਇੱਕ ਦੀ ਗੱਲ ਦੂਜੇ ਨਾਲ ਹੀ ਨਹੀਂ ਸਗੋਂ ਇੱਕ ਦੀ ਹੀ ਪਹਿਲੀ ਗੱਲ ਬਾਅਦ ਵਾਲੀ ਗੱਲ ਨਾਲ ਨਹੀਂ ਮਿਲਦੀ। ਅਸੀਂ ਵੇਖਿਆ ਹੈ ਕਿ ਹਿੰਦੂਆਂ ਦੇ ਵੇਦ ਕੁਝ ਕਹਿੰਦੇ ਹਨ, ਪਰ ਬਾਅਦ ਦੇ ਗ੍ਰੰਥ ਕੁਝ

ਹੋਰ ਕਹਿੰਦੇ ਹਨ, ਇਸੇ ਤਰ੍ਹਾਂ ਪੁਰਾਣੇ ਯਹੂਦੀ ਧਰਮ ਗ੍ਰੰਥ ਕੁਝ ਕਹਿੰਦੇ ਹਨ, ਪਰ ਬਾਅਦ ਦੇ ਯਹੂਦੀ ਕੁਝ ਹੋਰ ਮੰਨਦੇ ਹਨ।

ਇਹ ਸਾਰੇ ਭਰਮ ਹਨ ਅਤੇ ਦਿਲ ਬਹਿਲਾਉਣ (ਖੁਸ਼ ਕਰਨ) ਦੇ ਤਰੀਕੇ ਹਨ, ਗਾਲਿਬ ਨੇ ਠੀਕ ਹੀ ਕਿਹਾ ਹੈ–

ਹਮਕੋ ਮਾਲੂਮ ਹੈ ਜੱਨਤ ਕੀ ਹਕੀਕਤ ਲੇਕਿਨ
ਦਿਲ ਬਹਿਲਾਨੇ ਕੋ ਗਾਲਿਬ ਯਹ ਖਿਆਲ ਅੱਛਾ ਹੈ,

ਸਾਹਿਰ ਨੇ ਕਿਹਾ ਹੈ:

ਅ਼ਕਾਇਦ ਵਹਮ ਹੈਂ, ਮਜ਼ਹਬ ਖਯਾਲੇ ਖਾਮ ਹੈ ਸਾਕ਼ੀ
ਅਜ਼ਲ ਸੇ ਜ਼ਹਨੇ–ਇਨਸਾਂ ਬਸਤਾ–ਏ–ਔਹਾਮ ਹੈ ਸਾਕ਼ੀ

ਭਾਵ ਅਰਥ : ਅਕੀਦੇ (ਮਾਨਤਾਵਾਂ) ਵਹਿਮ ਹਨ। ਮਜ਼ਹਬ ਅਧ ਕਚਰੀਆਂ ਧਾਰਨਾਵਾਂ ਹਨ। ਸ਼ੁਰੂ ਤੋਂ ਹੀ ਬੰਦੇ ਦਾ ਦਿਮਾਗ ਅੰਧ ਵਿਸ਼ਵਾਸ਼ਾਂ / ਵਹਿਮਾਂ ਭਰਮਾਂ ਨਾਲ ਭਰਿਆ ਹੋਇਆ ਹੈ।

ਸਾਹਿਰ ਆਖਦੇ ਹਨ ਕਿ ਅਖੌਤੀ ਸਿਆਣੇ ਜੋ ਆਪਣੀ ਵੱਲੋਂ ਸੱਚਾ ਗਿਆਨ ਦਿੰਦੇ ਹਨ,ਉਹ ਅਸਲ ਵਿੱਚ ਲੋਕਾਂ ਨੂੰ ਗੁੰਮਰਾਹ ਕਰਦੇ ਹਨ, ਉਨ੍ਹਾਂ ਦਾ ਗਿਆਨ, ਅਗਿਆਨ ਅਤੇ ਵਹਿਮਾਂ ਭਰਮਾਂ ਵੱਲੋਂ ਪਾਲਿਆ ਹੋਇਆ ਹੈ। ਉਨ੍ਹਾਂ ਦੀ ਗਿਆਨ ਰੂਪੀ ਦੁਲਹਨ ਦਾ ਪਾਲਣ ਪੋਸ਼ਣ ਅਗਿਆਨ ਅਤੇ ਵਹਿਮਾਂ ਭਰਮਾਂ ਨੇ ਕੀਤਾ ਹੈ, ਇਸ ਲਈ ਉਹ ਜੋ ਗਿਆਨ ਕਹਿ ਕੇ ਵੰਡ ਰਹੇ ਹਨ, ਉਹ ਅਸਲ ਵਿੱਚ ਅਗਿਆਨ ਹੀ ਹੈ –

'ਹਕ਼ੀਕ਼ਤ–ਆਸ਼ਨਾਈ' ਅਸਲ ਮੇਂ ਗੁਮ ਕਰਦਾ–ਰਾਹੀ ਹੈ,
ਉਰੂਸੇ ਆਗਹੀ ਪਰਵਰਦਾ–ਏ–ਇਬਹਾਮ ਹੈ ਸਾਕ਼ੀ।

ਇਨ੍ਹਾਂ ਵਹਿਮਾਂ–ਭਰਮਾਂ, ਅਗਿਆਨਤਾਵਾਂ ਆਦਿ ਨੂੰ ਹੀ ਕਈ ਤਰ੍ਹਾਂ ਦੇ ਨਾਂ ਦੇ ਕੇ ਸ਼ਿੰਗਾਰਿਆ ਗਿਆ ਹੈ, ਅਸਲੀਅਤ ਕੁਝ ਵੀ ਨਹੀਂ ਹੈ। ਕਬੀਰ ਇੱਕ ਥਾਂ ਕਹਿੰਦੇ ਹਨ ਕਿ ਕਥਿਤ ਸਵਰਗ–ਨਰਕ/ਪਰਲੋਕ ਆਦਿ ਤੋਂ ਕਦੇ ਕੋਈ ਨਹੀਂ ਆਇਆ ਜਿਸ ਦੇ ਪਾਸ ਜਾ ਕੇ ਇਹ ਪਤਾ ਲਗਾਇਆ ਜਾ ਸਕੇ ਕਿ ਉਥੇ ਕੀ ਹੈ ਤੇ ਕੀ ਨਹੀਂ ਹੈ। ਸਭ ਲੋਕ ਤਰ੍ਹਾਂ ਤਰ੍ਹਾਂ ਦੇ ਵਿਚਾਰਾਂ ਦਾ ਬੋਝਾ ਲੈ ਕੇ ਇਸ ਪਾਸਿਓਂ ਹੀ ਉਸ ਪਾਸੇ ਨੂੰ ਜਾ ਰਹੇ ਹਨ। ਇਸ ਲਈ ਅਖੌਤੀ ਦੂਸਰੀ ਦੁਨੀਆਂ ਦੀਆਂ ਗੱਲਾਂ ਨਿਰਅਧਾਰ ਹਨ :

ਉਤ ਤੇ ਕੋਈ ਨਾ ਆਇਆ ਜਾਸੋਂ ਪੂਛ ਧਾਏ,
ਇਤ ਤੇ ਸਭ ਹੀ ਜਾਤ ਹੈਂ ਭਾਰ ਲਦਾਏ ਲਦਾਏ।

ਧਰਮ ਨੇ ਸਵਰਗ ਦਾ ਲਾਲਚ ਦਿਖਾ ਕੇ ਬੰਦੇ ਨੂੰ ਚੰਗੇ ਕੰਮ ਕਰਨ ਲਈ ਪ੍ਰੇਰਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਵੀ ਧਰਮ ਆਪਣੇ ਪੈਰੋਕਾਰਾਂ ਨੂੰ ਇਹ ਲਾਲੀਪੋਪ ਫੜਾ ਕੇ ਸਿੱਧੇ ਰਾਹ ਤੋਰ ਨਹੀਂ ਸਕਿਆ। ਇਸੇ ਕਰਕੇ ਕੋਈ ਧਰਮ ਪੁਲਿਸ, ਅਦਾਲਤ, ਜੇਲ੍ਹ, ਸਜ਼ਾ ਆਦਿ ਤੋਂ ਮੁਕਤ ਨਹੀਂ ਹੈ। ਜੇਲ੍ਹਾਂ ਵਿੱਚ ਤੇ ਫਾਂਸੀ ਦੇ ਤਖਤੇ ਉੱਤੇ ਜੋ ਵੀ ਕੋਈ ਹੈ, ਉਹ ਕਿਸੇ ਨਾ ਕਿਸੇ ਧਰਮ ਦਾ ਹੀ ਅਨੁਯਾਈ ਹੈ। ਉਸ ਨੂੰ ਨਰਕ ਦਾ ਡਰ ਜਾਂ ਸਵਰਗ ਦਾ ਲੋਭ ਪਾਪ/ਅਪਰਾਧ ਕਰਨ ਤੋਂ ਬਚਾ ਨਹੀਂ ਸਕਿਆ।

ਇਸ ਦੇ ਉਲਟ ਕਈ ਅਤਿਵਾਦੀ ਤੇ ਆਤੰਕਵਾਦੀ ਕਈ ਤਰ੍ਹਾਂ ਦੇ ਪਾਪ/ਅਪਰਾਧ ਸਿਰਫ਼ ਇਸ ਲਈ ਕਰਦੇ ਹਨ ਕਿ ਉਨ੍ਹਾਂ ਨੂੰ ਉਸ ਧਰਮ ਦੀ ਪਿਲਾਈ ਗਈ ਘੁੱਟੀ ਦੀ ਮਾਦਕਤਾ ਇਤਨੀ ਤੇਜ ਹੈ ਕਿ ਉਨ੍ਹਾਂ ਨੂੰ ਉਕਤ ਪਾਪ/ਅਪਰਾਧ ਕਰਦਿਆਂ ਇਹ ਅਹਿਸਾਸ ਹੀ ਨਹੀਂ ਰਹਿ ਜਾਂਦਾ ਕਿ ਉਹ ਪਾਪ/ਅਪਰਾਧ ਕਰ ਰਹੇ ਹਨ। ਇਸ ਦੇ ਨਾਲ ਹੀ, ਉਨ੍ਹਾਂ ਨੂੰ ਉਹ ਸਵਰਗ/**Heaven**/ਜੱਨਤ/ਬਿਹਿਸ਼ਤ ਆਦਿ ਸਾਹਮਣੇ ਦਿਖਾਈ ਦੇਣ ਲੱਗ ਪੈਂਦਾ ਹੈ ਜਿਸ ਨੂੰ ਉਕਤ ਕਾਰੇ ਕਰਕੇ ਉਹ ਪ੍ਰਾਪਤ ਕਰਨ ਦੇ ਪੱਕੇ ਪਾਤਰ ਬਣ ਜਾਣਗੇ। ਇਸ ਤਰ੍ਹਾਂ ਉਨ੍ਹਾਂ ਨੂੰ ਅਖੌਤੀ ਤੌਰ ਤੇ ਮਿਲਣ ਵਾਲਾ ਸਵਰਗ/**Heaven**/ਬਹਿਸ਼ਤ ਦੂਜੇ ਲੋਕਾਂ ਲਈ ਘੋਰ ਨਰਕ ਬਣ ਜਾਂਦਾ ਹੈ।

ਜੇ ਇਹ ਮੰਨ ਵੀ ਲਿਆ ਜਾਵੇ ਕਿ ਸਵਰਗ ਆਦਿ ਦੇ ਲਾਲਚ ਨੇ ਕੁਝ ਲੋਕਾਂ ਨੂੰ ਬੁਰੇ ਰਾਹ ਜਾਣ ਤੋਂ ਰੋਕਿਆ ਹੈ, ਫਿਰ ਵੀ ਇਹ ਕਹਿਣਾ ਪਵੇਗਾ ਕਿ ਇਸ ਦੇ ਲਾਲਚ ਦੇ ਚੱਕਰ ਵਿੱਚ ਪੈ ਕੇ ਧਰਮਾਂਧ (**Fanatic**) ਅਤੇ ਆਤੰਕੀ ਲੋਕਾਂ ਨੇ ਬੁਰੇ ਕੰਮ ਕਿਤੇ ਜ਼ਿਆਦਾ ਕੀਤੇ ਹਨ ਅਤੇ ਆਪ ਸਵਰਗ ਜਾਣ ਦੇ ਅੰਨ੍ਹੇ ਲੋਭ ਨੇ ਇਨ੍ਹਾਂ ਦੇ ਹੱਥੋਂ ਦੁਨੀਆਂ ਨੂੰ 'ਨਰਕ' ਕਿਤੇ ਜ਼ਿਆਦਾ ਬਨਵਾਇਆ ਹੈ।

ਸਵਰਗ ਦਾ ਲਾਲਚ ਦੇ ਕੇ ਬੰਦੇ ਨੂੰ ਚੰਗੇ ਪਾਸੇ ਲਾਉਣ ਦੀਆਂ ਗੱਲਾਂ ਲਗਭਗ ਉਸੇ ਦਰਜੇ ਦੀਆਂ ਹਨ ਜਿਸ ਦਰਜੇ ਦੀ ਗੱਲ ਸਕੂਲ ਨਾ ਜਾਣ ਵਾਲੇ ਬੱਚੇ ਨੂੰ ਟੌਫੀ ਜਾਂ ਲੌਲੀਪਾਪ ਦੇਣਾ ਹੈ। ਇਸ ਨਾਲ ਆਦਮੀ ਨਾ ਤਾਂ ਨੈਤਿਕ ਬਣਦਾ ਹੈ ਤੇ ਨਾ ਹੀ ਧਰਮ ਦੀਆਂ ਉਨ੍ਹਾਂ ਨੇਕ ਗੱਲਾਂ ਨੂੰ ਅਪਨਾਉਂਦਾ ਹੈ ਜਿਨ੍ਹਾਂ ਦਾ ਪ੍ਰਚਾਰ ਕਰਨ ਦਾ ਧਰਮ ਦਾਅਵਾ ਕਰਦਾ ਹੈ। ਤੁਸੀਂ ਬੱਚੇ ਨੂੰ ਤਾਂ ਲੌਲੀਪਾਪ ਨਾਲ ਪਰਚਾ ਸਕਦੇ ਹੋ ਪਰ ਬਾਲਿਗ ਬੰਦੇ ਨਾਲ ਵੀ ਬੱਚੇ ਵਾਂਗ ਹੀ ਵਰਤਾਉ ਕਰਨਾ ਕਿੰਨਾ ਕੁ ਸਿਆਣਾਪਨ ਹੈ, ਇਹ ਹਰ ਸਮਝਦਾਰ ਨੂੰ ਸੋਚਣਾ ਚਾਹੀਦਾ ਹੈ।

ਆਦਮੀ ਨੂੰ ਸਵਰਗ ਵਿੱਚ ਮਿਲਣ ਵਾਲੀ ਵਧੀਆ ਸ਼ਰਾਬ ਦਾ ਲਾਲਚ ਦਿਖਾ ਕੇ ਸ਼ਰਾਬ ਪੀਣੋ ਰੋਕਣਾ ਜਾਂ ਉਸ ਨੂੰ ਸਵਰਗ ਵਿੱਚ ਖੁਲ੍ਹੇਆਮ ਔਰਤਾਂ ਨਾਲ ਆਨੰਦ ਮਨਾਉਣ ਦਾ ਭਰੋਸਾ ਦੇ ਕੇ ਇਸ ਦੁਨੀਆਂ ਵਿੱਚ ਵਿਭਚਾਰ ਤੋਂ ਰੋਕਣਾ, ਕਿੰਨਾ ਕੁ ਨੈਤਿਕ ਹੈ, ਇਹ ਵੀ ਸੋਚਣ ਵਾਲੀ ਗੱਲ ਹੈ, ਜੇ ਇਹ ਸਭ ਏਥੇ ਮਾੜਾ ਹੈ ਤਾਂ ਉਸ 'ਪਵਿੱਤਰ' ਸਵਰਗ ਵਿੱਚ ਇਹ ਚੰਗਾ ਕਿਵੇਂ ਹੋ ਜਾਵੇਗਾ, ਜਿਥੇ ਪਹੁੰਚਣ ਲਈ ਏਨੇ ਪਾਪੜ ਬੇਲਣੇ ਪੈਂਦੇ ਹਨ?

ਇੱਕ ਸੱਚੇ, ਪਵਿੱਤਰ ਅਤੇ ਇਮਾਨਦਾਰ ਆਦਮੀ ਦਾ ਕਹਿਣਾ ਹੈ ਕਿ ਮੈਂ ਭਗਤੀ ਤਾਂ ਇਸ ਲਈ ਕੀਤੀ ਸੀ ਕਿ ਮੈਂ ਪਵਿੱਤਰ ਬਣਾਂ ਅਤੇ ਮੇਰੇ ਮਨ 'ਚੋਂ ਸ਼ਹਿਦ (ਮਿੱਠੀ ਸ਼ਰਾਬ) ਦੀ ਲਾਲਸਾ ਖਤਮ ਹੋ ਜਾਵੇ; ਪਰ ਜੇ ਮੈਨੂੰ ਭਗਤੀ ਦੇ ਬਦਲੇ ਬਹਿਸ਼ਤ ਵਿੱਚ ਜਾ ਕੇ ਉਹੀ ਸ਼ਰਾਬ ਹੀ ਪੀਣ ਨੂੰ ਮਿਲਣੀ ਹੈ ਤਾਂ ਚੰਗਾ ਹੋਵੇ ਜੇ ਕੋਈ ਇਸ ਬਹਿਸ਼ਤ ਨੂੰ ਚੁੱਕ ਕੇ ਨਰਕ (ਦੋਜ਼ਖ) ਵਿੱਚ ਸੁੱਟ ਦੇਵੇ :

ਤਾਇਤ ਮੇਂ ਤਾ ਰਹੇ ਨਾ ਮੈਂ ਓ ਆਂਗਵੀਂ ਕੀ ਲਾਰਾ
ਦੋਜ਼ਖ ਮੇਂ ਡਾਲ ਦੇ ਕੋਈ ਲੇਕਰ ਬਹਿਸ਼ਤ ਕੋ।

ਠਠਰ ਮਾਤਾ

ਮਾਸਟਰ ਰਤਨ ਸਿੰਘ ਖੇੜੀ
94634-44556

ਉਦੋਂ ਮੈਂ ਕਾਲਜ ਵਿੱਚ ਪੜ੍ਹਦਾ ਸਾਂ। ਮੇਰੇ ਛੋਟੇ ਭਰਾ ਬਿੱਲੂ ਨੂੰ ਕੜਕੜਾ ਕੇ ਬੁਖਾਰ ਚੜ੍ਹ ਗਿਆ। ਹਕੀਮ ਤੋਂ ਦਵਾਈ ਵੀ ਲਿਆ ਕੇ ਦਿੱਤੀ। ਬੁਖਾਰ ਉਤਰਨ ਦਾ ਨਾਂ ਹੀ ਨਾ ਲਵੇ। ਦਰਅਸਲ ਉਸ ਨੂੰ 'ਮਾਈ' (ਚੇਚਕ) ਨਿਕਲਣ ਵਾਲੀ ਸੀ। ਬਰੀਕ ਬਰੀਕ ਲਾਲ ਚਿੱਟੇ ਦਾਣੇ ਜਿਹੇ ਵੀ ਛਾਤੀ ਤੇ ਪ੍ਰਗਟ ਹੋਣ ਲੱਗੇ ਸਨ। ਬੇਬੇ ਤਾਂ ਬਹੁਤ ਹੀ ਚਿੰਤਾ ਵਿੱਚ ਸੀ। ਲਾਡਲਾ ਹੋਣ ਕਾਰਣ ਉਸਦੀ ਸੇਵਾ ਵਿੱਚ ਉਸ ਦੇ ਬਿਸਤਰ ਤੋਂ ਕਦੇ ਪਾਸੇ ਨਾ ਹੁੰਦੀ। ਗੁਆਂਢੀ ਤੇ ਰਿਸ਼ਤੇਦਾਰ ਖਬਰ ਸਾਰ ਲਈ ਆਉਂਦੇ ਤੇ ਅਣਮੰਗੀਆਂ ਸਲਾਹਾਂ ਦੇਈ ਜਾਂਦੇ। ਤੁਹਾਥੋਂ ਕੋਈ ਭੁੱਲ ਹੋ ਗਈ ਹੈ। ਇਸ ਵਾਰ ਕੁਰਾਲੀ ਮਾਤਾ ਦੇ ਥਾਨਾਂ ਤੇ ਮੱਥਾ ਟੇਕ ਆਈ ਸੀ ਕਿ ਨਹੀਂ। ਹੁਣੇ ਮਾਤਾ ਦਾ ਗੁਲਗੁਲੇ ਕਚੌਰੀਆਂ ਦਾ ਸੀਧਾ ਬੱਚੇ ਨੂੰ ਛੂਹਾ ਕੇ ਵੱਖ ਰੱਖ ਲਓ। ਠੀਕ ਹੋਣ ਤੇ ਸੁੱਖ ਜ਼ਰੂਰ ਉਤਾਰ ਕੇ ਆਉਣਾ।

ਬੇਬੇ ਵੀ ਉਹਨਾਂ ਦੀ ਹਾਂ ਵਿੱਚ ਹਾਂ ਮਿਲਾਈ ਜਾਂਦੀ। ਹਾਂ, ਭਾਈ ਇਸ ਵਾਰ ਮੈਂ ਹਰ ਸਾਲ ਦੀ ਤਰ੍ਹਾਂ ਬੱਚੇ ਨੂੰ ਕੁਰਾਲੀ ਮਾਤਾ ਦੇ ਥਾਨਾਂ ਤੇ ਮੱਥਾ ਟਿਕਾ ਕੇ ਚੜ੍ਹਾਵਾ ਨਹੀਂ ਚੜ੍ਹਾ ਸਕੀ। ਇਹ ਭੁੱਲ ਜ਼ਰੂਰ ਹੋਈ ਹੈ। ਉੱਤਰ ਮਿਲਿਆ 'ਤਾਹੀਓਂ' ਮਾਤਾ ਰਾਣੀ ਬੱਚੇ ਤੋਂ ਕੁੰਠ ਗਈ ਹੈ। ਬਿੱਲੂ ਵੀ ਰਾਤ ਨੂੰ ਤੇਜ਼ ਬੁਖਾਰ ਵਿੱਚ ਬੁੜਬੁੜਾਉਣ ਲੱਗਿਆ, 'ਮੈਂ ਮਾਤਾ ਰਾਣੀ ਹਾਂ, ਤੁਸੀਂ ਮੇਰੀ ਸੁਖ ਕਿਉਂ ਨਹੀਂ ਉਤਾਰੀ? ਤੁਸੀਂ ਕੁਰਾਲੀ ਆ ਕੇ ਮੇਰੇ ਥਾਨਾਂ ਤੇ ਚੜ੍ਹਾਵਾਂ ਕਿਉਂ ਨਹੀਂ ਚੜ੍ਹਾਇਆ? ਮੈਂ ਬਿੱਲੂ ਨੂੰ ਨਹੀਂ ਛੱਡਾਂਗੀ?'' ਆਦਿ।

ਬੇਬੇ ਬਹੁਤ ਡਰ ਗਈ। ਮੈਂ ਉਸ ਨੂੰ ਬਹੁਤ ਦਿਲਾਸਾ ਦਿੱਤਾ, ''ਇਹ ਤਾਂ ਡਰਿਆ ਹੋਇਆਂ ਸੁਣੀਆਂ-ਸੁਣਾਈਆਂ ਗੱਲਾਂ ਤੇਜ਼ ਬੁਖਾਰ ਕਾਰਨ ਬੁੜਬੁੜਾ ਰਿਹਾ ਹੈ, ਚੇਚਕ ਦੇ ਪੂਰੇ ਦਾਣੇ ਨਿਕਲਣ ਤੋਂ ਬਾਅਦ ਬੁਖਾਰ ਉਤਰ ਜਾਵੇਗਾ, ਇਸਨੂੰ ਸਕੂਲ ਵਿੱਚ ਚੇਚਕ ਦੇ ਟੀਕੇ ਲੱਗੇ ਹੋਏ ਹਨ, ਬੀਮਾਰੀ ਵਿਗੜੇਗੀ ਨਹੀਂ।'' ਬੇਬੇ ਕਹੇ, ''ਨਹੀਂ ਪੁੱਤਰ, ਜੇ ਮਾਈ ਕੁੰਠ ਜਾਵੇ ਤਾਂ ਟੀਕੇ ਟੂਕੇ ਵੀ ਕੁੱਝ ਨਹੀਂ ਕਰਦੇ।'' ਉਸ ਨੇ ਸਵਾ ਸੇਰ ਗੁਲਗੁਲੇ ਕਚੌਰੀਆਂ ਦਾ ਸੁੱਕਾ ਸੀਧਾ ਬਿੱਲੂ ਨੂੰ ਛੂਹਾ ਕੇ ਰੱਖ ਲਿਆ। ਕੁੱਝ ਦਿਨਾਂ ਵਿੱਚ ਬਿੱਲੂ ਪੂਰਾ ਤੰਦਰੁਸਤ ਹੋ ਗਿਆ। ਮੈਂ ਬਿੱਲੂ ਦੇ ਮਨ 'ਚੋਂ ਅੰਧ ਵਿਸ਼ਵਾਸ ਤੇ ਡਰ ਕੱਢਣ ਵਿੱਚ ਤਾਂ ਸਫਲ ਹੋ ਗਿਆ। ਪਰ ਬੇਬੇ ਦੀ ਤਸੱਲੀ ਅਗਲੇ ਮੰਗਲਵਾਰ ਨੂੰ ਕੁਰਾਲੀ ਦੇ ਥਾਨਾਂ ਤੇ ਪਕਵਾਨ ਤੇ ਕਾਲੇ ਮੁਰਗੇ ਦਾ ਚੜ੍ਹਾਵਾ ਚੜ੍ਹਾ ਕੇ ਹੀ ਹੋਈ। ਅਸੀਂ ਸਾਥੀਆਂ ਸਮੇਤ ਅੱਜ ਤੱਕ ਸਮਾਜ 'ਚੋਂ ਇਸ ਤਰ੍ਹਾਂ ਦੇ ਅੰਧ ਵਿਸ਼ਵਾਸ ਤੇ ਵਹਿਮ ਭਰਮ ਦੂਰ ਦਰਨ ਦੀ ਮੁਹਿੰਮ ਵਿੱਢੀ ਹੋਈ ਹੈ।

ਅਪੀਲ

ਕਈ ਸਾਲ ਤੋਂ ਤਰਕਸ਼ੀਲ ਭਵਨ ਅੰਦਰ ਇੱਕ ਵੱਡਾ ਹਾਲ ਬਣਾਉਣ ਦੀ ਤਜ਼ਵੀਜ਼ ਵਿਚਾਰ ਅਧੀਨ ਚਲੀ ਆ ਰਹੀ ਸੀ। ਹੁਣ ਕੁੱਝ ਮਹੀਨੇ ਪਹਿਲਾਂ ਇਸ ਬਾਰੇ ਸੂਬਾ ਕਮੇਟੀ ਨੇ ਫੈਸਲਾ ਲੈ ਲਿਆ ਕਿ ਇਹ ਹਾਲ ਬਣਾਇਆ ਜਾਵੇ। ਇਸ ਹਾਲ 'ਤੇ ਅੰਦਾਜ਼ਨ 30-35 ਲੱਖ ਰੁਪੈ ਖਰਚ ਆਉਣਾ ਹੈ। ਇਹ ਹਾਲ ਅਜਿਹਾ ਹੋਵੇਗਾ ਕਿ ਇਸ ਵਿੱਚ ਮੀਟਿੰਗਾਂ, ਛਿਮਾਹੀ ਇਕੱਤਰਤਾਵਾਂ ਅਤੇ ਇਜਲਾਸ ਆਸਾਨੀ ਨਾਲ ਹੋ ਸਕਣਗੇ। ਇਸ ਅੰਦਰ ਬਕਾਇਦਾ ਲਾਇਬਰੇਰੀ ਵੀ ਖੋਲੀ ਜਾਵੇਗੀ। ਇਸ ਹਾਲ ਦੀ ਭਰਾਤਰੀ ਜਥੇਬੰਦੀਆਂ ਵੀ ਵਰਤੋਂ ਕਰ ਸਕਣਗੀਆਂ।

ਪਰ ਸੁਸਾਇਟੀ ਕੋਲ ਇਸ ਸਮੇਂ ਇੰਨੀ ਪੂੰਜੀ ਨਹੀਂ ਹੈ ਕਿ ਉਹ ਆਪਣੇ ਤੌਰ 'ਤੇ ਇਸਦੀ ਉਸਾਰੀ ਕਰਵਾ ਸਕੇ। ਇਸ ਲਈ ਤਰਕਸ਼ੀਲ ਸੁਸਾਇਟੀ ਆਪਣੇ ਸਾਰੇ ਜੋਨਾਂ ਅਤੇ ਯੂਨਿਟਾਂ ਨੂੰ ਅਪੀਲ ਕਰਦੀ ਹੈ ਕਿ ਉਹ ਸੂਬਾ ਕਮੇਟੀ ਨੂੰ ਸੂਚਿਤ ਕਰਨ ਕਿ ਉਹ ਇਸ ਕਾਰਜ ਵਿੱਚ ਵੱਧ ਤੋਂ ਵੱਧ ਕਿੰਨਾ ਯੋਗਦਾਨ ਪਾ ਸਕਦੇ ਹਨ। ਇਸ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਅਤੇ ਤਰਕਸ਼ੀਲ ਲਹਿਰ ਦੇ ਦੇਸ਼-ਵਿਦੇਸ਼ 'ਚ ਰਹਿ ਰਹੇ ਹਮਦਰਦਾਂ ਨੂੰ ਵੀ ਅਪੀਲ ਹੈ ਕਿ ਉਹ ਇਸ ਵਿੱਚ ਕਿੰਨਾ ਕੁ ਯੋਗਦਾਨ ਪਾ ਸਕਦੇ ਹਨ, ਇਸ ਬਾਰੇ ਉਹ ਵੀ ਸੂਬਾਈ ਦਫਤਰ ਨੂੰ ਸੂਚਿਤ ਕਰਨ। ਇਹ ਸੂਚਨਾ ਆਉਣ ਤੋਂ ਬਾਅਦ ਆਉਣ ਵਾਲੀ ਸਹਾਇਤਾ ਦਾ ਅੰਦਾਜ਼ਾ ਲਗ ਸਕੇਗਾ। ਇਸ ਅੰਦਾਜ਼ੇ ਤੋਂ ਬਾਅਦ ਹੀ ਇਸ ਹਾਲ ਦੀ ਉਸਾਰੀ ਦਾ ਕੰਮ ਆਰੰਭਿਆ ਜਾਵੇਗਾ।

ਸੂਬਾ ਕਮੇਟੀ ਆਸ ਕਰਦੀ ਹੈ ਕਿ ਇਸ ਹਾਲ ਦੀ ਉਸਾਰੀ 'ਚ ਸਾਰੇ ਵੱਧ ਤੋਂ ਵੱਧ ਯੋਗਦਾਨ ਪਾ ਕੇ ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਦਾ ਮਾਣ ਹਾਸਲ ਕਰਨਗੇ।

ਸੂਬਾ ਕਮੇਟੀ, ਤਰਕਸ਼ੀਲ ਸੁਸਾਇਟੀ ਪੰਜਾਬ ਰਜਿ.
ਮੁੱਖ ਦਫਤਰ, ਤਰਕਸ਼ੀਲ ਭਵਨ, ਤਰਕਸ਼ੀਲ ਚੌਂਕ, ਬਰਨਾਲਾ
ਮੋ: 98769-53561

ਸਿਹਤ ਵਿਗਿਆਨ

ਉਨੀਂਦਰੇ ਤੋਂ ਕਿਵੇਂ ਬਚੀਏ

ਬਲਵਿੰਦਰ ਬਰਨਾਲਾ
98147-32122



ਉਨੀਂਦਰਾ ਨੀਂਦ ਤੋਂ ਵੰਚਤ ਹੋਣ ਦਾ ਵਰਤਾਰਾ ਹੈ।ਅੱਜ ਕੱਲ੍ਹ ਇਹ ਸਭ ਲਈ ਵਧ ਰਹੀ ਸਮੱਸਿਆ ਹੈ ਮਨੁੱਖ ਅੰਦਰ ਜੀਵਨ ਨੂੰ ਹੋਰ ਸੁਖਾਲਾ ਬਣਾਉਣ ਦੀ ਦੌੜ ਦਿਨੋਂ ਦਿਨ ਵਧੀ ਹੈ ਮਨੁੱਖ ਜ਼ਿੰਦਗੀ ਦੇ ਸਧਾਰਨ ਪੜਾਅ ਤੋਂ ਲਗਾਤਾਰ ਗੁੰਝਲਦਾਰ ਪੜਾਅ ਵੱਲ ਵਧਦਾ ਆਇਆ ਹੈ ਉਸਦੇ ਨਵੇਂ ਟੀਚੇ ਅਤੇ ਉਹਨਾਂ ਦੀ ਪੂਰਤੀ ਅਕਸਰ ਉਸਦੀ ਨੀਂਦ ਹਰਾਮ ਕਰਦੇ ਰਹਿੰਦੇ ਹਨ ਹੁਣ ਉਹ ਉਲਾਦ ਲਈ ਪਹਿਲਾਂ ਨਾਲੋਂ ਕਿਤੇ ਵਧੇਰੇ ਚਿੰਤਤ ਹੈ। ਵਿਗਿਆਨ ਨੇ ਜਿੱਥੇ ਉਸ ਲਈ ਅਰਾਮ ਵਿਚ ਵਾਧਾ ਕੀਤਾ, ਉਥੇ ਉਸਦੀ ਦੁਰਵਰਤੋਂ ਨੇ ਉਸ ਲਈ ਸਮੱਸਿਆਵਾਂ ਵੀ ਪੈਦਾ ਕੀਤੀਆਂ ਹਨ। ਉਦਹਾਰਣ ਵਜੋਂ ਟੀ.ਵੀ., ਕੰਪਿਊਟਰ, ਸੀ.ਡੀ. ਪਲੇਅਰ ਆਦਿ ਉਸ ਲਈ ਮਨੋਰੰਜਨ ਦਾ ਕਾਰਨ ਤਾਂ ਬਣੇ ਹਨ ,ਉਸ ਲਈ ਸਮਾਂ ਪਾਸ ਕਰਨ ਦੇ ਵਧੀਆਂ ਸਾਧਨ ਹਨ ਪਰੰਤੂ ਇਸਦੀ ਘੰਟਿਆਂ ਬੱਧੀ ਵਰਤੋਂ ਅਤੇ ਸੌਣ ਕਮਰਿਆ ਤੱਕ ਲੈ ਜਾਣ ਨੇ ਨੀਂਦ ਦੀ ਸਮੱਸਿਆ ਵਿੱਚ ਵਾਧਾ ਕੀਤਾ ਹੈ। ਇਸ ਦੇ ਕਾਰਨ ਹਨ-ਪਹਿਲਾ ਮਨੋਰੰਜਨ ਦੇ ਸ਼ੌਕ ਨੂੰ ਪੂਰਾ ਕਰਨ ਲਈ ਨੀਂਦ ਦਾ ਨਿਸਚਤ ਸਮਾਂ ਲੰਘਾ ਦੇਣਾ ਅਤੇ ਦੂਸਰਾ ਲਗਾਤਾਰ ਅੱਖਾਂ ਉਪਰ ਪੈਂਦਾ ਲਾਈਟ ਦਾ ਦਬਾਅ ਕੇਵਲ ਅੱਖਾਂ ਦੇ ਤੰਤੂਆਂ ਅਤੇ ਮਾਸਪੇਸ਼ੀਆਂ ਵਿੱਚ ਹੀ ਤਣਾਅ ਪੈਦਾ ਨਹੀਂ ਕਰਦਾ ਸਗੋਂ ਦਿਮਾਗੀ ਕੇਂਦਰਾ ਨੂੰ ਵੀ ਦਬਾਅ ਅਧੀਨ ਲਿਆਉਂਦਾ ਹੈ ।ਜਿਸ ਕਾਰਨ ਨੀਂਦ ਵਿਚਲੇ ਵਹਾਅ ਵਿਚ ਵਿਘਨ ਪੈ ਜਾਂਦਾ ਹੈ ।ਜੇ ਨੀਂਦ ਦੇ ਪੈਟਰਨ ਵਿਚ ਵਾਰ ਵਾਰ ਤਬਦੀਲੀ ਆਵੇਗੀ ਤਾਂ ਨੀਂਦ ਦੇ ਸਰਕਲ ਦੀ ਘੜੀ (circadian clock) ਦੀਆਂ ਸੂਈਆਂ ਹਿੱਲ ਜਾਣਗੀਆਂ ਅਤੇ ਇਹਨਾ ਦੇ ਟਾਇਮ ਦੀ ਮੁੜ ਸੈਟਿੰਗ ਕਰਨ ਲਈ ਸਮਾਂ ਲਗੇਗਾ ।ਕਈ ਵਾਰ ਤਾਂ ਇਸ ਨੂੰ ਥਾਂ ਸਿਰ ਲਿਆਉਂਣ ਲਈ ਨੀਂਦ ਵਾਲੀਆਂ ਗੋਲੀਆਂ ਦਾ ਸਹਾਰਾ ਲੈਣਾ ਪੈ ਸਕਦਾ ਹੈ ।ਜਿਸਦੇ ਹੋਰ ਖਤਰੇ ਵੀ ਉਤਪੰਨ ਹੋ ਸਕਦੇ ਹਨ ਭਾਵ ਇਹਨਾਂ ਦੀ ਲਗਾਤਾਰ ਵਰਤੋਂ ਮਨੁੱਖ ਨੂੰ ਨਾ ਕੇਵਲ ਆਦੀ (Adictive) ਬਣਾ ਦੇਵੇਗੀ ਸਗੋਂ ਇਸਦੀ ਮਾਤਰਾ ਹਰ ਹਫਤੇ ਵਧਦੀ ਜਾਵੇਗੀ ।ਨੀਂਦ ਲਈ ਇਕੋ ਸਮੇਂ 30 ਗੋਲੀਆਂ ਦਾ ਫੱਕਾ ਮਾਰਨ ਵਾਲੇ ਮਰੀਜ਼ ਦੀ ਮੇਰੇ ਪਾਸ ਉਦਹਾਰਣ ਹੈ । ਫਿਰ ਇਸ ਤੋਂ ਖਹਿੜਾ ਛਡਾਉਣ ਲਈ ਸਾਈਕੈਟਰਿਸਟ ਅਤੇ ਸਾਈਕੋਥੇਰਾਪਿਸਟ ਦਾ ਸਹਾਰਾ ਲੈਣਾ ਪੈਂਦਾ ਅਤੇ ਬਿਨ੍ਹਾਂ ਹਸਪਤਾਲ ਦਾਖਲ ਖਹਿੜਾ ਨਹੀਂ ਛੁਟਦਾ।

ਨੀਂਦ ਸਬੰਧੀ ਕਈ ਕਿਸਮ ਦੀਆਂ ਸ਼ਿਕਾਇਤਾਂ ਸੁਣਨ ਨੂੰ ਮਿਲਦੀਆਂ ਹਨ ਜਿਸ ਤਰ੍ਹਾਂ 1. ਨੀਂਦ ਦਾ ਬਿਲਕੁਲ ਨਾ ਆਉਣਾ 2. ਨੀਂਦ ਘੱਟ ਆਉਣੀ 3. ਨੀਂਦ ਦਾ ਟੁਟਵੇਂ ਰੂਪ ਵਿੱਚ ਆਉਣਾ 4.ਦੇਰ ਰਾਤ ਅੱਖ ਖੁੱਲ੍ਹ ਜਾਣਾ ਅਤੇ ਮੁੜ ਨੀਂਦ ਦਾ ਨਾ ਆਉਣਾ 5.ਦਿਨੇ ਨੀਂਦ ਆਉਣੀ ਜਾਂ ਟੂਲੇ ਲੈਂਦੇ ਰਹਿਣਾ 6.ਕਾਰ ਚਲਾਉਂਦੇ ਸਮੇਂ ਅੱਖ ਲੱਗ ਜਾਣੀ ਆਦਿ।

ਇਨਸਾਈਕਲੋਪੀਡੀਆ ਵਿੱਚ ਨੀਂਦ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਦਰਜ਼ ਹੈ "ਨੀਂਦ ਚੇਤਨਾ ਦਾ ਵਕਤੀ ਤੌਰ ਤੇ ਕੁਝ ਸਮੇਂ ਲਈ ਮੁਅਤਲ ਹੋਣਾ ਹੈ ,ਜਿਸ ਨਾਲ ਸਰੀਰਕ ਸ਼ਕਤੀਆਂ ਮੁੜ ਸਥਾਪਤ ਅਤੇ ਜਥੇਬੰਦ ਹੋ ਜਾਂਦੀਆਂ ਹਨ"

ਹੇਨਰੀ ਚੌਥਾ ਨੀਂਦ ਵਾਰੇ ਇਸ ਤਰਾਂ ਬਿਆਨਦਾ ਹੈ। **"ਓ ! ਨੀਂਦ,ਪਿਆਰੀ ਨੀਂਦ,ਕੁਦਰਤ ਬਖਸ਼ੀ ਨਰਸ,ਤੈਂ ਮੈਨੂੰ ਕਿੰਨ੍ਹਾ ਡਰਾ ਦਿੱਤਾ ਹੈ, ਤੂੰ ਹੁਣ ਮੇਰੀਆਂ ਅੱਖਾਂ ਦੀਆਂ ਪਲਕਾਂ ਤੇ ਹੋਰ ਭਾਰ ਨਹੀਂ ਪਾਏਂਗੀ ਅਤੇ ਕੀ ਹੁਣ ਮੇਰੀਆਂ ਗਿਆਨ ਇੰਦਰੀਆਂ ਭੁਲੱਕੜਪੁਣੇ ਵਿਚੋਂ ਗੁਜਰਨਗੀਆਂ ?"**

ਕਈ ਵਾਰ ਤੁਹਾਨੂੰ ਨੀਂਦ ਤਾਂ ਆਉਂਦੀ ਹੈ ਪਰ ਸਰੀਰ ਜਾਗਣ ਤੋਂ ਬਾਅਦ ਤਾਜ਼ਾ ਮਹਿਸੂਸ ਨਹੀਂ ਕਰਦਾ ।ਰਾਤ ਨੂੰ ਜਾਂ ਸਵੇਰੇ ਉਠਣ ਸਾਰ ਸਿਰਦਰਦ ਦੀ ਸ਼ਕਾਇਤ ਰਹਿੰਦੀ ਹੈ ।ਇਸ ਦਾ ਭਾਵ ਹੈ ਕਿ ਆਪ ਸਹੀ ਸੌਂ ਨਹੀਂ ਪਾ ਰਹੇ ਹੁੰਦੇ ।ਵਾਰ ਵਾਰ ਅੱਖ ਖੁੱਲਣੀ, ਜਾਂ ਅੱਧੀ ਰਾਤ ਜਾਂ ਸਵੱਖਤੇ ਜਾਗ ਖੁਲ੍ਹ ਜਾਣੀ ਆਦਿ ਕਾਰਨ ਸਿਰਦਰਦ ਹੁੰਦਾ ਹੈ ।ਨੀਦ ਦੇ ਵਾਰ ਵਾਰ ਖੁੱਲ੍ਹਣ ਪਿਛੇ ਕਿਸੇ ਕਾਰਨ ਸਾਹ ਦਾ ਵਕਤੀ ਤੌਰ ਤੇ ਰੁਕਣਾ(Narcolepsy),ਵੀ ਹੋ ਸਕਦੀ ਹੈ। ਘੁਰਾੜੇ ਮਾਰਨ ਵਾਲੇ ਨਾਰਕੋਲੈਪਸੀ ਦਾ ਸ਼ਿਕਾਰ ਹੋ ਸਕਦੇ ਹਨ। ਮੋਟਾਪੇ ਕਾਰਨ ਜੀਭ ਪਿਛਲੀਆਂ ਮਾਸਪੇਸ਼ੀਆਂ ਦੇ ਢਿਲਕ ਜਾਣ ਕਾਰਨ ਸੌਣ ਸਮੇਂ ਇਸ ਮਾਸ ਦਾ ਸਾਹ ਨਲੀ ਦੇ ਦੁਆਰ ਉਪਰ ਚਲੇ ਜਾਣ ਕਾਰਨ ਸਾਹ ਵਕਤੀ ਤੌਰ ਤੇ ਰੁਕ ਜਾਂਦਾ ਹੈ ।ਸਰੀਰ ਵਿਚ ਆਕਸੀਜ਼ਨ ਦੀ ਕਮੀ ਹੋਣ ਕਾਰਨ ਜਾਗ ਖੁਲ੍ਹ ਜਾਂਦੀ ਹੈ ।ਅਜਿਹਾ ਵਰਤਾਰਾ ਵਾਰ ਵਾਰ ਹੋਣ ਕਾਰਨ ਇਸ ਦਾ ਦਿਮਾਗੀ ਤੰਤੂਆਂ ਅਤੇ ਦਿਲ ਨੂੰ ਘੱਟ ਆਕਸ਼ੀਜਨ ਮਿਲਣ ਕਾਰਨ ਕਈ ਕਿਸਮ ਦੀਆਂ ਗੰਭੀਰ ਸਮੱਸਿਆਵਾਂ ਨੂੰ ਜਨਮ ਦੇ ਸਕਦਾ ਹੈ ।ਦਿਮਾਗ ਦੀ ਨਾੜੀ ਦਾ ਫਟਣਾ(Brain Hemeorage) ਅਤੇ ਦਿਲ ਦਾ ਦੌਰਾ ਪੈਣਾ ਆਦਿ।

ਨੀਂਦ ਦੀਆਂ ਦੋ ਮੁੱਖ ਕਿਸਮਾਂ ਹਨ 1.ਨੀਂਦ ਸਮੇਂ ਅੱਖਾਂ ਦਾ ਸ਼ਾਂਤ ਹੋਣਾ (Non Rapid Eye Movement) ਅਤੇ ਨੀਦ ਸਮੇਂ ਅੱਖਾਂ ਦਾ ਲਗਾਤਾਰ ਹਰਕਤ ਕਰਦੇ ਰਹਿਣਾ(Rapid Eye Movement).

ਪਹਿਲੀ ਕਿਸਮ ਦੀ ਨੀਂਦ ਕੁਦਰਤੀ ਨੀਂਦ ਹੈ ਜਿਸਦਾ ਅਨੰਦ ਮਨੁੱਖ ਦੀਆਂ ਸਕਤੀਆਂ ਨੂੰ ਮੁੜ ਜਥੇਬੰਦ ਕਰਨ ਵਿਚ ਸਹਾਈ ਹੁੰਦਾ ਹੈ।ਮਨੁੱਖ ਦੀ ਚੇਤਨਾ ਪੂਰੀ ਤਰ੍ਹਾਂ ਮੁਅੱਤਲ ਹੋ ਚੁਕੀ ਹੁੰਦੀ ਹੈ। ਦੂਸਰੀ ਕਿਸਮ ਦੀ ਨੀਂਦ ਵਿੱਚ ਮਨੁੱਖ ਅਰਧਚੇਤ ਅਵਸਥਾ ਵਿਚ ਰਹਿੰਦਾ ਹੈ। ਉਸਦੇ ਦਿਮਾਗੀ ਤੰਤੂ ਸਰਗਰਮ ਰਹਿੰਦੇ ਹਨ। ਉਹ ਗੂੜ੍ਹੀ ਨੀਂਦ ਤੋਂ ਸਖਣਾ ਰਹਿਣ ਕਾਰਨ ਥੱਕਿਆ ਥੱਕਿਆ ਮਹਿਸੂਸ ਕਰਦਾ ਹੈ , ਕੰਮ ਵਿਚ ਰੁਚੀ ਘਟ ਜਾਂਦੀ ਹੈ,ਸ਼ਕਤੀਹੀਣ ਮਹਿਸੂਸ ਕਰੇਗਾ। ਉਹ ਦਿਨੇ ਸੌਣ ਦਾ ਯਤਨ ਕਰਦਾ ਹੈ ਜੇ ਅਜਿਹਾ ਹੋ ਵੀ ਜਾਂਦਾ ਹੈ ਤਾਂ ਇਸਦੀ ਲਗਾਤਾਰਤਾ ਉਸਦੀ ਰਾਤ ਦੀ ਨੀਂਦ ਵਿਚ ਹੋਰ ਵਿਘਨ ਪਾਵੇਗੀ। ਫਿਰ ਉਸਦੀ ਨੀਂਦ ਸਬੰਧੀ ਚਿੰਤਾ ਹੋਰ ਵਧੇਗੀ ਅਤੇ ਰਾਤ ਨੂੰ ਜਾਗ ਖੁੱਲ੍ਹਕੇ ਮੁੜ ਨੀਂਦ ਨਾ ਆਉਣ ਦਾ ਵਰਤਾਰਾ ਹੋਰ ਵਧੇਗਾ। ਉਸ ਲਈ ਰਾਤ ਲੰਘਾਉਣੀ ਔਖੀ ਲਗੇਗੀ। ਉਸਦੇ ਸੌਣ ਲਈ ਕੀਤੇ ਯਤਨ ਸਗੋਂ ਹੋਰ ਤਣਾਉ ਪੈਦਾ ਕਰਨਗੇ।

ਆਮ ਤੌਰ ਤੇ REM ਅਕਸਰ ਗੂੜ੍ਹੀ ਨੀਂਦ ਦੇ ਹਰੇਕ ਸਾਈਕਲ ਤੋਂ ਬਾਅਦ ਵਾਪਰਦਾ ਹੈ। ਇਹ ਕੁਝ ਮਿੰਟਾਂ ਤੋਂ ਲੈਕੇ 40 ਮਿੰਟਾਂ ਤੱਕ ਰਹਿੰਦਾ ਹੈ। ਅਜਿਹੇ ਸਮੇਂ ਬਰੜਾਉਣਾ, ਸੁਤਿਆਂ ਤੁਰ ਪੈਣਾ ਅਤੇ ਸਿਰਦਰਦ ਮਹਿਸੂਸ ਕਰਨਾ ਆਦਿ ਹੋ ਸਕਦੇ ਹਨ। ਰਾਤ ਨੂੰ ਵਾਰ ਵਾਰ ਗੂੜ੍ਹੀ ਨੀਂਦ ਤੋਂ ਬਾਅਦ ਅੱਖ ਖੁੱਲ੍ਹਣਾਂ ਨੀਂਦ ਨੂੰ ਵੱਖ ਸਾਇਕਲਾਂ ਵਿਚ ਵੰਡਦਾ ਹੈ। ਹਰ ਸਾਇਕਲ ਬਾਅਦ ਅੱਖਾਂ ਖੁੱਲਣ ਤੋਂ ਪਹਿਲਾਂ ਅੱਖਾਂ ਦੀ ਹਰਕਤ ਸੁਰੂ ਹੋ ਜਾਂਦੀ ਹੈ। ਨੀਂਦ ਦਾ ਆਮ ਵਰਤਾਰਾ ਆਮ ਤੌਰ ਤੇ ਸੂਰਜ ਦੇ ਚੜ੍ਹਨ ਅਤੇ ਛਿਪਣ ਨਾਲ ਜੁੜਿਆਂ ਹੁੰਦਾ। ਸੂਰਜ ਦੇ ਛਿਪਣ ਅਤੇ ਚੜ੍ਹਨ ਤੱਕ ਨੀਂਦ ਦਾ ਇਕ ਫੇਜ਼ ਪੂਰਾ ਕਰਦਾ ਹੈ। ਇਸੇ ਮੁਤਾਬਕ ਦਿਮਾਗੀ ਘੜੀ ਸੈੱਟ ਹੋ ਜਾਂਦੀ ਹੈ। ਅਸੀਂ ਅਕਸਰ ਦੇਖਦੇ ਹਾਂ ਕਿ ਸ਼ਿਫਟਾਂ ਵਿੱਚ ਕੰਮ ਕਰਨ ਵਾਲੇ ਅਕਸਰ ਨੀਂਦ ਦੀ ਕਮੀ ਮਹਿਸੂਸ ਕਰਦੇ ਹਨ। ਇਸ ਕਾਰਨ ਬਹੁਤ ਵਾਰ ਉਹ ਫੈਕਟਰੀਆਂ ਵਿਚ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਘੱਟ ਨੀਂਦ ਲੈਣ ਕਾਰਨ ਬਹੁਤ ਸਾਰੇ ਲੋਕਾਂ ਦਾ ਆਪਣੀਆਂ ਚਲਦੀਆਂ ਗੱਡੀਆਂ ਦੇ ਸਟੀਅਰਿੰਗ ਤੇ ਸੌਂ ਜਾਣਾ ਆਮ ਵਰਤਾਰਾ ਹੈ। ਸੂਰਜ ਛਿਪਣ ਤੋਂ ਲੈਕੇ ਚੜ੍ਹਨ ਤੱਕ ਅੰਦਰੂਨੀ ਤੌਰ ਤੇ ਦਿਮਾਗ ਦੇ ਸੌਣ ਦੇ ਸਰਕਲ ਦੀ ਲੈਅ ਸੈੱਟ ਹੁੰਦੀ ਹੈ। ਸੋ ਸਪੱਸ਼ਟ ਹੈ ਕਿ ਨੀਂਦ ਦਾ ਇਕ ਨਿਸਚਤ ਸਮਾਂ ਸੈਟ ਕਰਨਾਂ ਜਰੂਰੀ ਹੈ। ਤੁਸੀਂ ਨਿਸਚਤ ਸਮੇਂ ਤੇ ਬਿਸਤਰੇ ਵਿਚ ਚਲੇ ਜਾਓ ਅਤੇ ਨਿਸਚਤ ਸਮੇਂ ਤੇ ਉਠੋ। ਜੇ ਇਸ ਸਮੇਂ ਵਿੱਚ ਵਾਰ ਵਾਰ ਤਬਦੀਲੀ ਹੁੰਦੀ ਹੈ ਤਾਂ ਦਿਮਾਗ ਦੀ ਸਰਕੇਡੀਅਨ ਘੜੀ ਹਿਲ ਜਾਵੇਗੀ ਅਤੇ ਉਸਨੂੰ ਕੁਦਰਤੀ ਪੈਟਰਨ ਵਿਚ ਲਿਆਉਣ ਲਈ ਦਿਕਤਾਂ ਆਉਣਗੀਆਂ।

ਪੂਰਬ ਤੋਂ ਪੱਛਮ ਜਾਂ ਪੱਛਮ ਤੋਂ ਪੂਰਬ ਵਲ ਪ੍ਰਵਾਸ ਕਰਦਿਆਂ ਸੌਣ ਸਮਾਂ ਉਲਟ ਜਾਂਦਾ ਹੈ। ਭਾਵ ਜੇ ਮਨੁੱਖ ਭਾਰਤ ਤੋਂ ਇੰਗਲੈਂਡ ਚਲਾ ਜਾਂਦਾ ਹੈ ਜਾਂ ਧਰਤੀ ਦਾ ਅਰਧ ਸਰਕਲ ਘੁੰਮਕੇ ਕਨੇਡਾ ਚਲਾ ਜਾਂਦਾ ਹੈ ਤਾਂ ਭਾਰਤ ਵਿੱਚ ਚੜ੍ਹਦੇ ਸੂਰਜ ਦੇ ਮੁਤਾਬਕ ਉਸਦੀ ਦਿਮਾਗੀ ਘੜੀ ਅਪਸੈਟ ਹੋਣ ਕਾਰਨ ਨੀਂਦ ਵਿੱਚ ਗੜਬੜ ਹੋ ਜਾਵੇਗੀ। ਕਨੇਡਾ ਵਿੱਚ ਉਸ ਸਮੇਂ ਰਾਤ ਹੋਵੇਗੀ ਜਿਸ ਸਮੇ ਭਾਰਤ ਵਿੱਚ ਦਿਨ ਹੁੰਦਾ ਹੈ। ਸੋ ਉਸਨੂੰ ਕਨੇਡਾ ਵਿਚ ਦਿਨ ਵੇਲੇ ਨੀਂਦ ਆਵੇਗੀ ਅਤੇ ਰਾਤਾਂ ਕੁਝ ਸਮਾਂ ਜਾਗਕੇ ਕੱਟਣੀਆਂ ਪੈਣਗੀਆਂ ਇਹ ਉਦੋਂ ਤੱਕ ਚਲੇਗਾ ਜਦ ਤੱਕ ਉਸਦੀ ਦਿਮਾਗੀ ਸਿਰਕੇਡੀਅਨ ਘੜੀ ਪੂਰੀ ਤਰ੍ਹਾਂ ਤਾਲ ਵਿੱਚ ਨਹੀਂ ਆਵੇਗੀ।

ਨੀਂਦ ਠੀਕ ਨਾ ਆਉਂਣ ਕਾਰਨ ਜਾਂ ਬਿਲਕੁਲ ਨਾ ਕਾਰਨ ਇਸਦੇ ਸਿਹਤ ਉਪਰ ਪੈਣ ਵਾਲੇ ਮਾੜੇ ਪ੍ਰਭਾਵ ਇਸ ਤਰਾਂ ਹਨ:-

1. ਦਿਮਾਗੀ ਤੰਤੂਆਂ ਅਤੇ ਸਮੁੱਚੇ ਸਰੀਰ ਵਿਚ ਤਣਾਉ ਭਰੀ ਸਥਿਤੀ ਪੈਦਾ ਹੋ ਜਾਣਾ।
2. ਨੀਂਦ ਦੇ ਲਗਾਤਾਰ ਨਾ ਆਉਣ ਕਾਰਨ ਵਿਅਕਤੀ ਦਾ ਸੁਭਾਅ ਚਿੜਚਿੜਾ ਹੋ ਜਾਣਾ।
3. ਡਰਾਇਵਿੰਗ ਸਬੰਧੀ ਸਮੱਸਿਆਵਾਂ ਪੈਦਾ ਹੋ ਜਾਣੀਆਂ ਭਾਵ ਸਟੇਰਿੰਗ ਤੇ ਸੌ ਜਾਣਾ। ਡਰਾਇਵਿੰਗ ਸਮੇਂ ਗਲਤੀਆਂ ਕਰਨੀਆਂ। ਐਮਰਜੈਂਸੀ ਸਮੇਂ ਫੈਸਲਾ ਲੈਣ ਵਿੱਚ ਦੇਰ ਹੋ ਜਾਣੀ। ਸੁਸਤੀ ਕਾਰਨ ਚੁਸਤਫੁਰਤ ਡਰਾਇਵਿੰਗ ਦੀ ਅਣਹੋਂਦ।
4. ਕਿਸੇ ਵੀ ਕੰਮ ਵਿੱਚ ਰੁਚੀ ਘਟ ਜਾਣੀ ਅਤੇ ਥੱਕੇ ਥੱਕੇ ਮਹਿਸੂਸ ਕਰਨਾ।
5. ਮਨੁੱਖ ਦੀ ਚਿੰਤਾ ਵਧਣ ਕਾਰਨ ਵਹਿਮਾਂ ਭਰਮਾਂ ਵੱਲ ਵਧ ਜਾਣਾ।
6. ਸਵੈ ਵਿਸ਼ਵਾਸ ਦੀ ਕਮੀ ਮਹਿਸੂਸ ਕਰਨਾ ।
7. ਅੱਖਾਂ ਦਾ ਡਰਾਉਣਾ ਲਗਣਾ ਅਤੇ ਚਿਹਰਾ ਕਰੂਪ ਲੱਗਣਾ।
8. ਲੋੜੋਂ ਵਧੇਰੇ ਨੀਂਦ ਪਰੇਸਾਨੀ ਵਧਣ ਕਾਰਨ ਕਈ ਵਾਰ ਖੁਦਕਸ਼ੀ ਕਰਨ ਦੇ ਖਿਆਲ ਆਉਣੇ।

ਨੀਂਦ ਸਬੰਧੀ ਹੋਰ ਬਹੁਤ ਸਾਰੀਆਂ ਅਲਾਮਤਾਂ ਨੂੰ ਵੀ ਬਹਿਸ ਅਧੀਨ ਲਿਆਂਦਾ ਜਾ ਸਕਦਾ ਹੈ ਜਿਹੜੀਆਂ ਉਨੀਂਦਰੇ ਦਾ ਕਾਰਨ ਬਣਦੀਆਂ ਹਨ।ਜਿਸ ਤਰਾਂ:

1. ਵਿਅਕਤੀ ਦਾ ਨੀਂਦ ਦੀ ਘਾਟ ਪੂਰੀ ਕਰਨ ਲਈ ਦਿਨੇ ਵਾਰ ਵਾਰ ਟੂਲੇ ਲੈਂਦੇ ਰਹਿਣਾ।
2. ਵਿਅਕਤੀ ਦਾ ਵਧੇਰੇ ਥੱਕੇ ਹੋਣਾ।
3. ਦਿਨੇ ਜਿਆਦਾ ਸਮਾਂ ਸੁਤੇ ਰਹਿਣਾ।
4. ਸੰਤੁਸ਼ਟੀਜਨਕ ਸਮਾਂ ਨਾ ਸੌਣਾ।
5. ਘੁਰਾੜਿਆਂ ਦਾ ਆਦੀ ਹੋਣਾ।
6. ਸਰੀਰ ਵਿੱਚ ਦਰਦਾਂ ਦਾ ਲਗਾਤਾਰ ਹੁੰਦੇ ਰਹਿਣਾ।

7. ਚਿੰਤਾ ਜਾਂ ਡਿਪਰੈਸਨ।
8. ਡਰਾਉਂਣੇ ਸੁਪਨੇ।
9. ਥਾਇਰਿਡ ਗਰੰਥੀਆਂ ਦਾ ਘੱਟ ਕੰਮ ਕਰਨਾਂ।
10. ਨੀਂਦ ਸਬੰਧੀ ਸਿਹਤਮੰਦ ਆਦਤਾਂ ਦਾ ਨਾ ਹੋਣਾ ਅਤੇ ਮਾੜਾ ਪ੍ਰਬੰਧ
11. ਤੇਜ਼ ਲਾਇਟਾਂ ਵਿੱਚ ਵਧੇਰੇ ਸਮਾਂ ਗੁਜ਼ਾਰਨਾ।
12. ਟੀ ਵੀ ਜਾਂ ਕੰਪਿਊਟਰਾਂ ਦੀ ਵਧੇਰੇ ਵਰਤੋਂ ਜਾਂ ਬੈਡ ਰੂਮਾਂ ਵਿਚ ਇਹਨਾਂ ਦੀ ਵਰਤੋਂ।
13. ਨਸ਼ੇ ਵਰਤਣੇ,ਸੌਣ ਸਮੇਂ ਕਾਫੀ ਜਾਂ ਚਾਹ ਪੀਣ ਦੀ ਆਦਤ।
14. ਸਰੀਰ ਦਾ ਬੀਮਾਰੀ ਗ੍ਰਸਤ ਹੋਣਾ।
15. ਕੰਮ ਸਬੰਧੀ ਸ਼ਿਫਟਾਂ ਬਦਲਦੇ ਰਹਿਣਾ।

ਨੀਂਦ ਨੂੰ ਜਿਸਤਰਾਂ ਕੁਦਰਤ ਵਲੋਂ ਸਰੀਰ ਲਈ ਵਰਦਾਨ ਵਿਚ ਮਿਲੀ ਨਰਸ ਕਿਹਾ ਗਿਆ ਇਸ ਦਾ ਸੰਤੋਖਜਨਕ ਹੱਦ ਤੱਕ ਲੈਣਾ ਅਤੀ ਜਰੂਰੀ।ਇਸ ਲਈ ਕੁਝ ਯੋਗ ਉਪਰਾਲੇ ਹੇਠ ਦੱਸੇ ਅਨੁਸਾਰ ਕੀਤੇ ਜਾ ਸਕਦੇ ਹਨ:-

1. ਘਰ ਵਿਚ, ਖਾਸ ਕਰਕੇ ਸੌਣ ਵਾਲੇ ਕਮਰਿਆਂ ਵਿੱਚ ਲਾਇਟਾਂ ਦੀ ਵਰਤੋਂ ਦਾ ਧਿਆਨ ਰੱਖਣਾ।ਸੌਣ ਸਮੇਂ ਕਮਰਾ ਹਨੇਰਾ ਹੋਣਾ ਜਾਂ ਡਿਮ ਲਾਈਟ(ਨੀਲੀ ਲਾਇਟ) ਦੀ ਵਰਤੋਂ ਕਰਨੀ।ਕਮਰੇ ਵਿੱਚ ਬਾਹਰੋਂ ਲਾਇਟ ਨਹੀਂ ਆਉਣੀ ਚਾਹੀਦੀ।
2. ਕਮਰੇ ਦਾ ਅਵਾਜ਼ ਰਹਿਤ ਹੋਣਾ ਅਤੇ ਸੌਣ ਵੇਲੇ ਗੱਲਾਂ ਕਰਨ ਤੋਂ ਪਰਹੇਜ਼ ਕਰਨਾਂ।
3. ਕਮਰੇ ਅੰਦਰ ਟੀ ਵੀ ਆਦਿ ਨਾ ਰਖਣਾ।
4. ਬਿਸਤਰੇ ਸਾਫ ਸੁਥਰੇ ਅਤੇ ਅਰਾਮਦਾਇਕ ਹੋਣੇ।
5. ਕਾਫੀ,ਚਾਹ ਦੀ ਸੌਣ ਵੇਲੇ ਵਰਤੋਂ ਨਾ ਕਰਨੀ।
6. ਹਰ ਤਰ੍ਹਾਂ ਦੇ ਨਸ਼ੇ ਤੋਂ ਪਰਹੇਜ਼ ਕਰਨਾ।
7. ਜੇ ਕੋਈ ਮੈਡਕਿਲ ਸਮੱਸਿਆ ਹੈ ਤਾਂ ਉਸਦਾ ਇਲਾਜ਼ ਕਰਵਾਉਣਾ।
8. ਹਰਰੋਜ਼ ਲੋੜੀਂਦੀ ਕਸਰਤ ਕਰਨੀ ਅਤੇ ਸੈਰ ਤੇ ਜਾਣ ਦੀ ਲਗਾਤਾਰਤਾ ਬਣਾਉਣੀ।
9. ਸੌਣ ਦੇ ਸਮੇਂ ਤੋਂ ਕੁਝ ਸਮਾਂ ਪਹਿਲਾਂ ਟੀ ਵੀ ਨਾ ਦੇਖਣਾ ਅਤੇ ਕੰਪਿਊਟਰ ਤੇ ਕੰਮ ਨਾ ਕਰਨਾ।
10. ਲਿਵਿੰਗ ਰੂਮ (ਲਾਬੀ ਜਾਂ ਆਮ ਬੈਠਣ ਵਾਲਾ ਕਮਰਾ) ਵਿਚ ਸੌਣ ਤੋਂ ਪਹਿਲਾ ਤੇਜ ਲਾਈਟ (ਨਾਰਮਲ ਜੋ ਪੜ੍ਹਨ ਲਿਖਣ ਵੇਲੇ ਵਰਤੀ ਜਾਂਦੀ ਹੈ) ਵਿੱਚ ਬੈਠਣਾ।
11. ਉਮਰ ਮੁਤਾਬਿਕ ਨੀਂਦ ਲੈਣੀ। ਬੱਚਿਆਂ ਲਈ ਵਧੇਰੇ ਨੀਂਦ ਲੋੜੀਂਦੀ ਹੈ।ਬਾਲਗਾਂ ਲਈ 8 ਤੋਂ 9 ਘੰਟੇ ਨੀਂਦ ਕਾਫੀ ਹੈ ਉਮਰ ਦੇ ਵਧਣ ਨਾਲ ਨੀਂਦ ਦੇ ਘੰਟੇ ਘਟ ਜਾਂਦੇ ਹਨ।50 ਸਾਲਾਂ ਤੋਂ ਉਪਰ ਆਮ ਕਰਕੇ ਜੇ 6-7ਘੰਟੇ ਨੀਂਦ ਆ ਜਾਵੇ ਤਾਂ ਕਾਫੀ ਹੈ।
12. ਜੇ ਕਿਸੇ ਕਾਰਨ ਰਾਤ ਨੂੰ ਜਾਗ ਖੁੱਲ੍ਹ ਜਾਵੇ ਤਾਂ ਸੌਣ ਲਈ ਯਤਨ ਨਹੀਂ ਕਰਨੇ ਚਾਹੀਦੇ । 15-20 ਮਿੰਟ ਲਈ ਬਿਸਤਰਾ ਛੱਡ ਦੇਵੋ।ਫਿਰ ਬਿਸਤਰੇ ਵਿਚ ਚਲੇ ਜਾਵੋ।ਨੀਂਦ ਨਾ ਆਉਣ ਕਾਰਨ ਚਿੰਤਤ ਨਹੀਂ ਹੋਣਾ ਚਾਹੀਦਾ ਸਗੋਂ ਉਠਕੇ ਕੋਈ ਕੰਮ ਕਰਨ ਜਾ ਚਹਿਲ ਪਹਿਲ ਕਰਨ ਲੱਗ ਜਾਵੋ।
13. ਜੇ ਕੋਈ ਮਾਨਸਿਕ ਸਮੱਸਿਆ ਹੈ ਤਾਂ ਕਿਸੇ ਸਾਇਕੈਟਰਿਸਟ ਜਾਂ ਸਾਈਕੋਥੇਰਾਪਿਸਟ ਨਾਲ ਸੰਪਰਕ ਕਰੋ।
14. ਬਿਸਤਰੇ ਵਿਚ ਜਾਣ ਤੋਂ ਪਹਿਲਾਂ ਪਿਸ਼ਾਬ ਆਦਿ ਕਰ ਆਵੋ।
15. ਪੈਣ ਸਮੇਂ ਤਰਲ ਦੀ ਘੱਟ ਵਰਤੋਂ ਕਰੋ ਤਾਂ ਰਾਤ ਨੂੰ ਪਿਸ਼ਾਬ ਦੀ ਹਾਜ਼ਤ ਕਾਰਨ ਤੁਹਾਡੀ ਨੀਂਦ ਵਿੱਚ ਵਿਘਨ ਨਹੀ ਪਵੇਗਾ।
16. ਸੌਣ ਤੋਂ ਦੋ ਘੰਟੇ ਪਹਿਲਾਂ ਖਾਣਾ ਖਾ ਲਵੋ ਅਤੇ ਭਾਰੇ ਖਾਣੇ ਦੀ ਵਰਤੋਂ ਨਾ ਕਰੋ।
17. ਬਿਸਤਰੇ ਵਿਚ ਜਾਕੇ ਸਮੱਸਿਆਵਾਂ ਦੇ ਹੱਲ ਨਾ ਤਲਾਸ਼ੋ ਅਤੇ ਇਸਨੂੰ ਅਗਲੇ ਦਿਨ ਤੇ ਪੈਂਡਿੰਗ ਛੱਡ ਦੇਵੋ।
18. ਮਨ ਵਿੱਚ ਇਤਨਾ ਜਰੂਰ ਰੱਖੋ ਕਿ ਸੌਣ ਵਾਲਾ ਬਿਸਤਰਾ ਜਾਂ ਕਮਰਾ ਸੌਣ ਵਾਸਤੇ ਹੀ ਹੈ ਅਤੇ ਹਰ ਦਿਨ ਨਵਾਂ ਚੜ੍ਹਨਾ ਹੈ ਅਤੇ ਉਸ ਸਮੇਂ ਰਹਿੰਦੇ ਕੰਮ ਨੂੰ ਤਰਤੀਬ ਦੇ ਲਈ ਜਾਵੇਗੀ।
19. ਆਪਣੀਆਂ ਭਾਵਨਾਵਾਂ ਤੇ ਕਾਬੂ ਪਾਉਣ ਲਈ ਸਵੈ ਨੂੰ ਸਿਖਤ ਕਰੋ।

e-mail: balwinderbarnala@yahoo.co.in

ਪੁੰਗਰਦੀ ਕਲਮ



ਅਕਰਮ ਖਾਂ (ਦਸਵੀਂ) ਸ.ਹ.ਸ. ਧੂਰਕੋਟ

ਸੰਮੋਹਣ ਨੀਂਦ 'ਚ ਲਿਜਾ ਕੇ ਪਾਖੰਡੀ ਸਾਧ ਲੋਕਾਂ ਨੂੰ ਵਹਿਮਾਂ ਭਰਮਾਂ 'ਚ ਪਾਉਂਦੇ ਨੇ,
ਤਰ੍ਹਾਂ ਤਰ੍ਹਾਂ ਦੇ ਢੋਂਗ ਰਚਕੇ ਸਿਰ ਹਿਲਾ ਕੇ ਕੱਢਦੇ ਹਜ਼ਰਾਇਤ।
ਆਪ ਤਾਂ ਜੋਤਿਸ਼ੀ ਜੀ ਦਰ ਦਰ ਭਟਕਦੇ, ਲੋਕਾਂ ਨੂੰ ਲੁੱਟਦੇ ਨੇ,
ਵੀਹ ਰੁਪਏ ਵਿੱਚ ਦਿੰਦੇ ਨੌਕਰੀਆਂ, ਇਹ ਲਾ ਕੇ ਜੋਤਿਸ਼ ਕਿਤਾਬ ਦੀ ਨੁਮਾਇਸ਼।
ਘਰ ਵਾਲਾ ਆਪ ਤਾਂ ਸ਼ਰਾਬ ਪੀਂਦਾ, ਇੱਕ ਨਿਕੰਮਾ ਜਿਹਾ ਬੰਦਾ ਹੈ,
ਕਹਿੰਦੇ ਤਾਹੀਂ ਨਹੀਂ ਤਰੱਕੀ ਹੁੰਦੀ, ਤੁਹਾਡੇ ਘਰ ਵਿੱਚ ਹੈ ਕਿਸੇ ਭੂਤ ਦੀ ਰਿਹਾਇਸ਼।

ਦ੍ਰਿਸ਼ਟੀਕੋਣ

ਰਾਜ ਧਰਮ-ਨਿਰਪੱਖ ਨਹੀਂ, ਧਰਮ ਨਿਰਪੇਖ ਹੋਵੇ

....ਹੇਮ ਰਾਜ ਸਟੈਨੋ



ਅੰਗਰੇਜ਼ੀ ਦੇ ਸੈਕੂਲਰਿਜ਼ਮ (Secularism) ਸ਼ਬਦ ਦਾ ਅਨੁਵਾਦ ਧਰਮ-ਨਿਰਪੱਖ ਕਰਕੇ ਇਹ ਅਰਥ ਕੀਤਾ ਗਿਆ ਕਿ ਰਾਜ(State)* ਦੀ ਨੀਤੀ ਧਰਮ-ਨਿਰਪੱਖ ਹੋਵੇਗੀ। ਰਾਜ, ਧਰਮ ਦੇ ਆਧਾਰ 'ਤੇ ਪੱਖਪਾਤ ਜਾਂ ਵਿਤਕਰਾ ਨਹੀਂ ਕਰੇਗਾ।

ਪਹਿਲਾਂ ਇਸਨੂੰ ਦੇਖੀਏ। ਵਿਦਵਾਨਾਂ ਅਨੁਸਾਰ ਸਾਡੇ ਦੇਸ਼ ਵਿੱਚ ਛੋਟੇ-ਵੱਡੇ ਕੁੱਲ ਮਿਲਾਕੇ 1700 ਦੇ ਕਰੀਬ ਧਰਮ ਹਨ। ਵੱਡੇ ਧਰਮਾਂ ਦੇ ਧਾਰਮਿਕ ਮਹੱਤਵ ਵਾਲੇ ਦਿਨਾਂ 'ਤੇ ਛੁੱਟੀਆਂ ਕੀਤੀਆਂ ਜਾਂਦੀਆਂ ਹਨ ਪਰ ਸਮੁੱਚੇ 1700 ਧਰਮਾਂ ਦੇ ਮਹੱਤਵ ਵਾਲੇ ਦਿਨਾਂ 'ਤੇ ਛੁੱਟੀਆਂ ਨਹੀਂ ਕੀਤੀਆਂ ਜਾਂਦੀਆਂ। ਇਸਨੂੰ ਧਾਰਮਿਕ ਪੱਖਪਾਤ ਨਾ ਕਹੋਗੇ ਤਾਂ ਕੀ ਕਹੋਗੇ? ਇਹ ਹੀ ਨਹੀਂ ਬਲਕਿ ਕੁੱਝ ਧਰਮਾਂ ਦੇ ਸ਼ਰਧਾਲੂਆਂ ਨੂੰ ਧਾਰਮਿਕ ਯਾਤਰਾਵਾਂ ਲਈ ਰਾਜ ਵੱਲੋਂ ਬਕਾਇਦਾ ਸਹੂਲਤਾਂ ਅਤੇ ਛੋਟਾਂ ਦਿੱਤੀਆਂ ਜਾਂਦੀਆਂ ਹਨ ਜਿਵੇਂ ਹੱਜ ਅਤੇ ਅਮਰਨਾਥ ਧਾਮਾਂ ਆਦਿ ਦੀਆਂ ਯਾਤਰਾਵਾਂ ਲਈ। ਹੁਣ ਇਸ ਦੇ ਉਲਟ ਦੇਖੋ। ਰਾਜਸਥਾਨ ਦੇ ਬੀਕਾਨੇਰ ਸ਼ਹਿਰ ਤੋਂ 35 ਕਿਲੋਮੀਟਰ ਦੀ ਦੂਰੀ 'ਤੇ ਦੇਸ਼ਨੋਕ ਵਿਖੇ ਕਰਨੀ ਦੇਵੀ ਦਾ ਮੰਦਰ ਹੈ। ਇਸ ਮੰਦਰ 'ਚ ਲੋਕ ਸ਼ਰਧਾ ਵਜੋਂ ਚੂਹਿਆਂ ਦੀ ਪੂਜਾ ਕਰਦੇ ਹਨ। ਪਰ ਸਰਕਾਰ ਇਨ੍ਹਾਂ ਸ਼ਰਧਾਲੂਆਂ ਨੂੰ ਕੋਈ ਸਹੂਲਤਾਂ ਨਹੀਂ ਦਿੰਦੀ ਅਤੇ ਨਾ ਹੀ ਚੂਹਿਆਂ ਲਈ ਕੋਈ ਪ੍ਰਸ਼ਾਦ ਦਾ ਬੰਦੋਬਸਤ ਕਰਦੀ ਹੈ, ਉਲਟਾ ਚੂਹਾ-ਮਾਰ ਮੁਹਿਮਾਂ ਚਲਾਉਂਦੀ ਹੈ। ਅਸੀਂ ਚੂਹਾ-ਮਾਰ ਮੁਹਿਮਾਂ ਦੇ ਵਿਰੁੱਧ ਨਹੀਂ ਹਾਂ, ਪਰ ਚੂਹਿਆਂ ਨੂੰ ਪੂਜਣ ਵਾਲੇ ਸ਼ਰਧਾਲੂਆਂ ਦੇ ਨਜ਼ਰੀਏ ਤੋਂ ਤਾਂ ਇਹ ਧਰਮ ਆਧਾਰਤ ਪੱਖਪਾਤ ਹੀ ਕਹੋਗੇ!

ਸਾਨੂੰ ਸਭ ਨੂੰ ਪਤਾ ਹੈ ਕਿ ਰਾਜ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਿਰੁੱਧ ਮੁਕੱਦਮਾ ਦਰਜ ਕਰਨ ਦਾ ਕਾਨੂੰਨ ਬਣਾਇਆ ਹੋਇਆ ਹੈ। ਅਸੀਂ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਨੂੰ ਠੀਕ ਨਹੀਂ ਕਹਿੰਦੇ। ਸੁਆਲ ਤਾਂ ਇਹ ਹੈ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਿਰੁੱਧ ਤਾਂ ਕਾਨੂੰਨ ਹੈ ਪਰ ਗੈਰ-ਧਾਰਮਿਕ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਿਰੁੱਧ ਕੋਈ ਕਾਨੂੰਨ ਨਹੀਂ। ਧਾਰਮਿਕ ਗ੍ਰੰਥਾਂ ਅੰਦਰ ਨਾਸਤਿਕਾਂ ਨੂੰ ਮਾਰ ਦੇਣ ਤੱਕ ਨੂੰ ਸਹੀ ਠਹਿਰਾਇਆ ਗਿਆ ਹੈ- ਜਿਵੇਂ ਮਨੂੰ ਸਮਰਿਤੀ ਕਹਿੰਦੀ ਹੈ ਕਿ ਨਾਸਤਿਕ ਨੂੰ ਮਾਰਨਾ ਪਾਪ-ਕਰਮ ਨਹੀਂ ਹੈ। ਇਸੇ ਤਰ੍ਹਾਂ ਬਾਬਾ ਫਰੀਦ ਦਾ ਸਲੋਕ ਹੈ ਕਿ ਜਿਹੜਾ ਸਿਰ ਸਾਈਂ ਅੱਗੇ ਨਹੀਂ ਝੁਕਦਾ ਉਸਨੂੰ ਸੁੱਕੀ ਲੱਕੜੀ ਸਮਝਕੇ ਬਾਲਣ ਦੀ ਥਾਂ ਚੁੱਲੇ 'ਚ ਡਾਹ ਦੇਣਾ ਚਾਹੀਦਾ ਹੈ। ਕੀ ਇਹ ਨਾਸਤਿਕਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ? ਪੰਜਾਬ ਸਰਕਾਰ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਿਰੁੱਧ ਸਜ਼ਾ ਵਧਾਉਣ ਦੀ ਤਜ਼ਵੀਜ਼ ਤਾਂ ਪੇਸ਼ ਕੀਤੀ ਹੋਈ ਹੈ ਪਰ ਅੱਜ ਤੱਕ ਕਿਸੇ ਵੀ ਸੂਬਾਈ ਤੇ ਕੇਂਦਰ ਸਰਕਾਰ ਨੇ ਨਾਸਤਿਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਿਰੁੱਧ ਸਜ਼ਾ ਵਾਲਾ ਕਾਨੂੰਨ ਬਣਾਉਣ ਦੀ ਲੋੜ ਨਹੀਂ ਸੋਚੀ। ਫਿਰ ਰਾਜ, ਧਰਮ-ਨਿਰਪੱਖ ਕਿਵੇਂ ਹੋਇਆ? ਇਹ ਧਰਮ-ਪੱਖੀ ਬਣ ਗਿਆ।

ਹੋਰ ਲਵੋ। ਸੰਸਦ ਅਤੇ ਵਿਧਾਨ ਸਭਾਵਾਂ ਅੰਦਰ ਚੁਣੇ ਹੋਏ ਨੁਮਾਇੰਦੇ ਆਪੋ-ਆਪਣੇ ਧਰਮ ਅਨੁਸਾਰ ਸਹੁੰ ਚੁੱਕਦੇ ਹਨ। ਇੱਥੇ ਇਹ ਗੱਲ ਗਲਤ ਲੱਗ ਸਕਦੀ ਹੈ ਕਿਉਂਕਿ ਇਸ ਵਾਰ ਕਈ ਪਾਰਲੀਮੈਂਟ ਮੈਂਬਰਾਂ ਨੇ ਕਿਸੇ ਇਸ਼ਟ ਦੀ ਸਹੁੰ ਨਹੀਂ ਚੁੱਕੀ। ਸਵਾਲ ਇਹ ਨਹੀਂ ਕਿ ਕਿੰਨਿਆਂ ਨੇ ਧਰਮ ਦੇ ਨਾਂਅ 'ਤੇ ਸਹੁੰ ਚੁੱਕੀ ਅਤੇ ਕਿੰਨਿਆਂ ਨੇ ਨਹੀਂ। ਸੁਆਲ ਤਾਂ ਇਹ ਹੈ ਕਿ ਰਾਜ ਨੇ ਤਾਂ ਧਰਮ ਦੇ ਨਾਂਅ 'ਤੇ ਸਹੁੰ ਚੁੱਕਣ ਦੀ ਆਗਿਆ ਦਿੱਤੀ ਹੋਈ ਹੈ। ਇਹ ਆਗਿਆ ਦੇਣਾ ਹੀ ਰਾਜ ਅੰਦਰ ਧਰਮ ਦਾ ਦਖਲ ਬਣਾਉਣਾ ਹੈ। ਇਹ ਹੀ ਨਹੀਂ ਬਲਕਿ ਫੌਜਾਂ ਅਤੇ ਪੁਲਿਸ 'ਚ ਧਾਰਮਿਕ ਧਾਮ ਹਨ। ਇਨ੍ਹਾਂ ਬਲਾਂ ਅੰਦਰ ਕੰਮ ਕਰਨ ਵਾਲਿਆਂ ਨੂੰ ਆਪਣੀ ਆਸਥਾ ਅਨੁਸਾਰ ਪੂਜਾ ਅਰਚਨਾ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ। ਪਰ ਸੁਆਲ ਇਹ ਹੈ ਕਿ ਜੇ ਕਿਸੇ ਨੇ ਕੋਈ ਪੂਜਾ-ਅਰਚਨਾ ਕਰਨੀ ਹੈ ਤਾਂ ਉਹ ਆਪਣੇ ਆਪ ਨੂੰ ਸੂਤ ਲਗਦੀ ਜਗ੍ਹਾ ਚੁਣ ਸਕਦਾ ਹੈ, ਰਾਜ ਵੱਲੋਂ ਧਾਰਮਿਕ ਧਾਮ ਬੁਣਾਉਣ ਦਾ ਵਿਸ਼ੇਸ਼ ਉਪਰਾਲਾ ਕਿਉਂ? ਕੀ ਇਹ ਰਾਜ ਵੱਲੋਂ ਆਪਣੇ ਇਸ ਮਹੱਤਵਪੂਰਨ ਅੰਗ 'ਚ ਧਰਮ ਦਾ ਸਿੱਧਾ ਦਖਲ ਬਣਾਉਣਾ ਨਹੀਂ? ਬਿਲਕੁਲ ਹੈ, ਨੰਗਾ ਚਿੱਟਾ ਹੈ। ਇਹ ਹੀ ਨਹੀਂ ਬਲਕਿ ਵੱਖੋ-ਵੱਖਰੇ ਧਰਮਾਂ ਦੇ ਵਿਸ਼ੇਸ਼ ਦਿਨਾਂ ਉੱਪਰ ਰਾਸ਼ਟਰਪਤੀ ਤੋਂ ਲੈ ਕੇ ਸੂਬਿਆਂ ਦੇ ਮੰਤਰੀਆਂ ਤੱਕ ਉਸ ਧਰਮ ਦੇ ਸ਼ਰਧਾਲੂਆਂ ਨੂੰ ਹੀ ਨਹੀਂ ਬਲਕਿ ਸਮੁੱਚੀ ਮਾਨਵਤਾ ਨੂੰ ਉਸ ਧਰਮ ਦੀਆਂ ਧਾਰਮਿਕ ਸਿੱਖਿਆਵਾਂ ਜਾਂ ਅਵਤਾਰਾਂ, ਗੁਰੂਆਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦਾ ਸੰਦੇਸ਼ ਦਿੰਦੇ ਹਨ। ਰਾਮ ਨੌਮੀ ਦੀ ਤਾਜ਼ਾ ਮਿਸਾਲ ਹੈ। ਕੇਂਦਰੀ ਅਤੇ ਸੂਬਿਆਂ ਦੇ ਰਾਜ ਦੇ ਮੁਖੀਆਂ ਵੱਲੋਂ ਲੋਕਾਂ ਨੂੰ ਅਜਿਹੇ ਸੰਦੇਸ਼ ਦੇਣੇ ਕੀ ਸਾਬਤ ਕਰਦਾ ਹੈ? ਮਹਾਂਵੀਰ ਜੈਯੰਤੀ ਵਾਲੇ ਦਿਨ ਫਰੀਦਕੋਟ ਦੇ ਜ਼ਿਲਾ ਮੈਜਿਸਟਰੇਟ ਵੱਲੋਂ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦਾ ਹੁਕਮ ਦੇਣਾ ਕੀ ਸਾਬਤ ਕਰਦਾ ਹੈ? ਇਹ, ਇਹੀ ਸਾਬਤ ਕਰਦਾ ਹੈ ਕਿ ਰਾਜ ਅੰਦਰ

ਧਰਮ ਦਾ ਸਿੱਧਾ ਦਖਲ ਬਣਿਆ ਹੋਇਆ ਹੈ ਅਤੇ ਰਾਜ, ਧਰਮ ਨੂੰ ਓਟ ਦੇ ਰਿਹਾ ਹੈ। ਇਹ ਅਖੌਤੀ ਧਰਮ-ਨਿਰਪੱਖਤਾ ਦੀ ਨੀਤੀ ਦੀਆਂ ਕੁੱਝ ਕੁ ਉੱਘੜਵੀਆਂ ਮਿਸਾਲਾਂ ਹਨ, ਨਹੀਂ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਹੋਇਆਂ ਨੂੰ ਧਾਰਮਿਕ ਸੰਦੇਸ਼ ਜਾਰੀ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ ਹੋਣੀ, ਨਾ ਹੀ ਪ੍ਰਸ਼ਾਸ਼ਨ ਨੂੰ ਕਿਸੇ ਦੇ ਖਾਣ-ਪੀਣ ਅਤੇ ਕਿਸੇ ਦੇ ਰੁਜ਼ਗਾਰ 'ਤੇ ਵਕਤੀ ਰੋਕ ਲਗਾਉਣ ਦਾ ਆਦੇਸ਼ ਦੇਣਾ ਪੈਣਾ ਸੀ।

ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦੀ ਆਜ਼ਾਦੀ

ਧਰਮ-ਨਿਰਪੱਖਤਾ ਦੀ ਨੀਤੀ ਦੇ ਹੁੰਦਿਆਂ ਸੰਵਿਧਾਨ ਵਿੱਚ ਹਰ ਨਾਗਰਿਕ ਨੂੰ ਸੋਚਕੇ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦੀ ਆਜ਼ਾਦੀ(**Freedom of thought and expression**)ਬਾਰੇ ਗੱਲ ਕਰਨੀ ਵੀ ਜ਼ਰੂਰੀ ਹੈ।

ਕੀ ਧਰਮਾਂ ਦੇ ਗਲਤ ਵਿਸ਼ਵਾਸਾਂ ਦਾ ਖੰਡਨ ਕਰਦਿਆਂ ਠੀਕ ਵਿਚਾਰ ਸਾਹਮਣੇ ਲਿਆਉਣ ਤੋਂ ਬਿਨਾ ਕੋਈ ਮਨੁੱਖੀ ਤਰੱਕੀ ਹੋ ਸਕਦੀ ਹੈ ? ਬਿਲਕੁਲ ਵੀ ਨਹੀਂ। ਜੇਕਰ ਈਸਾਈ ਧਰਮ ਦੇ ਵਿਸ਼ਵਾਸ ਅਨੁਸਾਰ ਧਰਤੀ ਨੂੰ ਚਪਟੀ ਹੀ ਮੰਨਿਆ ਜਾਂਦਾ ਰਹਿੰਦਾ ਤਾਂ ਡੈਮ ਨਹੀਂ ਉੱਸਰ ਸਕਦੇ ਸਨ। ਇਸੇ ਤਰ੍ਹਾਂ ਚੇਚਕ ਨੂੰ ਸ਼ੀਤਲਾ ਮਾਤਾ ਦੀ ਕਰੋਪੀ ਮੰਨੀ ਜਾਣ ਨਾਲ ਇਸਦਾ ਇਲਾਜ ਸੰਭਵ ਨਹੀਂ ਸੀ ਹੋਣਾ। ਜੇਕਰ ਮਨੁੱਖ ਨੇ ਧਾਰਮਿਕ ਵਿਸ਼ਵਾਸ ਦੇ ਘੇਰੇ ਤੋਂ ਬਾਹਰ ਹੋ ਕੇ ਸੋਚਿਆ ਅਤੇ ਲੋਦਾ(**Vaccine**) ਈਜਾਦ ਕੀਤਾ ਤਾਂ ਹੀ ਚੇਚਕ ਦਾ ਇਲਾਜ ਸੰਭਵ ਹੋ ਸਕਿਆ।

ਇਸ ਲਈ ਧਾਰਮਿਕਤਾ ਦੇ ਦਾਇਰੇ ਅੰਦਰ ਰਹਿੰਦਿਆਂ ਹੀ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦੀ ਆਜ਼ਾਦੀ ਨੂੰ ਸਹੀ ਆਜ਼ਾਦੀ ਨਹੀਂ ਮੰਨਿਆ ਜਾ ਸਕਦਾ। ਅਸਲ 'ਚ, ਕਿਸੇ ਵੀ ਕਿਸਮ ਦੀ ਬੰਦਸ਼ ਅਤੇ ਭੈਅ ਤੋਂ ਮੁਕਤ ਰਹਿੰਦਿਆਂ ਇਨਸਾਨ ਲਈ ਵਿਚਾਰ ਬਣਾਉਣ ਤੇ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਆਜ਼ਾਦ ਮਾਹੌਲ ਹੋਵੇ ਤਾਂ ਹੀ ਆਜ਼ਾਦੀ ਕਹੀ ਜਾ ਸਕਦੀ ਹੈ।

ਪਰ ਅਮਲ 'ਚ ਹੁੰਦਾ ਕੀ ਹੈ ? ਹੁੰਦਾ ਇਹੀ ਹੈ ਕਿ ਜੇਕਰ ਕੋਈ ਵੀ ਧਰਮ ਦੇ ਸਬੰਧੀ ਕੁੱਝ ਲਿਖਦਾ ਹੈ ਤਾਂ ਉਸਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਘੇਰੇ ਵਿੱਚ ਲੈ ਲਿਆ ਜਾਂਦਾ ਹੈ। ਉਸਨੂੰ ਕਿਸੇ ਸਮਾਗਮ 'ਤੇ ਬੋਲਣ ਦੀ ਗੱਲ ਤਾਂ ਛੱਡੋ ਦੇਸ਼ ਅੰਦਰ ਆਉਣ ਅਤੇ ਰਹਿਣ ਤੱਕ ਦੀ ਆਗਿਆ ਨਹੀਂ ਦਿੱਤੀ ਜਾਂਦੀ। ਤਸਲੀਮਾ ਨਸਰੀਨ ਅਤੇ ਸਲਮਾਨ ਰਸ਼ਦੀ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਤਸਲੀਮਾ ਨਸਰੀਨ ਨੂੰ ਸ਼ਰਨ ਨਹੀਂ ਦਿੱਤੀ ਗਈ ਅਤੇ ਸਲਮਾਨ ਰਸ਼ਦੀ ਨੂੰ ਰਾਜਸਥਾਨ ਅੰਦਰ ਸਮਾਗਮ 'ਤੇ ਬੋਲਣ ਲਈ ਦੇਸ਼ ਅੰਦਰ ਆਉਣ ਦੀ ਆਗਿਆ ਤੱਕ ਨਹੀਂ ਦਿੱਤੀ ਗਈ। ਕਿਉਂ ? ਇਹ ਕਹਿਕੇ ਕਿ ਇਸ ਨਾਲ ਧਾਰਮਿਕ ਭਾਵਨਾਵਾਂ ਭੜਕ ਸਕਦੀਆਂ ਹਨ। ਸਰਕਾਰ ਨੂੰ ਚਾਹੀਦਾ ਸੀ ਕਿ ਧਾਰਮਿਕ ਫਿਰਕਿਆਂ ਨੂੰ ਸਮਝਾਉਂਦੀ ਜਾਂ ਕਾਨੂੰਨੀ ਤੌਰ 'ਤੇ ਰੋਕਦੀ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੇ ਅਧਿਕਾਰ ਦੀ ਰੱਖਿਆ ਕਰਦੀ। ਪਰ ਇਉਂ ਨਹੀਂ ਕੀਤਾ ਗਿਆ। ਇਹ ਰਾਜ ਦੀ ਧਰਮ-ਨਿਰਪੱਖਤਾ ਨਾ ਹੋ ਕੇ ਸਪੱਸ਼ਟ ਤੌਰ 'ਤੇ ਧਰਮ ਦੇ ਪੱਖ 'ਚ ਖੜ੍ਹਨਾ ਬਣਦਾ ਹੈ।

ਇੱਥੋਂ ਤੱਕ ਦੀ ਆਪਣੀ ਵਿਚਾਰ-ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਧਰਮ-ਨਿਰਪੱਖਤਾ ਦੀ ਨੀਤੀ ਧਰਮ ਨਾਲ ਨੱਥੀ (**attached**) ਹੋਈ ਰਹਿੰਦੀ ਹੈ ਅਤੇ ਇਹ ਧਰਮਾਂ ਦੀ ਪੱਖ ਕਰਨ ਵਾਲੀ ਨੀਤੀ ਬਣੀ ਰਹਿੰਦੀ ਹੈ। ਇਸ ਤਰ੍ਹਾਂ ਨਾਲ ਰਾਜ, ਧਰਮ ਦਾ ਪੱਖਪਾਤੀ ਬਣ ਜਾਂਦਾ ਹੈ। ਭਾਵੇਂ ਰਾਜ ਦਾ ਐਲਾਨੀਆ ਧਰਮ ਕੋਈ ਨਾ ਵੀ ਹੋਵੇ, ਉਂਝ ਸਾਰੇ ਧਰਮ ਹੀ ਉਸਦੇ ਧਰਮ ਬਣੇ ਰਹਿੰਦੇ ਹਨ। ਇਸ ਤਰ੍ਹਾਂ ਧਰਮ ਦੀ ਰਾਜ ਅੰਦਰ, ਅਤੇ, ਰਾਜ ਦੀ ਧਰਮ ਅੰਦਰ ਦਖਲਅੰਦਾਜ਼ੀ ਤੇ ਇੱਕ-ਦੂਸਰੇ ਦੇ ਹਿਤਾਂ ਦੀ ਪੂਰਤੀ ਕਰਦੇ ਰਹਿਣਾ ਜਾਰੀ ਰਹਿੰਦਾ ਹੈ।

ਇਹ ਤਾਂ ਹੈ ਇਸ ਧਰਮ-ਨਿਰਪੱਖਤਾ ਦੀ ਨੀਤੀ ਦੀ ਅਮਲੀ ਪੱਖ ਤੋਂ ਅਸਲੀਅਤ।ਅੱਗੇ ਇਸਦਾ ਸਿਧਾਂਤਕ ਪੱਖ।

ਇੱਕ ਵੇਰਾਂ ਭਗਤ ਸਿੰਘ ਨੇ ਫਿਰਕੂ ਦੰਗਿਆਂ 'ਤੇ ਆਪਣੀ ਚਿੰਤਾ ਜ਼ਾਹਿਰ ਕਰਦਿਆਂ ਲਿਖਿਆ ਸੀ ਕਿ "ਸਰਸਵਤੀ ਪੂਜਾ ਵਾਲੇ ਦਿਨ, ਸਰਸਵਤੀ ਦੀ ਮੂਰਤੀ ਦੀ ਯਾਤਰਾ ਨਿਕਲਣੀ ਜ਼ਰੂਰੀ ਹੈ, ਅਤੇ...ਅੱਗੇ ਅੱਗੇ ਵਾਜਾ ਵੱਜਣਾ ਵੀ ਜ਼ਰੂਰੀ ਹੈ। ਪਰ...ਇਸਲਾਮ ਮਜ਼ਹਬ ਕਹਿੰਦਾ ਹੈ ਕਿ ਮਸਜਿਦ ਅੱਗੇ ਵਾਜਾ ਨਾ ਵੱਜੇ...।" ਹੁਣ ਕੀ ਰਾਜ ਸਰਸਵਤੀ ਦੀ ਮੂਰਤੀ ਦੀ ਯਾਤਰਾ ਅੱਗੇ ਵਾਜਾ ਵੱਜਣ 'ਤੇ ਰੋਕ ਲਗਾਵੇਗਾ ? ਜੇਕਰ ਰਾਜ ਇਉਂ ਕਰੇਗਾ ਤਾਂ ਇਹ ਹਿੰਦੂ ਧਰਮ ਦੀ ਬੇਅਦਬੀ ਬਣ ਜਾਵੇਗੀ। ਅਤੇ ਜੇਕਰ ਰਾਜ, ਵਾਜਾ ਵੱਜਣ 'ਤੇ ਰੋਕ ਨਹੀਂ ਲਗਾਉਂਦਾ ਤਾਂ ਇਹ ਇਸਲਾਮ ਧਰਮ ਦੀ ਬੇਅਦਬੀ ਬਣ ਜਾਵੇਗੀ। ਜੇ ਰਾਜ ਕਿਸੇ ਇੱਕ ਧਰਮ ਵਾਲਿਆਂ ਵਿਰੁੱਧ ਕੋਈ ਕਦਮ ਚੁੱਕੇਗਾ ਤਾਂ ਉਹ ਨਿਰਪੱਖਤਾ ਦੀ ਨੀਤੀ ਦੀ ਉਲੰਘਣਾ ਕਰ ਰਿਹਾ ਹੋਵੇਗਾ। ਜੇਕਰ ਉਹ ਵਿੱਚ-ਬਚਾਅ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਹ ਨਿਰਪੱਖਤਾ ਵਾਲੀ ਨੀਤੀ 'ਤੇ ਨਹੀਂ ਬਲਕਿ ਮਹਾਤਮਾ ਗਾਂਧੀ ਵਾਲੀ 'ਸਰਵ ਧਰਮ ਸਮ-ਭਾਵ (ਸਾਰੇ ਧਰਮਾਂ ਦਾ ਇੱਕੋ ਜਿੰਨਾ ਸਤਿਕਾਰ)' ਵਾਲੀ ਨੀਤੀ 'ਤੇ ਅਮਲ ਕਰ ਰਿਹਾ ਹੋਵੇਗਾ। ਜੇ ਰਾਜ ਮੂਕ ਦਰਸ਼ਕ ਬਣਿਆ ਰਹੇਗਾ ਤਾਂ ਫਿਰਕੂ ਫਸਾਦ ਹੋਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਰਾਜ ਲਈ ਇਹ ਕਸੂਤੀ ਸਥਿਤੀ ਬਣ ਜਾਂਦੀ ਹੈ। ਇਹ ਕਿਉਂ ਹੁੰਦਾ ਹੈ ?

ਕਿਉਂਕਿ ਦੋ ਵਿਰੋਧਾਂ ਦਰਮਿਆਨ ਕਦੇ ਨਿਰਪੱਖ ਰਿਹਾ ਹੀ ਨਹੀਂ ਜਾ ਸਕਦਾ। ਜੇਕਰ ਇਹ ਮੰਨ ਕੇ ਵੀ ਗੱਲ ਕੀਤੀ ਜਾਵੇ ਕਿ ਧਰਮਾਂ ਦਾ ਉਦੇਸ਼ ਇੱਕੋ ਹੈ, ਇਹ ਨਿਰਪੱਖਤਾ ਵਾਲੀ ਨੀਤੀ ਫਿਰ ਵੀ ਲਾਗੂ ਨਹੀਂ ਹੁੰਦੀ। ਕਿਉਂ ? ਇੱਕ ਮਿਸਾਲ ਲਵੋ। ਸ਼ੇਰ ਕਿਸੇ ਜਾਨਵਰ ਦਾ ਸ਼ਿਕਾਰ ਕਰ ਰਿਹਾ ਹੈ, ਸ਼ਿਕਾਰ ਹੋਣ ਵਾਲਾ

ਭੱਜ ਰਿਹਾ ਹੈ। ਹੁਣ ਇਹ ਦੋਨੋਂ **-ਸ਼ੇਰ ਅਤੇ ਜਾਨਵਰ-** ਆਪਣੇ ਆਪਨੂੰ ਜ਼ਿੰਦਾ ਰਹਿਣ ਦੇ **ਇੱਕੋ ਉਦੇਸ਼** ਦੀ ਪੂਰਤੀ ਕਰਨ ਦੀ ਕੋਸ਼ਿਸ਼ ਵਿੱਚ ਹਨ। ਦੋਨੋਂ ਹੀ ਇੱਕੋ ਕੁਦਰਤੀ ਨਿਯਮ **"ਹੋਂਦ ਲਈ ਜੱਦੋਜਹਿਦ"** ਦੀ ਪਾਲਣਾ ਕਰ ਰਹੇ ਹਨ- ਇੱਕੋ ਉਦੇਸ਼ ਹੈ, ਇੱਕੋ ਨਿਯਮ ਦੀ ਪਾਲਣਾ ਹੋ ਰਹੀ ਹੈ। ਅਜਿਹੀ ਸਥਿਤੀ ਵਿੱਚ ਵੀ ਜਿਹੜਾ ਮਨੁੱਖ ਨਿਰਪੱਖਤਾ ਦੀ ਨੀਤੀ 'ਤੇ ਅਮਲ ਕਰੇਗਾ ਉਹ ਸ਼ੇਰ ਦੀ ਅਸਿੱਧੇ ਰੂਪ 'ਚ ਮੱਦਦ ਕਰ ਰਿਹਾ ਹੋਵੇਗਾ। ਬਸ, ਇਹੀ ਨਿਯਮ ਧਰਮ-ਨਿਰਪੱਖਤਾ 'ਤੇ ਲਾਗੂ ਹੁੰਦਾ ਹੈ। ਧਰਮਾਂ ਦੀ ਗਿਣਤੀ ਇੱਕ ਤੋਂ ਵੱਧ ਹੋਣ ਕਰਕੇ ਅਤੇ ਇਸ ਤੋਂ ਵੀ ਵਧਕੇ ਧਰਮ ਦੇ ਫਲਸਫੇ ਅਤੇ ਰਸਮੋ-ਰਿਵਾਜ (ਸਰਸਵਤੀ ਦੀ ਯਾਤਰਾ ਅੱਗੇ ਵਾਜਾ ਵਜਾਉਣ ਦੇ ਰਸਮੋ-ਰਿਵਾਜ ਦੀ ਮਿਸਾਲ ਦਿੱਤੀ ਜਾ ਚੁੱਕੀ ਹੈ) ਇੱਕ-ਦੂਸਰੇ ਤੋਂ ਵੱਖਰੇ ਹੀ ਨਹੀਂ ਬਲਕਿ ਵਿਰੋਧੀ ਹੋਣ ਕਰਕੇ ਧਰਮਾਂ ਪ੍ਰਤੀ ਨਿਰਪੱਖਤਾ ਦੀ ਨੀਤੀ ਅਮਲ 'ਚ ਲਿਆਂਦੀ ਹੀ ਨਹੀਂ ਜਾ ਸਕਦੀ। ਜੇਕਰ ਇੱਕ ਧਰਮ ਵੀ ਹੋਵੇ ਤਾਂ ਵੀ ਉਸ ਪ੍ਰਤੀ ਨਿਰਪੱਖ ਨਹੀਂ ਰਿਹਾ ਜਾ ਸਕਦਾ ਕਿਉਂਕਿ ਫਿਰ ਗੈਰ-ਧਾਰਮਿਕ ਲੋਕਾਂ ਵਾਲਾ ਵਿਰੋਧੀ ਪੱਖ ਮੌਜੂਦ ਰਹੇਗਾ। ਸੋ ਧਰਮ-ਨਿਰਪੱਖਤਾ ਦੀ ਨੀਤੀ ਸਿਧਾਂਤਕ ਪੱਖੋਂ ਵੀ ਗਲਤ ਹੈ।

ਇਸ ਨੁਕਤੇ ਦਾ ਸਾਰ-ਤੱਤ ਇਹ ਹੈ ਕਿ ਧਰਮ-ਨਿਰਪੱਖਤਾ ਦੀ ਨੀਤੀ ਦੋਨਾਂ ਪੱਖਾਂ **-ਸਿਧਾਂਤਕ ਅਤੇ ਅਮਲੀ-** ਤੋਂ ਹੀ ਗਲਤ ਅਤੇ ਲਾਗੂ-ਨਾ-ਹੋਣ-ਯੋਗ ਹੈ। ਅਸਲ ਗੱਲ ਇਹ ਹੈ ਕਿ ਸੈਕੂਲਰਿਜ਼ਮ ਦੇ ਜੋ ਅਰਥ ਪੰਜਾਬੀ 'ਚ ਕੱਢੇ ਗਏ ਤੇ ਪ੍ਰਚੱਲਤ ਕੀਤੇ ਗਏ ਉਹ ਸਹੀ ਨਹੀਂ। ਸਹੀ ਅਰਥ ਦੇਖਣ ਤੋਂ ਪਹਿਲਾਂ ਇਹ ਵਿਚਾਰਦੇ ਹਾਂ ਕਿ ਹੋਣਾ ਕੀ ਚਾਹੀਦੈ ?

ਹੋਣਾ ਕੀ ਚਾਹੀਦੈ?

ਰਾਜ ਨੂੰ ਧਰਮ-ਨਿਰਪੱਖ ਨਹੀਂ, ਧਰਮ-ਨਿਰਪੇਖ ਹੋਣਾ ਚਾਹੀਦਾ ਹੈ। ਧਰਮ-ਨਿਰਪੇਖ ਦਾ ਮਤਲਬ ਇਹ ਹੈ ਕਿ ਰਾਜ, ਧਰਮ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਜਾਂ ਲਿਹਾਜ਼ਦਾਰੀ ਨਹੀਂ ਕਰੇਗਾ। ਰਾਜ ਦਾ ਆਪਣਾ ਕੋਈ ਧਰਮ ਨਹੀਂ ਹੋਵੇਗਾ। ਨਾ ਧਰਮ ਦਾ ਰਾਜ ਅੰਦਰ, ਅਤੇ, ਨਾ ਹੀ ਰਾਜ ਦਾ ਧਰਮ ਅੰਦਰ ਕੋਈ ਦਖਲ ਹੋਵੇਗਾ। ਰਾਜ ਅਤੇ ਧਰਮ ਮੁਕੰਮਲ ਤੌਰ 'ਤੇ ਅਲੱਗ-ਅਲੱਗ **(detached)**ਹੋਣਗੇ। ਜਦੋਂ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਤਾਂ ਅਸੀਂ ਇਸੇ ਕਰਕੇ ਲਿਖਿਆ ਸੀ ਕਿ ਇਹ ਰਾਜ ਦੀ ਧਰਮ ਦੇ ਮਾਮਲੇ ਅੰਦਰ ਦਖਲਅੰਦਾਜ਼ੀ ਹੈ। ਭਾਵੇਂ ਉਦੋਂ ਬਹੁਤਿਆਂ ਨੂੰ ਇਉਂ ਲਗਦਾ ਸੀ ਕਿ ਅਸੀਂ ਇਸ ਮਸਲੇ ਤੋਂ ਕੀ ਲੈਣਾ ਹੈ। ਉਹ ਧਾਰਮਿਕ ਗ੍ਰੰਥ ਦੀ ਪ੍ਰਕਾਸ਼ਨਾ ਤੱਕ ਹੀ ਸੋਚਦੇ ਸਨ। ਰਾਜ ਅਤੇ ਧਰਮ ਦਾ ਰਿਸ਼ਤਾ ਕੀ ਹੋਵੇ, ਇਸ ਬਾਰੇ ਨਹੀਂ ਸੋਚਦੇ ਸਨ। ਪਰ ਅਸੀਂ ਰਾਜ ਦੇ ਧਰਮ ਅੰਦਰ ਦਖਲਅੰਦਾਜ਼ੀ ਦਾ ਸਿਧਾਂਤਕ ਪੈਂਤੜੇ ਤੋਂ ਵਿਰੋਧ ਕੀਤਾ ਸੀ। ਸਾਬਕਾ ਸਿੱਖਿਆ ਮੰਤਰੀ ਦੇ ਵਿੱਦਿਅਕ ਅਦਾਰਿਆਂ ਨੂੰ ਚਿੱਠੀ ਜਾਰੀ ਕਰਕੇ ਪ੍ਰਾਰਥਨਾ ਸਮੇਂ ਰੱਬ ਨੂੰ ਧਿਆਉਣ ਦੇ ਹੁਕਮ ਦਾ ਵੀ ਅਸੀਂ ਇਸੇ ਕਰਕੇ ਵਿਰੋਧ ਕੀਤਾ ਕਿ ਇਹ ਰਾਜ ਵੱਲੋਂ ਗੈਰ-ਧਾਰਮਿਕ ਲੋਕਾਂ 'ਤੇ ਹੀ ਨਹੀਂ ਬਲਕਿ ਆਮ ਵਿਦਿਆਰਥੀਆਂ 'ਤੇ ਵੀ ਜ਼ਬਰੀ ਧਰਮ ਠੋਸਣਾ ਬਣਦਾ ਹੈ, ਰਾਜ ਦੀ ਸਿੱਧੀ ਧਾਰਮਿਕ ਦਖਲਅੰਦਾਜ਼ੀ ਬਣਦੀ ਹੈ।

ਜੇ ਰਾਜ ਧਰਮ-ਨਿਰਪੇਖ ਹੋਵੇਗਾ ਤਾਂ ਧਰਮ, ਮਨੁੱਖ ਦਾ ਨਿੱਜੀ ਮਸਲਾ ਹੋਵੇਗਾ। ਮਨੁੱਖ ਇਸਨੂੰ ਸਮਾਜਕ ਰੂਪ ਨਹੀਂ ਦੇ ਸਕੇਗਾ। ਰਾਜ, ਧਾਰਮਿਕ ਸੰਸਥਾਵਾਂ ਅਤੇ ਧਰਮ-ਆਧਾਰਤ ਰਾਜਸੀ ਪਾਰਟੀਆਂ ਨੂੰ ਮਾਨਤਾ ਨਹੀਂ ਦੇਵੇਗਾ। ਧਾਰਮਿਕ ਸੰਸਥਾਵਾਂ ਨੂੰ ਮਾਨਤਾ ਨਾ ਦੇਣ ਕਰਕੇ ਉਹ ਕਿਸੇ ਕਿਸਮ ਦੀ ਉਜਰਦਾਰੀ ਨਹੀਂ ਕਰ ਸਕਣਗੀਆਂ। ਧਰਮ-ਆਧਾਰਤ ਰਾਜਸੀ ਪਾਰਟੀਆਂ ਦੀ ਮਾਨਤਾ ਖਤਮ ਹੋਣ ਕਰਕੇ ਉਨ੍ਹਾਂ ਦੀ ਰਾਜ ਅਤੇ ਪ੍ਰਸ਼ਾਸ਼ਨ ਅੰਦਰ ਕਿਸੇ ਕਿਸਮ ਦੀ ਦਖਲਅੰਦਾਜ਼ੀ ਨਹੀਂ ਹੋਵੇਗੀ। ਜਦੋਂ ਕਿਸੇ ਵੀ ਧਰਮ ਦੀ ਰਾਜ ਅੰਦਰ ਕਿਸੇ ਵੀ ਕਿਸਮ ਦੀ ਦਖਲਅੰਦਾਜ਼ੀ ਨਹੀਂ ਹੋਵੇਗੀ ਤਾਂ ਧਾਰਮਿਕ ਅਤੇ ਗੈਰ-ਧਾਰਮਿਕ ਨਾਗਰਿਕ ਬਰਾਬਰ ਦੇ ਸਤਿਕਾਰ ਦੇ ਪਾਤਰ ਹੋਣਗੇ। ਰਾਜ, ਸਭ ਕਿਸਮ ਦੇ ਵਿੱਦਿਅਕ ਅਦਾਰਿਆਂ ਅੰਦਰ ਇੱਕੋ-ਜਿਹੇ ਅਤੇ ਇੱਕੋ ਤਰ੍ਹਾਂ ਨਾਲ ਸਿਲੇਬਸ ਲਾਗੂ ਕਰੇਗਾ। ਇਨ੍ਹਾਂ ਅਦਾਰਿਆਂ ਵਿੱਚ ਧਰਮ ਦੀ ਕਿਸੇ ਕਿਸਮ ਦੀ ਕੋਈ ਦਖਲਅੰਦਾਜ਼ੀ ਨਹੀਂ ਹੋਵੇਗੀ। ਮਨੁੱਖ ਦਾ ਇਖਲਾਕ ਵੀ ਧਰਮ ਦੇ ਨਜ਼ਰੀਏ ਤੋਂ ਨਹੀਂ ਬਲਕਿ ਸਮਾਜ ਪ੍ਰਤੀ ਉਸਦੇ ਵਿਹਾਰ ਅਤੇ ਚੱਲਣ ਤੋਂ ਤੈਅ ਕੀਤਾ ਜਾਵੇਗਾ। ਉਦੋਂ ਕਿਸੇ ਫਿਰਕੇ ਦੀਆਂ ਭਾਵਨਾਵਾਂ ਦੀ ਥਾਂ ਵਿਅਕਤੀਗਤ ਮਨੁੱਖ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਗੱਲ ਹੋਵੇਗੀ। ਧਾਰਮਿਕ ਅਤੇ ਗੈਰ-ਧਾਰਮਿਕ ਮਨੁੱਖਾਂ ਭਾਵ ਸਾਰੇ ਮਨੁੱਖਾਂ ਦੀਆਂ ਹੀ ਭਾਵਨਾਵਾਂ ਦਾ ਬਰਾਬਰ ਖਿਆਲ ਰੱਖਿਆ ਜਾਣਾ ਜ਼ਰੂਰੀ ਹੋਵੇਗਾ। ਹਰ ਨਾਗਰਿਕ ਆਪਣੇ ਵਿਚਾਰ ਬਣਾਉਣ ਅਤੇ ਪ੍ਰਗਟਾਉਣ ਦਾ ਬਰਾਬਰ ਦਾ ਹੱਕਦਾਰ ਹੋਵੇਗਾ।

ਮੁਕਦੀ ਗੱਲ, ਇਹ ਹੈ ਕਿ ਧਰਮ-ਨਿਰਪੇਖਤਾ ਦੀ ਨੀਤੀ ਹੀ ਰਾਜ ਨੂੰ ਧਰਮ ਤੋਂ, ਅਤੇ, ਧਰਮ ਨੂੰ ਰਾਜ ਤੋਂ ਅਲੱਗ ਰੱਖ ਸਕਦੀ ਹੈ। ਇਹ ਹੀ ਮਨੁੱਖ ਨੂੰ ਆਜ਼ਾਦ ਤੌਰ 'ਤੇ ਸੋਚਣ, ਵਿਚਾਰ ਬਣਾਉਣ ਅਤੇ ਪ੍ਰਗਟਾਉਣ ਲਈ ਢੁੱਕਵਾਂ ਮਾਹੌਲ ਸਿਰਜ ਸਕਦੀ ਹੈ। ਇਸ ਲਈ ਸੈਕੂਲਰਿਜ਼ਮ ਦੇ ਪੰਜਾਬੀ ਵਿੱਚ ਸਹੀ ਅਰਥ ਇਹ ਬਣਦੇ ਹਨ ਕਿ ਰਾਜ, ਇਖਲਾਕੀ ਕਦਰਾਂ-ਕੀਮਤਾਂ, ਵਿੱਦਿਆ, ਵਗੈਰਾ ਵਗੈਰਾ, ਧਰਮ ਤੋਂ ਆਜ਼ਾਦ ਹੋਣੀਆਂ ਚਾਹੀਦੀਆਂ ਹਨ। **(Secularism : The belief that the State, morals, education, etc., should be independent of religion).** ਸੋ ਸੈਕੂਲਰਿਜ਼ਮ ਦੀ ਸਹੀ ਭਾਵਨਾ ਪ੍ਰਗਟ ਕਰਦਾ

ਸ਼ਬਦ ਧਰਮ–ਨਿਰਪੇਖਤਾ ਹੀ ਹੈ।

ਕੀ ਮੌਜੂਦਾ ਪ੍ਰਬੰਧ ਦੇ ਹੁੰਦਿਆਂ ਇਹ ਸੰਭਵ ਹੈ?

ਨਹੀਂ, ਬਿਲਕੁਲ ਵੀ ਨਹੀਂ, ਕਿਉਂਕਿ ਮਨੁੱਖੀ ਸਮਾਜ ਅੰਦਰ ਲੁਟੇਰੇ ਪ੍ਰਬੰਧ ਦੇ ਹੋਂਦ 'ਚ ਆਉਣ ਤੋਂ ਲੈਕੇ ਧਰਮ ਹਮੇਸ਼ਾ ਹੀ ਰਾਜ ਕਰਨ ਵਾਲੀਆਂ (ਲੁਟੇਰੀਆਂ) ਜਮਾਤਾਂ ਦੇ ਹਿਤ ਵਿੱਚ ਭੁਗਤਦਾ ਰਿਹਾ ਹੈ, ਭੁਗਤ ਰਿਹਾ ਹੈ ਅਤੇ ਇਸ ਪ੍ਰਬੰਧ ਦੇ ਰਹਿਣ ਤੱਕ ਭੁਗਤਦਾ ਰਹੇਗਾ। ਇਹ ਭਾਵੇਂ ਰਾਜੇ ਨੂੰ ਕਿਸੇ ਰੱਬੀ ਦੂਤ ਵਜੋਂ ਪੇਸ਼ ਕਰਕੇ ਰਾਜ ਕਰਨ ਦਾ ਅਧਿਕਾਰੀ ਪ੍ਰਚਾਰਦਾ ਹੋਵੇ, ਭਾਵੇਂ ਚਾਰ ਵਰਣਾਂ ਨੂੰ ਆਪੋ–ਆਪਣੇ ਵਰਣ ਦੀ ਡਿਊਟੀ ਨਿਭਾਉਣ ਨੂੰ ਧਰਮ ਦੀ ਪਾਲਣਾ ਦਾ ਉਪਦੇਸ਼ ਦਿੰਦਾ ਰਿਹਾ ਹੋਵੇ, ਭਾਵੇਂ ਚਹੁੰ ਵਰਣਾਂ ਦਾ ਸਰਵ–ਸਾਂਝਾ ਧਰਮ ਕਹਿਕੇ ਦੁਰਦਸ਼ਾ ਵਾਲੀ ਜ਼ਿੰਦਗੀ ਨੂੰ ਕਿਸੇ ਅਗੰਮੀ ਸ਼ਕਤੀ ਦਾ ਹੁਕਮ ਮੰਨਦਿਆਂ ਸਬਰ ਨਾਲ ਬਿਤਾਉਣ ਦਾ ਉਪਦੇਸ਼ ਦਿੰਦਾ ਹੋਵੇ, ਭਾਵੇਂ ਅਗਲੇ–ਪਿਛਲੇ ਜਨਮਾਂ ਦੇ ਚੱਕਰਾਂ 'ਚ ਪਾਉਂਦਾ ਹੋਵੇ, ਭਾਵੇਂ ਲੋਕਾਂ ਨੂੰ ਬੁਰੀਆਂ ਹਾਲਤਾਂ ਨੂੰ ਸਬਰ–ਸੰਤੋਖ ਕਰਕੇ ਦਿਨ–ਕਟੀ ਕਰਨ ਦਾ ਉਪਦੇਸ਼ ਦਿੰਦਾ ਹੋਵੇ।ਮੁਕਦੀ ਗੱਲ, ਧਰਮ ਦਾ ਰੂਪ ਕੋਈ ਵੀ ਕਿਉਂ ਨਾ ਰਿਹਾ ਹੋਵੇ ਅਤੇ ਰਹਿ ਰਿਹਾ ਹੋਵੇ, ਇਹ ਰਾਜ ਕਰਨ ਵਾਲੀਆਂ (ਲੁਟੇਰੀਆਂ) ਜਮਾਤਾਂ ਲਈ ਢਾਲ ਬਣਦਾ ਹੈ ਅਤੇ ਆਮ ਲੋਕਾਈ ਨੂੰ ਉਨ੍ਹਾਂ ਦੀਆਂ ਬੁਨਿਆਦੀ ਸਮੱਸਿਆਵਾਂ ਦੇ ਹੱਲ ਲਈ ਸੋਚਣ ਤੋਂ ਦੂਰ ਲਿਜਾਂਦਾ ਹੈ– ਸਮੱਸਿਆਵਾਂ ਜੋ ਹਮੇਸ਼ਾ ਪ੍ਰਬੰਧ ਦੀ ਪੈਦਾਇਸ਼ ਹੁੰਦੀਆਂ ਹਨ।

ਇਸੇ ਲਈ ਧਰਮ–ਨਿਰਪੱਖਤਾ ਦੀ ਨੀਤੀ ਹੇਠ ਇਸ ਪ੍ਰਬੰਧ 'ਤੇ ਕਾਬਜ਼ ਹਾਕਮ ਜਮਾਤਾਂ ਪਰਦੇ ਪਿੱਛਿਓਂ ਧਰਮ ਨੂੰ ਹਰ ਕਿਸਮ ਦੀ ਅਤੇ ਸਿੱਧੀ ਅਤੇ ਅਸਿੱਧੀ ਮੱਦਦ ਕਰਕੇ ਪ੍ਰਫੁੱਲਤ ਕਰਦੀਆਂ ਰਹਿੰਦੀਆਂ ਹਨ।

ਇਸ ਲਈ ਮੌਜੂਦਾ ਪ੍ਰਬੰਧ ਦੇ ਹੁੰਦਿਆਂ ਧਰਮ–ਨਿਰਪੇਖ ਦੀ ਨੀਤੀ ਲਾਗੂ ਹੋਣੀ ਸੰਭਵ ਨਹੀਂ।ਜਦੋਂ ਮੌਜੂਦਾ ਪ੍ਰਬੰਧ ਦੇ ਹੁੰਦਿਆਂ ਇਹ ਧਰਮ–ਨਿਰਪੇਖਤਾ ਸੰਭਵ ਨਹੀਂ ਤਾਂ ਅਸੀਂ ਅਜਿਹੀ ਮੰਗ ਕਿਉਂ ਕਰਦੇ ਹਾਂ ? ਇਹ ਸਵਾਲ ਦਾ ਜਵਾਬ ਇਹ ਹੈ ਕਿ ਜਦੋਂ ਅਸੀਂ ਇਹ ਗੱਲ ਲੋਕਾਂ 'ਚ ਲੈ ਕੇ ਜਾਵਾਂਗੇ ਤਾਂ ਉਨ੍ਹਾਂ ਵਿੱਚ ਇਸ ਸਬੰਧੀ ਜਾਗਰੂਕਤਾ ਆਏਗੀ ਕਿ ਇਹ ਲੁਟੇਰਾ ਗੁੱਟ ਆਪਣਾ ਰਾਜ–ਪ੍ਰਬੰਧ ਕਾਇਮ ਰੱਖਣ ਲਈ ਉਨ੍ਹਾਂ ਨੂੰ ਧਰਮ ਦੇ ਆਧਾਰ 'ਤੇ ਵਰਤ ਰਿਹਾ ਹੈ।ਇਸ ਤੋਂ ਇਲਾਵਾ ਉਨ੍ਹਾਂ ਵਿੱਚ ਇਹ ਜਾਗ੍ਰਿਤੀ ਵੀ ਆਏਗੀ ਕਿ ਉਹ ਧਰਮ ਦੀ ਭਰਾ–ਮਾਰ ਲੜਾਈ 'ਚ ਸ਼ਾਮਲ ਹੋਣ ਨਾਲੋਂ ਆਪਣੀਆਂ ਬੁਨਿਆਦੀ ਸਮੱਸਿਆਵਾਂ ਦੇ ਹੱਲ ਲਈ ਸਿਰ–ਜੋੜਕੇ ਸੋਚਣ। ਲੋਕ ਇਉਂ ਸੋਚਣ, ਇਸੇ ਲਈ ਭਗਤ ਸਿੰਘ ਨੇ ਲਿਖਿਆ ਸੀ:

"ਤੁਹਾਡਾ ਭਲਾ ਇਸੇ ਵਿੱਚ ਹੈ ਕਿ ਤੁਸੀਂ ਧਰਮ...ਦੇ ਭਿੰਨ–ਭੇਦ ਮਿਟਾ ਕੇ ਇਕੱਠੇ ਹੋ ਜਾਓ ਅਤੇ ਹਕੂਮਤੀ ਤਾਕਤ ਨੂੰ ਆਪਣੇ ਹੱਥ ਵਿੱਚ ਲੈਣ ਦਾ ਯਤਨ ਕਰੋ।"

ਜਦੋਂ ਲੋਕ ਇਉਂ ਸੋਚਣ ਲੱਗ ਪੈਣਗੇ ਅਤੇ ਇਸ ਪਾਸੇ ਤੁਰਨਗੇ ਤਾਂ ਉਹ ਰਾਜ ਨੂੰ ਹੀ ਨਹੀਂ ਬਲਕਿ ਸਮਾਜ ਨੂੰ ਵੀ ਧਰਮ–ਨਿਰਪੇਖ ਬਣਾਉਣ ਵੱਲ ਕਦਮ ਵਧਾਉਣਗੇ। ਬਸ, ਇਹ ਵਿਚਾਰਧਾਰਕ ਮੋੜਾ ਕਟਾਉਣ ਲਈ, ਧਾਰਮਿਕ ਭਾਵਨਾਵਾਂ ਦਾ ਖਿਆਲ ਰੱਖਦਿਆਂ, ਤਨਦੇਹੀ ਤੇ ਦ੍ਰਿੜਤਾ, ਹਲੀਮੀ ਤੇ ਠਰੰਮੇ ਅਤੇ ਦਲੀਲ–ਪੂਰਵਕ ਪ੍ਰੇਰਨਾ ਨਾਲ ਯਤਨ ਜੁਟਾਉਣੇ ਚਾਹੀਦੇ ਹਨ।

*ਰਾਜ (State) - ਮੁਢਲੇ ਮਨੁੱਖੀ ਸਮਾਜ ਅੰਦਰ ਪੈਦਾਵਾਰੀ ਸੋਮਿਆਂ ਤੇ ਸਾਧਨਾਂ 'ਤੇ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਮੂਹ ਦਾ ਨਿੱਜੀ ਅਧਿਕਾਰ ਨਹੀਂ ਸੀ। ਇਸੇ ਕਰਕੇ ਉਦੋਂ ਕਿਸੇ ਕਿਸਮ ਦੀ ਹਕੂਮਤ ਅਤੇ ਕਾਨੂੰਨ ਆਦਿ ਵੀ ਨਹੀਂ ਸਨ। ਪਰ ਇੱਕ ਪੜਾਅ 'ਤੇ ਆ ਕੇ ਜਦੋਂ ਪੈਦਾਵਾਰੀ ਸੋਮੇ ਅਤੇ ਸਾਧਨ ਨਿੱਜੀ ਮਾਲਕੀ ਬਣ ਗਏ ਤਾਂ ਸਮਾਜ ਦੋ ਵਿਰੋਧੀ (ਦੁਸ਼ਮਣ) ਜਮਾਤਾਂ ਅੰਦਰ ਵੰਡਿਆ ਗਿਆ। ਇੱਕ ਸਾਧਨ-ਵੰਤੀ ਅਤੇ ਦੂਸਰੀ ਸਾਧਨ-ਵਿਹੂਣੇ। ਸਾਧਨ-ਵੰਤੇ, ਸਾਧਨ-ਵਿਹੂਣੀ ਮਿਹਨਤਕਸ਼ ਜਮਾਤ ਦੀ ਕਮਾਈ ਦੀ ਲੁੱਟ 'ਤੇ ਜਿਉਣ ਲੱਗ ਪਏ। ਇਸ ਤਰ੍ਹਾਂ ਨਾਲ ਦੋ ਵਿਰੋਧੀਆਂ ਜੀਵਨ ਹਾਲਤਾਂ ਬਣ ਗਈਆਂ-ਵਿਹਲੜ ਤੇ ਐਸ਼ ਕਰਨ ਵਾਲੀ ਜਮਾਤ ਅਤੇ ਕਮਾਊ ਤੇ ਰੀਂਘ ਰੀਂਘ ਕੇ ਜ਼ਿੰਦਗੀ ਬਿਤਾਉਣ ਵਾਲੀ ਜਮਾਤ। ਸਾਧਨ-ਵੰਤਿਆਂ ਲਈ ਆਪਣੀ ਲੁੱਟ ਨੂੰ ਚਾਲੂ ਰੱਖਣ ਲਈ ਅਤੇ ਮਿਹਨਤਕਸ਼ ਜਮਾਤ ਦੇ ਵਿਰੋਧ ਨੂੰ ਦਬਾਈ ਰੱਖਣ ਲਈ ਇੱਕ ਮਸ਼ੀਨਰੀ ਬਣਾਉਣ ਦੀ ਲੋੜ ਖੜੀ ਹੋ ਗਈ। ਇਸੇ ਲੋੜ ਦੀ ਪੂਰਤੀ ਲਈ ਰਾਜ ਵਰਗੀ ਸੰਸਥਾ ਖੜ੍ਹੀ ਕੀਤੀ ਗਈ ਜਿਵੇਂ ਅੱਜ ਪਾਰਲੀਮੈਂਟ, ਕਾਨੂੰਨ, ਫੌਜਾਂ, ਪੁਲਿਸਾਂ, ਨਿਆਂਪਾਲਕਾ, ਕਾਰਜਪਾਲਿਕਾ, ਖੁਫੀਆ-ਤੰਤਰ ਅਤੇ ਅਫਸਰਸ਼ਾਹੀ ਵਗੈਰਾ ਵਗੈਰਾ ਹੈ।

ਸਾਰ-ਤੱਤ: ਰਾਜ (State) ਇੱਕ ਜਮਾਤ ਰਾਹੀਂ ਦੂਸਰੀ ਜਮਾਤ ਨੂੰ ਦਬਾਉਣ ਦੀ ਮਸ਼ੀਨ ਹੈ। ਇਹ ਮਿਹਨਤਕਸ਼ ਲੋਕਾਂ, ਜਿਹੜੇ ਵਸੋਂ ਦੀ ਵਿਸ਼ਾਲ ਬਹੁ-ਗਿਣਤੀ ਹੁੰਦੇ ਹਨ, ਨੂੰ ਦਬਾਉਣ ਦਾ ਇੱਕ ਸੰਦ ਹੈ। ਜੇਕਰ ਮਜ਼ਦੂਰਾਂ ਦਾ ਰਾਜ ਵੀ ਆ ਜਾਵੇ ਉਹ ਵੀ ਸਰਮਾਏਦਾਰੀ 'ਤੇ ਡਿਕਟੇਟਰਸ਼ਿੱਪ ਹੋਵੇਗੀ। ਸੋ ਜਦੋਂ ਤੱਕ ਰਾਜ ਦੀ ਲੋੜ ਅਤੇ ਹੋਂਦ ਰਹੇਗੀ ਉਨਾਂ ਚਿਰ ਇਹ ਕਿਸੇ ਨਾ ਕਿਸੇ ਜਮਾਤ ਦੇ ਹਿਤਾਂ ਦੀ ਹੀ ਪੂਰਤੀ ਕਰਦੀ ਰਹੇਗੀ। ਸੋ ਰਾਜ ਦਾ ਖਾਤਮਾ ਨਿੱਜੀ ਜਾਇਦਾਦ ਦੇ ਸਾਂਝੀਕਰਨ ਨਾਲ ਹੀ ਬੱਝਿਆ ਹੋਇਆ ਹੈ।

ਜਮਾਤ ਕੀ ਹੁੰਦੀ ਹੈ? ਵਸੋਂ ਦਾ ਉਹ ਸਮੂਹ ਜਿਸ ਦੇ ਹਿਤ ਸਾਂਝੇ ਹੋਣ, ਜਮਾਤ ਕਹਿਲਾਉਂਦੀ ਹੈ।

ਮੋ: 98769-53561

ਰਿਪੋਰਟ

ਛਿਮਾਹੀ ਇਕੱਤਰਤਾ

ਰਾਮ ਸਿੰਘ ਬੰਗ, ਸੂਬਾ ਮੁਖੀ (ਮੀਡੀਆ ਵਿਭਾਗ) ਤਰਕਸ਼ੀਲ ਸੁਸਾਇਟੀ ਪੰਜਾਬ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੀ ਛਿਮਾਹੀ ਇਕੱਤਰਤਾ 7-4-2012 ਨੂੰ ਤਰਕਸ਼ੀਲ ਹਾਲ, ਪਟਿਆਲਾ ਵਿਖੇ ਹੋਈ। ਜਿਸਦਾ ਉਦਘਾਟਨ ਬਲਵੰਤ ਸਿੰਘ ਸਿੱਧੂ, ਪ੍ਰੋਫੈਸਰ ਅਤੇ ਮੁਖੀ, ਮਨੋਰੋਗ ਵਿਭਾਗ, ਰਜਿੰਦਰਾ ਹਸਪਤਾਲ ਪਟਿਆਲਾ ਨੇ ਕੀਤਾ। ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਆਪਣੀਆਂ ਸਰਗਰਮੀਆਂ, ਪ੍ਰਕਾਸ਼ਨ ਰਾਹੀਂ ਸਮਾਜ ਦੇ ਇੱਕ ਵੱਡੇ ਹਿੱਸੇ ਵਿੱਚ ਵਿਗਿਆਨਕ ਚੇਤਨਾ ਦਾ ਆਗਾਜ਼ ਕੀਤਾ ਹੈ ਅਤੇ ਸਮਾਜਿਕ ਤੌਰ ਤੇ ਨਵੀਆਂ ਪਿਰਤਾਂ ਪਾਈਆਂ ਹਨ। ਮੈਂ, ਤਰਕਸ਼ੀਲ ਕਾਰਕੁੰਨਾਂ ਦੀ ਸਮਰਪਿਤ ਭਾਵਨਾ ਤੋਂ ਕਾਇਲ ਹਾਂ ਕਿ ਕਿਵੇਂ ਇਨ੍ਹਾਂ ਜਾਦੂ, ਜੋਤਿਸ਼ ਪਹਿਲਾਂ ਆਪ ਸਿੱਖ ਕੇ ਇਸਦਾ ਪਰਦਾਫਾਸ਼ ਕੀਤਾ ਹੈ। ਇਸ ਪਹਿਲੇ ਉਦਘਾਟਨੀ ਸੈਸ਼ਨ ਦੌਰਾਨ ਸੂਬਾ ਆਗੂ ਸੁਖਵੰਤ ਬਰਨਾਲਾ ਨੇ ਸਟੇਜ ਸੰਚਾਲਨ ਕੀਤਾ। ਜਥੇਬੰਦਕ ਵਿਭਾਗ ਦੇ ਸੂਬਾ ਮੁਖੀ ਬਲਵਿੰਦਰ ਬਰਨਾਲਾ ਨੇ ਮੁੱਖ ਮਹਿਮਾਨ ਸਮੇਤ ਹਾਜਰੀਨ ਨੂੰ 'ਜੀ ਆਇਆਂ ਨੂੰ' ਕਿਹਾ। ਸਮੁੱਚੀ ਸੂਬਾ ਅਗਜੈਕਟਿਵ ਨੇ ਇਸ ਸੈਸ਼ਨ ਦੀ ਪ੍ਰਧਾਨਗੀ ਕੀਤੀ। ਕਲਾਤਮਕ ਤੌਰ ਤੇ ਤਰਕਸ਼ੀਲ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਯੋਗਦਾਨ ਪਾਉਣ ਵਾਲੇ ਆਵਾਮ ਰੰਗਮੰਚ ਪਟਿਆਲਾ, ਮੇਹਰਬਾਨ ਸਿੰਘ ਅਤੇ ਸਾਥੀਆਂ ਦਾ ਸੂਬਾ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਇਕੱਤਰਤਾ ਦਾ ਦੂਸਰਾ ਸੈਸ਼ਨ ਬੌਧਿਕ ਸੈਸ਼ਨ ਸੀ ਜਿਸਦੀ ਪ੍ਰਧਾਨਗੀ ਸੂਬਾਈ ਆਗੂਆਂ ਜਸਵੰਤ ਜੀਰਖ, ਬਲਵੀਰ ਲੌਂਗੋਵਾਲ ਅਤੇ ਜ਼ੋਨ ਆਗੂ ਕੁਲਜੀਤ ਡੰਗਰਖੇੜਾ ਨੇ ਕੀਤੀ। ਸਟੇਜ ਸੰਚਾਲਨ ਸੂਬਾ ਕਮੇਟੀ ਮੈਂਬਰ ਹਰਿੰਦਰ ਲਾਲੀ ਨੇ ਕੀਤਾ। ਇਸ ਸੈਸ਼ਨ ਦੇ ਮੁੱਖ ਬੁਲਾਰੇ ਸੂਬਾ ਆਗੂ ਹੇਮ ਰਾਜ ਸਟੈਨੋ, ਸਨ। ਜਿਨ੍ਹਾਂ ਨੇ 'ਧਾਰਮਿਕ ਨਿਰਪੱਖਤਾ ਜਾਂ ਨਿਰਪੇਖਤਾ' ਵਿਸ਼ੇ ਤੇ ਪਰਚਾ ਪੜ੍ਹਿਆ। ਪਰਚੇ ਸਬੰਧੀ ਬਲਵਿੰਦਰ ਬਰਨਾਲਾ, ਹਰਿੰਦਰ ਲਾਲੀ, ਅਜੀਤ ਪ੍ਰਦੇਸੀ, ਭਰਪੂਰ ਸਿੰਘ ਦੁਗਾਲ, ਨਿਰਮਲ ਪਟਵਾਰੀ ਨੇ ਵਿਚਾਰ ਪ੍ਰਗਟਾਏ। ਸਮੁੱਚੇ ਹਾਊਸ ਨੇ ਪਰਚੇ ਦੀ ਪ੍ਰਸ਼ੰਸ਼ਾ ਕਰਦਿਆਂ ਇਸ ਨਾਲ ਸਹਿਮਤੀ ਪ੍ਰਗਟਾਈ। ਇਕੱਤਰਤਾ ਦਾ ਤੀਸਰਾ ਸੈਸ਼ਨ ਜ਼ੋਨ ਕਮੇਟੀਆਂ ਦੀ ਰਿਪੋਰਟਿੰਗ ਤੇ ਅਧਾਰਤ ਸੀ। ਜਿਸਦੀ ਪ੍ਰਧਾਨਗੀ ਸੂਬਾ ਆਗੂਆਂ ਸੁਖਵੰਤ ਬਰਨਾਲਾ, ਹਰਿੰਦਰ ਲਾਲੀ, ਰਾਮ ਸਿੰਘ ਬੰਗ ਨੇ ਕੀਤੀ ਅਤੇ ਸਟੇਜ ਸੰਚਾਲਨ ਜਸਵੰਤ ਜੀਰਖ ਨੇ ਕੀਤਾ। ਜੋਨ ਆਗੂਆਂ ਸੁਮੀਤ ਸਿੰਘ (ਅੰਮ੍ਰਿਤਸਰ), ਲਾਭ ਸਿੰਘ ਛਾਜਲਾ (ਬਰਨਾਲਾ-ਸੰਗਰੂਰ), ਰਣਜੀਤ ਸਿੰਘ (ਬਠਿੰਡਾ), ਅਮਰਦੀਪ (ਚੰਡੀਗੜ੍ਹ), ਕੁਲਜੀਤ ਡੰਗਰਖੇੜਾ (ਫਾਜ਼ਿਲਕਾ), ਰਾਮ ਕੁਮਾਰ (ਪਟਿਆਲਾ), ਦਲਵੀਰ ਕਟਾਣੀ (ਲੁਧਿਆਣਾ), ਸੁਖਵੀਰ ਜੋਗਾ (ਮਾਨਸਾ) ਆਦਿ ਨੇ ਆਪਣੇ ਅਧੀਨ ਇਕਾਈਆਂ ਅਤੇ ਜੋਨ ਦੀਆਂ ਸਰਗਰਮੀਆਂ ਅਤੇ ਕੰਮ ਕਰਨ ਵਿੱਚ ਆ ਰਹੀਆਂ ਦਿੱਕਤਾਂ, ਨਿਵੇਕਲੀਆਂ ਪ੍ਰਾਪਤੀਆਂ, ਮੈਗਜ਼ੀਨ-ਪੁਸਤਕਾਂ ਦੀ ਵਿਕਰੀ ਆਦਿ ਸਬੰਧੀ ਰਿਪੋਰਟਾਂ ਪੇਸ਼ ਕੀਤੀਆਂ ਅਤੇ ਨਾਲ ਹੀ ਕਾਰਗੁਜ਼ਾਰੀ ਨੂੰ ਹੋਰ ਕੁਸ਼ਲਤਾ ਪ੍ਰਦਾਨ ਕਰਨ ਲਈ ਸੁਝਾਅ ਵੀ ਪੇਸ਼ ਕੀਤੇ। ਇਕੱਤਰਤਾ ਦਾ ਚੌਥਾਂ ਅਤੇ ਆਖਰੀ ਸੈਸ਼ਨ ਸੂਬਾ ਆਗੂਆਂ ਵੱਲੋ ਆਪਣੇ ਵਿਭਾਗਾਂ ਵੱਲੋਂ ਕੀਤੇ ਕੰਮਾਂ ਅਤੇ ਫੁਟਕਲ ਏਜੰਡਿਆਂ ਤੇ ਅਧਾਰਤ ਸੀ। ਇਸ ਸੈਸ਼ਨ ਦੀ ਪ੍ਰਧਾਨਗੀ ਸੂਬਾਈ ਆਗੂਆਂ ਹੇਮ ਰਾਜ ਸਟੈਨੋ, ਸਰਬਜੀਤ ਉਖਲਾ ਅਤੇ ਜੋਨ ਆਗੂ ਦਲਵੀਰ ਕਟਾਨੀ ਨੇ ਕੀਤੀ। ਸਟੇਜ ਸੰਚਾਲਨ ਬਲਵਿੰਦਰ ਬਰਨਾਲਾ ਨੇ ਕੀਤਾ। ਪੇਸ਼ ਕੀਤੀਆਂ ਰਿਪੋਰਟਾਂ ਤੇ ਬਹਿਸ਼ ਵਿੱਚ ਰਾਮ ਸਵਰਨ ਲੱਖੇਵਾਲੀ, ਨਿਰਮਲ ਪਟਵਾਰੀ, ਰਜਿੰਦਰ ਭਦੌੜ, ਰਾਮ ਸਿੰਘ ਨਿਰਮਾਣ, ਰਣਜੀਤ ਬਠਿੰਡਾ, ਵੇਦ ਪ੍ਰਕਾਸ਼ ਜੀਰਾ, ਸੁਖਵਿੰਦਰ ਬਾਗਪੁਰ, ਸੁਮੀਤ ਸਿੰਘ, ਜਨਕ ਰਾਜ ਪਟਿਆਲਾ, ਡਾ. ਮਜੀਦ ਅਜ਼ਾਦ, ਅਜੀਤ ਪ੍ਰਦੇਸੀ, ਜਸਵੰਤ ਜਿਰਖ, ਮੋਹਨ ਸਿੰਘ ਬਡਲਾ, ਹਰਪ੍ਰੀਤ ਮੋਹਾਲੀ, ਬਲਰਾਜ ਮੌੜ, ਮੁਕੰਦ ਲਾਲ, ਰਾਜ ਕੁਮਾਰ, ਸਰਬਜੀਤ ਔਖਲਾ ਆਦਿ ਨੇ ਭਾਗ ਲਿਆ। ਸੁਮੀਤ ਸਿੰਘ ਨੇ ਕਿਹਾ ਕਿ ਇਕੱਤਰਤਾ ਸਮੇਂ ਹੋਰ ਰਾਜਾਂ ਤੋਂ ਵੀ ਤਰਕਸ਼ੀਲ ਆਗੂ ਸੱਦੇ ਜਾਣੇ ਚਾਹੀਦੇ ਹਨ। ਅਜੀਤ ਪ੍ਰਦੇਸੀ ਨੇ ਕਿਹਾ ਕਿ ਰੋਪੜ ਵਿਖੇ ਛਿਮਾਹੀ ਇਕੱਤਰਤਾ ਸਮੇਂ ਪਾਸ ਹੋਇਆ ਹੇਮ ਰਾਜ ਸਟੈਨੋ ਵੱਲੋਂ ਪੇਸ਼ ਕੀਤਾ ਦਸਤਾਵੇਜ ਸੂਬਾ ਕਮੇਟੀ ਵੱਲੋਂ ਅਮਲੀ ਤੌਰ ਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਨਿਰਮਲ ਪਟਵਾਰੀ ਨੇ ਕਿਹਾ ਕਿ ਛਿਮਾਹੀ ਇਕੱਤਰਤਾ ਦੇ ਏਜੰਡੇ ਇੱਕ ਹਫਤਾ ਪਹਿਲਾਂ ਪਹੁੰਚਣੇ ਚਾਹੀਦੇ ਹਨ। ਰਜਿੰਦਰ ਭਦੌੜ ਨੇ ਕਿਹਾ ਕਿ ਪੁਸਤਕਾਂ ਦੀ ਵਿਕਰੀ ਲਈ ਸਾਨੂੰ ਹੋਰ ਯਤਨ ਜੁਟਾਉਣੇ ਚਾਹੀਦੇ ਹਨ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਨੇ ਫੈਸਲਾ ਲਿਆ ਕਿ ਅਗਲੀ ਛਿਮਾਹੀ ਇਕੱਤਰਤਾ ਲਈ ਸੂਬਾ ਕਮੇਟੀ ਵੱਲੋਂ ਏਜੰਡੇ ਪਹਿਲਾਂ ਹੇਠਾ ਭੇਜੇ ਜਾਣਗੇ। ਜੋਨ ਇਹਨਾਂ ਤੇ ਵਿਚਾਰ ਵਟਾਂਦਰਾਂ ਕਰਕੇ ਆਉਣਗੇ। ਹਰ ਜੋਨ ਨਿਸ਼ਚਿਤ ਸਮੇਂ ਵਿੱਚ ਹੀ ਆਪਣੀ ਗੱਲ ਰੱਖੇਗਾ ਅਤੇ ਜੋਨ ਵੀ ਆਪਣੀ ਲਿਖਤੀ ਰਿਪੋਰਟ ਸੂਬਾ ਕਮੇਟੀ ਨੂੰ ਪਹਿਲਾਂ ਭੇਜਣਗੇ। ਇਕੱਤਰਤਾ ਦੌਰਾਨ ਵਧੀਆ ਕਾਰਗੁਜ਼ਾਰੀ ਵਾਲੀਆਂ ਇਕਾਈਆਂ-ਸੁਨਾਮ, ਫਰੀਦਕੋਟ, ਮੁਹਾਲੀ, ਜੋਨ ਨਵਾਂ ਸ਼ਹਿਰ, ਕੁਲਵੰਤ ਕੌਰ ਜਥੇਬੰਦਕ ਮੁਖੀ ਪਟਿਆਲਾ ਇਕਾਈ ਅਤੇ ਪ੍ਰਿੰਸ (ਵੈੱਬਸਾਈਟ ਤਿਆਰ ਕਰਨ ਲਈ) ਦਾ ਸੂਬਾ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ।

ਸਰਬ ਸੰਮਤੀ ਨਾਲ ਪਾਸ ਕੀਤਾ ਮਤਾ : ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਛਿਮਾਹੀ ਇਕੱਤਰਤਾ ਪੱਛਮੀ ਬੰਗਾਲ ਸਰਕਾਰ ਵੱਲੋਂ ਸਕੂਲ ਸਿਲੇਬਸ ਵਿੱਚੋਂ ਵਿਗਿਆਨਕ ਸਮਝ ਕੱਢਣ ਦਾ ਵਿਰੋਧ ਕਰਦੀ ਹੈ।

ਰਾਮ ਸਿੰਘ ਬੰਗ (ਸੂਬਾ ਮੁਖੀ, ਮੀਡੀਆ ਵਿਭਾਗ)


ਖਗੋਲ ਵਿਗਿਆਨ

ਕਿੰਨੇ ਕੁ ਖਤਰਨਾਕ ਨੇ ਬੋਦੀ ਵਾਲੇ ਤਾਰੇ?

ਡਾ.ਅਵਤਾਰ ਸਿੰਘ ਢੀਂਡਸਾ
94634-89789



ਮੁੱਢ ਕਦੀਮ ਤੋਂ ਮਨੁੱਖ ਤਾਰਿਆਂ ਨਾਲ ਭਰੀਆਂ ਰਾਤਾਂ ਨੂੰ ਨਿਹਾਰਦਾ ਆਇਆ ਹੈ। ਜ਼ਿੰਦਗੀ ਦੀਆਂ ਲੋੜਾਂ, ਤਲਖ ਤਜ਼ਰਬਿਆਂ ਅਤੇ ਰਾਤ ਦੇ ਡਰ ਨੇ ਉਸਦੀਆਂ ਚਿੰਤਾਵਾਂ ਵਿੱਚ ਜ਼ਰੂਰ ਵਾਧਾ ਕੀਤਾ ਹੋਣਾ ਹੈ। ਸੋ ਉਸ ਲਈ ਆਪਣੇ ਦੁੱਖਾਂ ਦਾ ਕਾਰਨ ਆਕਾਸ਼ੀ ਵਰਤਾਰਿਆਂ ਨੂੰ ਮੰਨਣਾ ਸੁਭਾਵਿਕ ਹੀ ਸੀ। ਸੁਭਾਵਿਕ ਇਸ ਲਈ ਕਿ ਵਿਗਿਆਨ ਅਤੇ ਕੰਪਿਊਟਰ ਦੇ ਯੁੱਗ ਵਿੱਚੋਂ ਗੁਜ਼ਰ ਰਿਹਾ ਆਧੁਨਿਕ ਮਨੁੱਖ ਅੱਜ ਵੀ ਆਪਣੇ ਦੁੱਖਾਂ ਦਾ ਕਾਰਨ ਆਕਾਸ਼ੀ ਵਰਤਾਰਿਆਂ ਨੂੰ ਹੀ ਮੰਨਦਾ ਆ ਰਿਹਾ ਹੈ। ਵਿਗਿਆਨਕ ਵਿਚਾਰਧਾਰਾ ਅੱਜ ਵੀ ਉਹ ਮੁਕਾਮ ਹਾਸਲ ਨਹੀਂ ਕਰ ਸਕੀ ਜੋ ਇਸਦਾ ਹੋਣਾ ਚਾਹੀਦਾ ਸੀ। ਇਸ ਡਰ ਵਿੱਚੋਂ ਹੀ ਕੁਦਰਤ ਨੂੰ ਮਨਾਉਣ ਹਿਤ ਮਨੁੱਖ ਨੇ ਇਹਨਾਂ ਆਕਾਸ਼ੀ ਵਰਤਾਰਿਆਂ ਦੀ ਪੂਜਾ ਦਾ ਸੰਕਲਪ ਚਿਤਰਿਆ ਹੋਣਾ ਹੈ। ਜੋ ਅੱਜ ਵੀ ਜਾਰੀ ਹੈ। ਇੰਝ ਲਗਦਾ ਹੈ ਕਿ ਮਨੁੱਖ ਨੇ ਹੋਰ ਸਾਰੇ ਪਾਸੇ ਤਾਂ ਤਰੱਕੀ ਦੀਆਂ ਚੀਜਾਂ ਨੂੰ ਅਪਣਾ ਲਿਆ ਹੈ ਪਰ ਆਧੁਨਿਕ ਮਨੁੱਖ ਦਾ ਕੁਦਰਤ ਨੂੰ ਮਨਾਉਣ ਲਈ ਪੂਜਾ ਦਾ ਸੰਕਲਪ ਅਜੇ ਵੀ ਜਾਰੀ ਹੈ। ਅਕਾਸ਼ ਵਿੱਚ ਬੋਦੀ ਵਾਲੇ ਤਾਰਿਆਂ ਤੋਂ ਮਨੁੱਖ ਅੱਜ ਵੀ ਉਸੇ ਤਰ੍ਹਾਂ ਡਰਦਾ ਹੈ। ਕੀ ਹੁੰਦੇ ਨੇ ਇਹ ਬੋਦੀ ਵਾਲੇ ਤਾਰੇ, ਚਲੋ ਆਓ ਜਰਾ ਕੁ ਸੋਚ ਵਿਚਾਰ ਕਰੀਏ।



ਬੋਦੀ ਵਾਲੇ ਤਾਰੇ... ਹਿੰਦੀ ਵਿਚ ਧੂਮਕੇਤੂ ਅਤੇ ਅੰਗਰੇਜੀ ਭਾਸ਼ਾ 'ਚ ਇਹਨਾਂ ਨੂੰ Comet ਕਿਹਾ ਜਾਂਦਾ ਹੈ। ਇਹ ਸ਼ਬਦ ਅੱਗੋਂ ਯੂਨਾਨੀ ਭਾਸ਼ਾ 'ਚੋਂ ਲਿਆ ਗਿਆ ਹੈ, ਜਿਸ ਦਾ ਅਰਥ 'ਕੇਸਾਂ ਵਾਲਾ'। 1000 ਸਦੀ ਈਸਾ ਪੂਰਵ ਪਹਿਲਾਂ ਚੀਨ ਅਤੇ ਕੈਲਡੀਆ... ਜਿਸਨੂੰ ਅੱਜ ਇਰਾਕ ਕਿਹਾ ਜਾਂਦਾ ਹੈ - ਵਿੱਚ ਇਹਨਾਂ ਬੋਦੀ ਵਾਲੇ ਤਾਰਿਆਂ ਦਾ ਵਰਨਣ ਮਿਲਦਾ ਹੈ।

ਅਥਰਵਵੇਦ ਵਿੱਚ 'ਖਤਰਨਾਕ ਧੂਮਕੇਤੂਆਂ' ਭਾਵ ਬੋਦੀ-ਤਾਰਿਆਂ ਬਾਰੇ ਪੂਰੀ ਜਾਣਕਾਰੀ ਦਿੱਤੀ ਹੋਈ ਹੈ। ਇਹਨਾਂ ਦੀ ਸ਼੍ਰੇਣੀ ਵੰਡ ਵੀ ਕੀਤੀ ਹੋਈ ਹੈ। ਬੋਦੀ ਵਾਲੇ ਤਾਰੇ ਵੇਖਣ ਨੂੰ ਬਹੁਤ ਸੁੰਦਰ ਅਤੇ ਆਕਰਸ਼ਕ ਹੁੰਦੇ ਹਨ ਪਰ ਮਨੁੱਖ ਨੇ ਇਹਨਾਂ ਨਾਲ ਕੁਝ ਡਰ ਵੀ ਜੋੜ ਰੱਖੇ ਹਨ ਜੋ ਤਰਕਹੀਣ ਹਨ। ਕਿਹਾ ਜਾਂਦਾ ਹੈ, ਕਿ ਬੋਦੀ ਵਾਲਾ ਤਾਰਾ ਚੜ੍ਹਨ ਕਾਰਨ ਧਰਤੀ ਉੱਪਰ ਅਕਾਲ ਪਵੇਗਾ, ਹੜ੍ਹ ਆਉਣਗੇ, ਤਬਾਹੀ ਹੋਵੇਗੀ ਅਤੇ ਰਾਜਿਆਂ ਦੀ ਮੌਤ ਹੋਏਗੀ। ਵਾਰਾਮਿਹੀਰਾ ਦੁਆਰਾ ਲਿਖੀ ਹੋਈ 'ਬ੍ਰਹਿਤ ਸੰਹਿਤਾ' ਵਿੱਚ 11ਵਾਂ ਅਧਿਆਏ 'ਮਾਰੂ ਧੂਮਕੇਤੂਆਂ' ਦੀ ਗਿਣਤੀ ਨਾਲ ਭਰਿਆ ਹੋਇਆ ਹੈ। ਇਸ ਵਿੱਚ ਧੂਮਕੇਤੂਆਂ ਦੇ ਜੋਤਸ਼ੀ ਪ੍ਰਭਾਵਾਂ ਬਾਰੇ ਖੂਬ ਜਾਣਕਾਰੀ ਲਿਖੀ ਹੋਈ ਹੈ।

'ਬ੍ਰਹਿਤ ਸੰਹਿਤਾ' ਵਿੱਚ ਦਰਜ ਹੈ ਕਿ ਭਿੰਨ ਭਿੰਨ ਬੋਦੀ ਤਾਰਿਆਂ ਦਾ ਪ੍ਰਭਾਵ ਵੀ ਅਲੱਗ ਅਲੱਗ ਹੁੰਦਾ ਹੈ। ਕਈ ਧੂਮਕੇਤੂ ਅੱਗ ਤੋਂ ਖਤਰੇ ਦੀ ਅਗਾਊਂ ਜਾਣਕਾਰੀ ਦਿੰਦੇ ਹਨ। ਕਈ ਧੂਮਕੇਤੂ ਜਿਹਨਾਂ ਦੀ ਪੂਛ ਵਿੰਗੀ ਟੇਢੀ ਹੁੰਦੀ ਹੈ, ਉਹ ਮਨੁੱਖੀ ਆਬਾਦੀ ਲਈ ਵਿਨਾਸ਼ਕਾਰੀ ਬਿਮਾਰੀਆਂ ਲਿਆਉਂਦੇ ਹਨ। ਇੱਕ ਸੋਚ ਇਹ ਵੀ ਸੀ ਕਿ ਧੂਮਕੇਤੂ ਦੇ ਆਉਣ ਨਾਲ ਧਰਤੀ ਉੱਪਰ ਭੂਚਾਲ ਆਉਂਦੇ ਹਨ।

'ਪਰਾਸ਼ਰ' ਨਾਂ ਦੇ ਤਾਰਾ ਵਿਗਿਆਨੀ ਨੇ 5000 ਸਾਲ ਪਹਿਲਾਂ ਲਿਖਿਆ ਹੈ ਕਿ 'ਛੱਲਾ ਕੇਤੂ' ਨੇ ਸਾਰੀ ਧਰਤੀ ਨੂੰ ਇਸ ਤਰ੍ਹਾਂ ਹਿਲਾ ਦਿੱਤਾ ਕਿ ਮੱਧ ਦੇਸ਼ ਪੂਰੇ ਦਾ ਪੂਰਾ ਹੀ ਤਬਾਹ ਹੋ ਗਿਆ। ਉਸ ਨੇ 'ਧਰੁਵ ਕੇਤੂ' ਬਾਰੇ ਲਿਖਿਆ ਹੈ ਕਿ ਇਸ ਕਾਰਣ ਵੀ ਭੂਚਾਲ ਆਉਂਦੇ ਹਨ। 1000 ਸਦੀ ਈਸਾ ਪੂਰਵ ਤੋਂ ਬਾਅਦ 530 ਸਦੀ ਈਸਾ ਪੂਰਵ 'ਕੁਦਰਤੀ ਫਿਲਾਸਫੀ' ਦੇ ਦੌਰ ਸਮੇਂ ਯੁਨਾਨ ਵਿੱਚ 'ਪਾਈਥਾਗੋਰਸੀ' ਵਿਚਾਰਧਾਰਾ ਦੇ ਸ਼ਾਗਿਰਦਾਂ ਨੇ ਬੋਦੀ ਤਾਰਿਆਂ ਨੂੰ ਸਵੇਰ ਜਾਂ ਸ਼ਾਮ ਦੇ ਆਕਾਸ਼ ਵਿੱਚ ਘੁੰਮਣ ਵਾਲੇ ਗ੍ਰਹਿਆਂ ਦੀ ਹੀ ਇੱਕ ਕਿਸਮ ਵਜੋਂ ਮੰਨਿਆ।

ਅਸਲ ਵਿੱਚ ਬੋਦੀ ਤਾਰੇ ਵੀ ਸੂਰਜ ਦੁਆਲੇ ਘੁੰਮਦੇ ਪੁਲਾੜੀ ਪਿੰਡ ਹੀ ਹਨ। ਇਸ ਕਰਕੇ ਇਹ ਗ੍ਰਹਿਆਂ ਵਰਗੇ ਹੀ ਹਨ। ਪ੍ਰੰਤੂ 330 ਸਦੀ ਈਸਾ ਪੂਰਵ ਵਿੱਚ ਯੂਨਾਨੀ ਫਿਲਾਸਫਰ ਅਰਸਤੂ ਨੇ ਆਪਣੀ ਕਿਤਾਬ 'ਮੀਟੀਓਰੌਲੋਜੀ' ਵਿੱਚ ਲਿਖਿਆ ਕਿ ਬੋਦੀ ਤਾਰੇ 'ਸੂਰਜ ਤੋਂ ਥੱਲੇ ਵਾਲੇ' ਮੰਡਲ ਵਿੱਚ ਸੂਰਜ ਵਾਂਗ ਹੀ

ਧਰਤੀ ਦੁਆਲੇ ਘੁੰਮਦੇ ਹਨ। ਉਸਨੇ ਕਿਹਾ ਕਿ ਧਰਤੀ ਦੇ ਵਾਯੂਮੰਡਲ ਵਿੱਚ ਸਥਿਤ ਉਚਾਈ ਉੱਪਰ ਇਹ 'ਖੁਸ਼ਕ ਅਤੇ ਗਰਮ ਮੰਡਲ' ਵਿੱਚ ਚੱਕਰ ਕੱਢ ਰਹੇ ਹਨ।

ਅਰਸਤੂ ਦਾ ਵਿਚਾਰ ਸੀ ਕਿ ਇਹ ਧਰਤੀ ਵਿੱਚੋਂ ਨਿਕਲ ਕੇ ਸੂਰਜ ਨਜ਼ਦੀਕ ਪਹੁੰਚ ਜਾਂਦੇ ਨੇ। ਉਸਦੀ ਸੋਚ ਸੀ ਕਿ ਬਾਕੀ ਬ੍ਰਹਿਮੰਡ ਤਾਂ 'ਪੂਰਨ ਰੂਪ ਵਿੱਚ ਸਥਿਰ' ਹੈ, ਇਸ ਲਈ ਬੋਦੀ ਤਾਰੇ ਬ੍ਰਹਿਮੰਡ ਵਿੱਚ ਤਬਦੀਲੀ ਕਾਰਨ ਨਹੀਂ, ਸਗੋਂ ਧਰਤੀ ਦੇ ਮੌਸਮ ਵਿੱਚ ਤਬਦੀਲੀ ਹੋਣ ਕਾਰਣ ਪੈਦਾ ਹੁੰਦੇ ਹਨ। 'ਮੌਸਮੀ' ਹੋਣ ਕਾਰਣ ਇਹ ਕਦੇ ਕਦੇ ਵਿਖਾਈ ਦਿੰਦੇ ਹਨ। ਟੌਲਮੀ ਨੇ ਅਤੇ ਬਾਕੀ ਸਾਰੇ ਸੰਸਾਰ ਨੇ ਵੀ ਹਜ਼ਾਰ ਸਾਲ ਤੱਕ ਅਰਸਤੂ ਨੂੰ ਠੀਕ ਮੰਨਿਆ।

ਸੰਨ 1267 ਈ: 'ਚ 'ਥੋਮਸ ਐਕੁਇਨਜ' ਨੇ ਅਤੇ 'ਰੋਗਰ ਬੈਕਨ' ਨੇ ਆਪਣੀ ਕਿਤਾਬ 'ਔਪਸ ਟਰਸੀਅਮ' ਵਿੱਚ ਕੁਝ ਸ਼ੰਕੇ ਉਠਾਏ ਪਰ ਬੋਦੀ ਤਾਰਿਆਂ ਦੇ ਮਾੜੇ ਪ੍ਰਭਾਵਾਂ ਨੂੰ ਉਹ ਵੀ ਮੰਨਦੇ ਸਨ ਅਤੇ 1600 ਈ: ਤੱਕ ਇਹਨਾਂ ਨੂੰ ਬਦਸ਼ਗਨੀ ਦੇ ਸੂਚਕ ਹੀ ਮੰਨਿਆ ਜਾਂਦਾ ਰਿਹਾ। ਸੰਨ 1577 ਈ: ਵਿੱਚ ਡੈਨਮਾਰਕ ਦੇ ਤਾਰਾ ਵਿਗਿਆਨੀ 'ਟਾਈਕੋ ਬਰਾਹੇ' ਨੇ ਸਵੇਰ, ਸ਼ਾਮ ਇਹਨਾਂ ਤਾਰਿਆਂ ਦੀਆਂ ਸਥਿਤੀਆਂ ਅਤੇ ਗਤੀਆਂ ਨੋਟ ਕਰਕੇ ਇਹ ਦਰਸਾਇਆ ਕਿ ਬੋਦੀ ਤਾਰਿਆਂ ਦਾ ਧਰਤੀ ਦੇ ਮੌਸਮ ਨਾਲ ਕੋਈ ਸਬੰਧ ਨਹੀਂ। ਸਗੋਂ ਇਹ ਤਾਂ 'ਬ੍ਰਹਿਮੰਡੀ ਪਿੰਡ' ਹਨ। 'ਵਿਸਥਾਪਨ-ਆਭਾਸ' (Parallax) ਇੱਕ ਅਜਿਹੀ ਵਿਧੀ ਹੈ, ਜਿਸ ਰਾਹੀਂ ਧਰਤੀ ਤੋਂ ਬੈਠਿਆਂ ਹੀ ਬ੍ਰਹਿਮੰਡੀ ਵਸਤਾਂ ਦੀ ਸਥਿਤੀ ਦਾ ਪਤਾ ਲਗਾਇਆ ਜਾ ਸਕਦਾ ਹੈ। ਮਤਲਬ ਇਹ ਹੈ ਕਿ ਨੇੜੇ ਦੀ ਵਸਤੂ ਦੂਰ ਦੀ ਵਸਤੂ ਦੇ ਮੁਕਾਬਲੇ ਆਪਣੀ ਸਥਿਤੀ ਜਲਦੀ ਬਦਲਦੀ ਹੈ। 'ਟਾਇਕੋ ਬਰਾਹੇ' ਨੇ ਵੇਖਿਆ ਕਿ ਚੰਦ ਬੋਦੀ ਵਾਲੇ ਤਾਰੇ ਦੇ ਮੁਕਾਬਲੇ ਜਲਦੀ ਸਥਿਤੀ ਬਦਲਦਾ ਹੈ, ਭਾਵ ਇਸਦਾ ਵਿਸਥਾਪਨ ਬੋਦੀ-ਤਾਰੇ ਨਾਲੋਂ ਵੱਧ ਹੈ, ਇਸ ਲਈ ਬੋਦੀ-ਤਾਰੇ... ਚੰਦ ਤੋਂ ਵੀ ਉੱਚੇ ਹਨ, ਉਸ ਦਾ ਅੰਦਾਜ਼ਾ ਸੀ ਇਹ ਚੰਦ ਤੋਂ 6 ਗੁਣਾ ਦੂਰ ਹਨ। ਨੇੜੇ ਦੀ ਵਸਤੂ ਦੂਰ ਦੀ ਵਸਤੂ ਦੇ ਮੁਕਾਬਲੇ ਅੱਖਾਂ ਦੇ ਨਜ਼ਦੀਕ ਹੁੰਦੀ ਹੈ ਅਤੇ ਆਪਣੀ ਸਥਿਤੀ ਜਲਦੀ ਬਦਲਦੀ ਹੈ।



ਸਾਲ 1680 ਵਿੱਚ ਲਗਭਗ 100 ਸਾਲ ਬਾਅਦ ਇੱਕ ਬੋਦੀ-ਤਾਰਾ ਨਜ਼ਰ ਆਇਆ ਸੀ। ਭੌਤਿਕ ਵਿਗਿਆਨੀ ਆਈਜਕ ਨਿਊਟਨ ਨੇ ਆਪਣੀ 'ਗਣਿਤ ਕੈਲਕੁਲਸ' ਖੋਜ ਵਿਧੀ ਨਾਲ ਉਸ ਬੋਦੀ ਤਾਰੇ ਦੇ ਪਥ ਦੀ ਗਣਨਾ ਕਰਕੇ ਦੱਸਿਆ ਕਿ ਇਹ ਪਥ 'ਪੈਰਾਬੌਲਿਕ' ਹੈ, ਭਾਵ ਬਹੁਤ ਜ਼ਿਆਦਾ ਅੰਡਾਕਾਰ। ਨਿਊਟਨ ਦੇ ਦੋਸਤ 'ਹੈਲੇ' ਨੇ ਕਿਹਾ ਕਿ ਇਹ ਬੋਦੀ ਤਾਰਾ ਹੁਣ 1758-59 ਵਿੱਚ ਨਜ਼ਰ ਆਵੇਗਾ। 1758-59 ਤੱਕ ਹੈਲੇ ਤਾਂ ਜਿਉਂਦਾ ਨਹੀਂ ਰਿਹਾ। ਪਰ ਜਦੋਂ ਇਹ ਬੋਦੀ ਤਾਰਾ ਉਸਦੇ ਅੰਦਾਜ਼ੇ ਅਨੁਸਾਰ ਨਜ਼ਰੀਂ ਪਿਆ ਤਾਂ ਇਸ ਦਾ ਨਾਮ 'ਹੈਲੇ ਦਾ ਬੋਦੀ ਵਾਲਾ ਤਾਰਾ' ਹੀ ਮਸ਼ਹੂਰ ਹੋ ਗਿਆ।

ਸਾਰੀ ਦੁਨੀਆਂ ਨੇ 'ਹੈਲੇ' ਨੂੰ ਸਤਿਕਾਰ ਦਿੱਤਾ ਅਤੇ ਉਹ ਅਮਰ ਹੋ ਗਿਆ। ਇਹ ਬੋਦੀ ਤਾਰਾ 1986 ਵਿੱਚ ਨਜ਼ਰ ਆਇਆ ਸੀ ਅਤੇ ਹੁਣ ਲੱਗਭੱਗ 2061-62 ਵਿੱਚ ਇਹ ਫਿਰ ਨਜ਼ਰ ਆਵੇਗਾ।

ਪ੍ਰਸ਼ਨ ਉੱਠਦਾ ਹੈ ਕਿ ਇਹ ਆਕਾਸ਼ੀ ਪਿੰਡ (ਬੋਦੀ-ਤਾਰੇ) ਕਿੰਨੇ ਕੁ ਸਾਲਾਂ ਬਾਅਦ ਚੱਕਰ ਲਗਾਉਣ ਆਉਂਦੇ ਨੇ? ਇਹ ਨਿਰਭਰ ਕਰਦਾ ਹੈ-ਬੋਦੀ-ਤਾਰੇ ਅਤੇ ਸੂਰਜ ਵਿਚਕਾਰ ਦੀ ਦੂਰੀ ਉਪਰ। ਕੁੱਝ ਬੋਦੀ ਤਾਰੇ 3 ਸਾਲਾਂ ਤੋਂ ਲੈ 200 ਸਾਲ ਤੱਕ ਦੇ ਸਮੇਂ 'ਚ ਆਪਣਾ ਚੱਕਰ ਪੂਰਾ ਕਰ ਲੈਂਦੇ ਹਨ। ਇਹਨਾਂ ਨੂੰ 'ਲਘੂ ਸਮਾਂ' ਬੋਦੀ ਤਾਰੇ ਕਿਹਾ ਜਾਂਦਾ ਹੈ। ਬਹੁਤ ਜ਼ਿਆਦਾ ਦੂਰੀ ਵਾਲੇ ਬੋਦੀ ਤਾਰੇ ਹਜ਼ਾਰਾਂ ਸਾਲਾਂ ਦੇ ਸਮੇਂ ਬਾਅਦ ਹੀ ਚੱਕਰ ਕੱਢਣ ਮੁੜਦੇ ਹਨ।

ਹੈਲੇ ਦੇ ਬੋਦੀ ਤਾਰੇ ਤੋਂ ਬਾਅਦ ਤਾਂ ਵਿਗਿਆਨੀਆਂ ਦੀ ਦਿਲਚਸਪੀ ਹੋਰ ਵੀ ਵਧ ਗਈ। ਪਰ ਖੋਜ ਸਿਰਫ਼ ਬੋਦੀ-ਤਾਰਿਆਂ ਦੀ ਸਥਿਤੀ, ਗਤੀ, ਸੂਰਜ ਦੁਆਲੇ ਪਥ ਆਦਿ ਤੱਕ ਹੀ ਸੀਮਤ ਰਹੀ। ਪਰ ਜਦੋਂ ਹੈਲੇ ਦਾ ਬੋਦੀ ਤਾਰਾ 19ਵੀਂ ਸਦੀ 1835 ਵਿੱਚ ਧਰਤੀ ਤੋਂ ਨਜ਼ਰੀਂ ਪਿਆ, ਉਸ ਤੋਂ ਬਾਅਦ ਤਾਂ ਬੋਦੀ ਤਾਰਿਆਂ ਬਾਰੇ ਭੌਤਿਕ ਵਿਗਿਆਨ ਦੀ ਬਕਾਇਦਾ ਸ਼ੁਰੂਆਤ ਹੋ ਗਈ। ਫੇਰ ਤਾਰਾ ਵਿਗਿਆਨੀਆਂ ਨੇ ਬੋਦੀ ਤਾਰਿਆਂ ਦੀ ਰਚਨਾ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਕਿ ਇਹ ਕਿਸ ਪਦਾਰਥ ਦੇ ਬਣੇ ਹੋਏ ਹਨ। ਕਦੇ ਬੋਦੀ ਤਾਰਿਆਂ ਦੀ ਬੋਦੀ ਜਾਂ ਪੂਛ... ਧਰਤੀ ਦੇ ਰਸਤੇ ਨੂੰ ਕੱਟਦੀ ਹੋਈ ਦੂਰ ਤੱਕ ਹੁੰਦੀ ਹੈ। ਬੋਦੀ ਤਾਰਾ ਤਾਂ ਸੂਰਜ ਦਾ ਚੱਕਰ ਕੱਢਕੇ ਵਾਪਸ ਚਲਾ ਜਾਂਦਾ ਹੈ, ਪਰ ਉਸ ਦੀ ਬੋਦੀ ਦੇ ਕਣ ਪੁਲਾੜ ਵਿੱਚ ਹੀ ਘੁੰਮਦੇ ਰਹਿੰਦੇ ਹਨ।

ਜਦੋਂ ਧਰਤੀ ਘੁੰਮਦੀ ਹੋਈ ਉਸ ਸਥਾਨ ਤੇ ਪਹੁੰਚਦੀ ਹੈ ਤਾਂ ਬੋਦੀ ਤਾਰੇ ਦੇ ਇਹ ਕਣ ਗੁਰਤਾ ਆਕਰਸ਼ਣ ਕਾਰਣ ਧਰਤੀ ਵੱਲ ਖਿੱਚੇ ਜਾਂਦੇ ਹਨ ਅਤੇ ਇਹ ਰੌਸ਼ਨੀ ਦੀ ਲੰਮੀ ਲਕੀਰ ਛੱਡਦੇ ਹੋਏ ਉਪਰ ਹੀ ਸੁਆਹ ਵਿੱਚ ਬਦਲ ਜਾਂਦੇ ਹਨ। ਇਹਨਾਂ ਨੂੰ 'ਉਲਕਾ' ਕਿਹਾ ਜਾਂਦਾ ਹੈ।

ਜਦੋਂ ਕੋਈ ਉਲਕਾ ਧਰਤੀ ਉੱਪਰ ਡਿਗਦੀ ਹੈ ਤਾਂ ਸਮਝੋ ਪਹੁੰਚ ਗਿਆ... ਬੋਦੀ ਤਾਰਾ ਆਪਣੇ ਆਪ ਹੀ ਸਾਡੇ ਕੋਲ। ਇਹਨਾਂ ਉਲਕਾਵਾਂ ਦੀ ਰਚਨਾ/ਬਣਤਰ ਦੇ ਅਧਿਐਨ ਤੋਂ ਬੋਦੀ-ਤਾਰਿਆਂ ਦੀ ਰਚਨਾ ਦਾ ਪਤਾ ਲਗਾਇਆ ਜਾਂਦਾ ਹੈ। ਦੂਜਾ ਤਰੀਕਾ ਹੈ, 'ਸਪੈਕਟਰੋਸਕੋਪੀ' ਤਕਨੀਕ। ਅੱਖਾਂ ਵੀ ਇੱਕ 'ਸਪੈਕਟਰੋਸਕੋਪ' ਹੀ ਹਨ। ਇਹ ਰੌਸ਼ਨੀ ਦੇ ਰੰਗ ਤਾਂ ਪਹਿਚਾਣ ਦੀਆਂ ਹਨ, ਪਰ ਸਾਨੂੰ ਪਤਾ ਨਹੀਂ ਹੁੰਦਾ ਕਿ ਹਰੀ ਰੌਸ਼ਨੀ ਲਈ ਫੁਲਝੜੀ ਵਿੱਚ ਕਿਹੜਾ ਰਸਾਇਣਕ ਨਮਕ ਪਾਇਆ ਹੋਇਆ ਹੈ। 'ਸਪੈਕਟਰੋਸਕੋਪੀ' ਰਾਹੀਂ ਧਰਤੀ ਉਪਰ ਮਿਲਦੇ ਸਾਰੇ ਰਸਾਇਣਾਂ ਦੇ ਵਰਣਪਟ ਤਿਆਰ ਕੀਤੇ ਹੋਏ ਨੇ। ਬੱਸ ਹੁਣ ਕੰਮ ਸੌਖਾ। ਬੋਦੀ ਤਾਰੇ ਤੋਂ ਆਉਂਦੀ ਰੌਸ਼ਨੀ ਦਾ ਵਰਣ ਪਟ ਤਿਆਰ ਕਰ ਲਿਆ ਜਾਂਦਾ ਹੈ ਅਤੇ ਫਿਰ ਬੋਦੀ ਤਾਰੇ ਵਿੱਚ ਸਥਿਤ ਕਣਾਂ ਦਾ ਪਤਾ ਲਗਾਇਆ ਜਾਂਦਾ ਹੈ। ਇਹਨਾਂ ਵਿੱਚੋਂ ਗੈਸਾਂ ਅਤੇ ਅਣੂਵੀਂ ਆਇਨ ਨਿਕਲਦੇ ਹਨ। ਪਰ 1950 ਵਿੱਚ ਅਮਰੀਕਨ ਤਾਰਾ ਵਿਗਿਆਨੀ 'ਫਰੈਡ ਵਿਪਲ' ਨੇ ਇਹਨਾਂ ਨੂੰ 'ਭੱਦੀਆਂ ਬਰਫ ਗੇਂਦਾਂ' ਕਿਹਾ ਸੀ। ਇਹਨਾ ਦਾ ਵਿਆਸ 1 ਕਿਲੋਮੀਟਰ ਤੋਂ ਲੈ ਕੇ 10 ਕਿਲੋਮੀਟਰ ਤੱਕ ਹੁੰਦਾ ਹੈ। ਮਤਲਬ ਦਿੱਲੀ ਦੇ ਆਕਾਰ ਤੋਂ ਵੀ ਛੋਟਾ। ਫੇਰ ਇਹ ਇੰਨ੍ਹੀ ਵੱਡੀ ਧਰਤੀ ਉੱਪਰ ਭੂਚਾਲ ਕਿਵੇਂ ਲਿਆ ਸਕਦੇ ਨੇ?

ਬੋਦੀ ਤਾਰੇ ਦੀ ਇੱਕ ਤਾਂ ਲੰਮੀ ਬੋਦੀ ਭਾਵ ਪੂੰਛ ਹੋ ਗਈ। ਬਾਕੀ ਹਿੱਸੇ ਨੂੰ ਤਾਰੇ ਦਾ 'ਸਿਰ' ਜਾਂ ਕੇਂਦਰਕ ਕਿਹਾ ਜਾਂਦਾ ਹੈ। ਇਹ ਕਾਰਬਨ ਦੇ ਯੋਗਿਕ, ਚੱਟਾਨ ਅਤੇ ਪਾਣੀ ਦੀ ਬਰਫ ਤੋਂ ਬਣਿਆ ਹੁੰਦਾ ਹੈ। ਪਾਣੀ ਤੋਂ ਬਣੀ ਬਰਫ਼ ਤੋਂ ਹੀ ਅੰਦਾਜ਼ਾ ਲਗਦਾ ਹੈ ਕਿ ਇਹ ਸੂਰਜ ਤੋਂ ਇੰਨ੍ਹੇ ਦੂਰ ਚਲੇ ਜਾਂਦੇ ਹਨ, ਜਿੱਥੇ ਬਰਫ ਜਮਾਉਣ ਦੇ ਦਰਜੇ ਤੋਂ ਵੀ ਵੱਧ ਠੰਢ ਹੈ। ਜੇਕਰ ਦੂਰੀ ਦਾ ਹਿਸਾਬ ਲਗਾਈਏ ਤਾਂ ਬੋਦੀ ਤਾਰੇ, ਸੂਰਜ ਅਤੇ ਧਰਤੀ ਵਿਚਲੀ ਦੂਰੀ (ਖਗੋਲੀ ਇਕਾਈ) ਤੋਂ 50000 ਗੁਣਾ ਜ਼ਿਆਦਾ ਦੂਰ ਸਥਿਤ 'ਬੋਦੀ-ਤਾਰਿਆਂ ਦੇ ਬੱਦਲ' ਵਿੱਚੋਂ ਆਉਂਦੇ ਹਨ। ਮਤਲਬ ਇਹ ਕਿ ਸਾਡੇ ਨੇੜੇ ਦਾ ਤਾਰਾ ਸਾਥੋਂ ਜਿੰਨੀ ਦੂਰ ਹੈ, ਉਸ ਦੂਰੀ ਦੇ ਅੱਧ ਵਿਚਕਾਰੋਂ ਆਉਂਦੇ ਨੇ। ਇਸ ਬੱਦਲ ਦਾ ਵਿਚਾਰ ਡੱਚ ਤਾਰਾ ਵਿਗਿਆਨੀ 'ਜੈਨ ਹੈਂਡ੍ਰਿਕ ਊਰਟ' ਨੇ 1950 ਵਿੱਚ ਦਿੱਤਾ ਸੀ ਅਤੇ ਇਸ ਬੱਦਲ ਨੂੰ ਕਿਹਾ ਜਾਂਦਾ ਹੈ... ਊਰਟ ਬੱਦਲ।

1950 ਵਿੱਚ ਡਚ ਅਮਰੀਕਨ ਤਾਰਾ ਵਿਗਿਆਨੀ 'ਜੈਰਾਰਡ ਕੂਪਰ' ਨੇ ਸੁਝਾਅ ਦਿੱਤਾ ਕਿ ਬੋਦੀ ਤਾਰਿਆਂ ਦੀ ਇੱਕ ਨਰਸਰੀ ਪੱਟੀ ਸੂਰਜ ਤੋਂ 30 'ਖਗੋਲੀ ਇਕਾਈਆਂ' ਤੋਂ ਲੈ ਕੇ 100 ਖਗੋਲੀ ਇਕਾਈਆਂ ਤੱਕ ਸਥਿਤ ਹੈ। ਇਸ ਨੂੰ ਕਦੇ ਕਦੇ 'ਐਜਵਰਥ ਕੂਪਰ ਪੱਟੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਕਿਉਂਕਿ ਕੂਪਰ ਤੋਂ ਪਹਿਲਾਂ 1930 ਵਿੱਚ 'ਫਰੇਡ੍ਰਿਕ ਲੀਓਨਾਰਡ' ਅਤੇ 1940 ਵਿੱਚ 'ਕੈਨੇਥ ਐਜਵਰਥ' ਨੇ ਅਜਿਹੀ ਪੱਟੀ ਹੋਣ ਬਾਰੇ ਅੰਦਾਜ਼ਾ ਲਗਾਇਆ ਸੀ ਪਰ ਕੂਪਰ ਪੱਟੀ ਵਿੱਚੋਂ ਸਾਰੇ ਪਿੰਡ ਸੂਰਜ ਦੇ ਨੇੜੇ ਨਹੀਂ ਆਉਂਦੇ। ਪ੍ਰੰਤੂ ਜਿਹੜੇ ਚੱਕਰ ਕੱਢਣ ਆਉਂਦੇ ਨੇ, ਉਹਨਾਂ ਪਿਛੇ ਕੀ ਕਾਰਣ ਜਾਂ ਭੇਦ ਛੁਪਿਆ ਹੋਇਆ ਹੈ?

ਪਹਿਲਾ ਕਾਰਣ ਤਾਂ ਇਹ ਹੈ ਕਿ ਕੂਪਰ ਪੱਟੀ ਦੇ ਪਿੰਡਾਂ ਦੀ ਆਪਸੀ ਖਿਚੋਤਾਣ ਵਿੱਚ ਕਿਸੇ ਇੱਕ ਪਿੰਡ ਦਾ ਪੱਥ ਪ੍ਰਭਾਵਿਤ ਹੋ ਕੇ ਬਦਲ ਜਾਂਦਾ ਹੈ ਅਤੇ ਇਹ ਸੂਰਜ ਦੇ ਨੇੜੇ ਦੇ ਗ੍ਰਹਿ-ਪਥ ਵਿੱਚ ਪਹੁੰਚ ਜਾਂਦਾ ਹੈ। ਦੂਜਾ ਕਾਰਨ ਕਿ ਕਈ ਕੂਪਰ ਪੱਟੀ ਪਿੰਡਾਂ ਨੂੰ ਨੈਪਚੂਨ, ਯੂਰੇਨਸ, ਸ਼ਨੀ ਜਾਂ ਜੁਪੀਟਰ ਦੀ ਗੁਰਤਾ ਆਕਰਸ਼ਣ ਇਹਨਾਂ ਨੂੰ ਆਪਣੇ ਵੱਲ ਖਿਚਦੀ ਹੈ ਅਤੇ ਸਿੱਟੇ ਵਜੋਂ ਇਹ ਇੱਕ ਨਵਾਂ ਪੰਧ ਅਖਤਿਆਰ ਕਰ ਲੈਂਦੇ ਹਨ। ਜਿਹੜਾ ਕਿ ਸੂਰਜ ਦੇ ਨਜ਼ਦੀਕ ਹੋ ਕੇ ਲੰਘਦਾ ਹੈ। ਪਰ ਇਹ ਕਿਵੇਂ ਪਤਾ ਲਗਾਇਆ ਜਾਂਦਾ ਹੈ ਕਿ ਬੋਦੀ ਤਾਰਾ 'ਊਰਟ ਬੱਦਲ' ਵਿੱਚੋਂ ਜਾਂ 'ਕੂਪਰ ਪੱਟੀ' ਵਿਚੋਂ ਆਇਆ ਹੈ?

ਜੇਕਰ ਬੋਦੀ ਤਾਰਾ ਸੂਰਜ ਦੁਆਲੇ ਗ੍ਰਹਿ ਪੰਧ ਰਸਤੇ ਦੇ ਸਮਤਲ ਚੱਲ ਰਿਹਾ ਹੈ ਤਾਂ ਇਹ ਕੂਪਰ ਪੱਟੀ ਪਿੰਡ ਹੈ। ਕਿਉਂਕਿ ਕੂਪਰ ਪੱਟੀ ਵੀ ਸੂਰਜ ਦੁਆਲੇ ਗ੍ਰਹਿ ਪੰਧ ਰਸਤੇ ਦੇ ਸਮਤਲ ਹੀ ਹੈ। ਪਰ ਜੇਕਰ ਕੋਈ ਬੋਦੀ ਤਾਰਾ ਸੂਰਜ ਦੁਆਲੇ ਕਿਸੇ ਵੀ ਹੋਰ ਰਸਤੇ ਤੇ ਆਉਂਦਾ ਹੈ ਤਾਂ ਇਹ 'ਊਰਟ ਬੱਦਲ' ਪਿੰਡ ਹੈ। ਕਿਉਂਕਿ ਊਰਟ ਬੱਦਲ ਕਿਸੇ ਇੱਕ ਸਮਤਲ ਵਿੱਚ ਨਹੀਂ, ਸਗੋਂ ਸੂਰਜੀ ਪਰਿਵਾਰ ਦੇ ਆਲੇ ਦੁਆਲੇ ਇੱਕ ਫੁਟਬਾਲ ਵਾਂਗ ਹੈ।

ਬੋਦੀ-ਤਾਰਿਆਂ ਦੀ ਉਮਰ ਦਾ ਅੰਦਾਜ਼ਾ ਵੀ ਲਗਾਇਆ ਜਾ ਸਕਦਾ ਹੈ। ਪ੍ਰੰਤੂ ਇਹ ਤਾਂ ਸਦੀਵੀਂ ਅਜਿਹੇ ਹੀ ਰਹਿਣਗੇ। ਕਿਉਕਿ ਜਦੋਂ ਪੁਲਾੜੀ ਬੱਦਲ ਤੋਂ ਸੂਰਜ ਅਤੇ ਗ੍ਰਹਿ ਬਣ ਗਏ ਤਾਂ ਊਰਟ ਬੱਦਲ ਵਿੱਚ ਬਚਿਆ-ਖੁਚਿਆ ਮਲਬਾ ਹੀ ਰਹਿ ਗਿਆ। ਇਹ ਅੱਜ ਵੀ ਉਸੇ ਰੂਪ ਵਿੱਚ ਘੁੰਮ ਰਿਹਾ ਹੈ ਜਿਹੋ ਜਿਹਾ ਇਹ 450 ਕਰੋੜ ਸਾਲ ਪਹਿਲਾਂ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਜੀਵਤ ਚੀਜਾਂ ਲਈ ਜ਼ਰੂਰੀ ਮਾਦਾ ਭਾਵ ਅਣੂ, ਪ੍ਰਮਾਣੂ ਇਹ ਬੋਦੀ ਤਾਰੇ ਹੀ ਧਰਤੀ ਉੱਪਰ ਲੈ ਕੇ ਆਏ। ਜੀਵਤ ਚੀਜਾਂ ਲਈ ਜ਼ਰੂਰੀ ਮਾਦਾ-ਕਾਰਬਨ, ਹਾਈਡਰੋਜਨ, ਇਹਨਾਂ ਤੋਂ ਬਣੇ ਯੋਗਿਕ ਅਤੇ ਪਾਣੀ। ਕਿਉਂਕਿ ਬੋਦੀ-ਤਾਰਿਆਂ ਵਿੱਚ 50% ਤੋਂ ਵੱਧ ਪੁੰਜ ਪਾਣੀ ਹੀ ਹੁੰਦਾ ਹੈ ਅਤੇ 10-20% ਕਾਰਬਨ ਦੇ ਯੋਗਿਕ।

ਚੰਦ, ਮੰਗਲ, ਧਰਤੀ, ਸ਼ੁੱਕਰ, ਬ੍ਰਹਿਸਪਤੀ ਉੱਪਰ ਸਥਿਤ ਵੱਡੇ ਵੱਡੇ ਖੱਡੇ, ਇਹਨਾਂ ਪੁਲਾੜੀ ਪਿੰਡਾਂ ਦੇ ਡਿੱਗਣ ਦਾ ਹੀ ਸਬੂਤ ਨੇ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਧਰਤੀ ਉੱਪਰ

ਜੀਵਨ ਦੀ ਸ਼ੁਰੂਆਤ ਇਹ ਪੁਲਾੜੀ ਪਿੰਡਾਂ ਦੇ ਹਮਲੇ ਰੁਕਣ ਤੋਂ ਬਾਅਦ ਹੀ ਹੋਈ। ਅੱਜ ਵੀ ਸਾਡੀ ਧਰਤੀ ਉੱਪਰ ਛੋਟੇ ਛੋਟੇ ਪੁਲਾੜੀ ਪਿੰਡਾਂ ਦੀ ਬੁਛਾੜ ਹੁੰਦੀ ਹੈ। 'ਲੁਈਸ ਫਰੈਂਕ' ਅਤੇ 'ਜੋਹਨ ਸਿਗਵਾਰਥ' ਨੇ ਧਰਤੀ 'ਚੋਂ ਨਿਕਲਦੀਆਂ ਅਦਿੱਖ ਕਿਰਨਾਂ ਦੀ ਫੋਟੋਗ੍ਰਾਫੀ ਕਰਨ ਲਈ ਪੁਲਾੜੀ ਯਾਨ 'ਡਾਇਨੇਮਿਕਸ ਐਕਸਪਲੋਰਰ-1' ਵਿੱਚ ਪਰਾਵੈਂਗਣੀ ਕੈਮਰੇ ਲਗਾ ਦਿੱਤੇ। ਉਹਨਾਂ ਦਾ ਖਿਆਲ ਸੀ, ਧਰਤੀ ਦੇ ਧਰੁਵਾਂ ਉੱਪਰ "ਆਕਰਸ਼ਕ ਰੌਸ਼ਨੀਆਂ" ਦਾ ਕਾਰਣ ਧਰਤੀ 'ਚੋਂ ਨਿਕਲਦੀਆਂ ਅਦਿੱਖ ਕਿਰਨਾਂ ਹੀ ਹਨ। ਪਰ ਖਿੱਚੀਆਂ ਗਈਆਂ ਤਸਵੀਰਾਂ ਵਿੱਚ ਕੁਝ ਕਾਲੇ ਧੱਬੇ ਹੁੰਦੇ ਸਨ। ਖੋਜ ਪੜਤਾਲ ਤੋਂ ਪਤਾ ਲੱਗਾ ਕਿ ਇਹ ਕਾਲੇ ਧੱਬੇ ਅਸਲ ਵਿੱਚ ਉਹ ਪੁਲਾੜੀ ਪਿੰਡ ਹਨ ਜੋ ਲਗਾਤਾਰ ਧਰਤੀ ਦੇ ਵਾਯੂਮੰਡਲ 'ਚ ਦਾਖਲ ਹੋ ਰਹੇ ਹਨ। ਇਹ ਪਰਾਵੈਂਗਣੀ ਕਿਰਨਾਂ ਨੂੰ ਸੋਖ ਲੈਂਦੇ ਹਨ।

ਧਰਤੀ ਵੱਲ ਡਿੱਗ ਰਹੇ ਪੁਲਾੜੀ ਪਿੰਡ ਬਰਫੀਲੇ ਬੋਦੀ ਤਾਰੇ ਹੀ ਹਨ। 20 ਤੋਂ 40 ਟਨ ਭਾਰੇ ਇਹ ਪੁਲਾੜੀ ਪਿੰਡ ਹਰ ਮਿੰਟ ਵਿੱਚ 20 ਦੇ ਲੱਗਭੱਗ ਡਿੱਗ ਰਹੇ ਨੇ। ਵਾਯੂਮੰਡਲ ਦੀਆਂ ਉਪਰਲੀਆਂ ਤਹਿਆਂ ਵਿੱਚ ਹੀ ਵਾਸ਼ਪ ਬਣ ਜਾਂਦੇ ਹਨ। ਇਸ ਲਈ ਇਹਨਾਂ ਤੋਂ ਕੋਈ ਖਤਰਾ ਨਹੀਂ ਹੈ। ਹਾਂ, ਕੁਝ ਖਤਰੇ ਪਹਿਲਾਂ ਵਾਪਰ ਚੁੱਕੇ ਹਨ। ਜਦੋਂ ਵੱਡੇ ਵੱਡੇ ਉਲਕਾ ਪਿੰਡ ਜਾਂ ਬੋਦੀ-ਤਾਰੇ ਧਰਤੀ ਉੱਪਰ ਡਿੱਗੇ ਸਿੱਟੇ ਵਜੋਂ 'ਡਾਇਨਾਸੋਰਸ਼' ਖਤਮ ਹੋ ਗਏ। ਪ੍ਰੰਤੂ ਦੁਧਾਰੂ ਪਸ਼ੂਆਂ ਦੀ ਉਤਪਤੀ ਹੋਈ। ਪ੍ਰਸ਼ਨ ਉਠਦਾ ਹੈ ਕਿ ਕੀ ਹੈਲੇ ਦੇ ਬੋਦੀ ਤਾਰੇ ਤੋਂ ਇਲਾਵਾ ਉਸ ਵਾਂਗ ਵਾਰ-ਵਾਰ ਚੱਕਰ ਲਗਾਉਣ ਵਾਲੇ ਕੁਝ ਹੋਰ ਵੀ ਬੋਦੀ ਤਾਰੇ ਹਨ। ਫਰਾਂਸ ਦੇ ਤਾਰਾ ਵਿਗਿਆਨੀ 'ਵਿਲੀਅਮ ਟੈਂਪਲ' ਨੇ 1866 ਤੋਂ ਲੈ ਕੇ 1873 ਤੱਕ 10 ਬੋਦੀ ਤਾਰਿਆਂ ਦੀ ਖੋਜ ਕੀਤੀ। ਪਰ ਸਭ ਤੋਂ ਮਹੱਤਵਪੂਰਨ ਹੈ- 9ਪੀ/ਟੈਂਪਲ-1 ਬੋਦੀ ਤਾਰਾ। ਇਹ ਸੂਰਜ ਦਾ ਚੱਕਰ ਸਾਢੇ 5 ਸਾਲਾਂ ਵਿੱਚ ਪੂਰਾ ਕਰਦਾ ਹੈ। ਭਾਵ ਇਹ ਬ੍ਰਹਿਸਪਤੀ ਦੁਆਰਾ ਸੂਰਜ ਦੁਆਲੇ 1 ਚੱਕਰ ਦੇ ਮੁਕਾਬਲੇ ਦੋ ਚੱਕਰ ਪੂਰੇ ਕਰ ਲੈਂਦਾ ਹੈ। ਇਸਦੀ ਸੂਰਜ ਤੋਂ ਦੂਰੀ 1.5 ਖਗੋਲੀ ਇਕਾਈਆਂ ਤੋਂ ਲੈ ਕੇ 4.7 ਖਗੋਲੀ ਇਕਾਈਆਂ ਤੱਕ ਹੈ। ਭਾਵ ਇਹ ਧਰਤੀ ਦੀ ਦੂਰੀ 1 ਖਗੋਲੀ ਇਕਾਈ ਨੂੰ ਕਦੇ ਵੀ ਨਹੀਂ ਕੱਟਦਾ ਅਤੇ 4 ਜੁਲਾਈ 2005 ਨੂੰ ਇਸ ਨਾਲ **Deep Impact** ਟਕਰਾਇਆ ਸੀ। **Deep Impact** "ਨਾਸਾ" ਵਿਗਿਆਨੀਆਂ ਦੁਆਰਾ ਬਣਾਇਆ 360 ਕਿਲੋਗ੍ਰਾਮ ਤਾਂਬੇ ਦਾ ਬਣਿਆ ਫਰਿੱਜ ਦੇ ਆਕਾਰ ਦਾ ਇੱਕ ਪੁਲਾੜੀ ਜਹਾਜ ਸੀ। ਇਸ ਦੀ ਟੱਕਰ ਨਾਲ ਇੱਕ ਕਿਲੋਮੀਟਰ ਅਰਧ ਵਿਆਸ ਦਾ ਟੋਆ ਬਣ ਗਿਆ ਅਤੇ ਬੋਦੀ ਤਾਰੇ ਦੀ ਸਤ੍ਹਾ ਤੋਂ ਬਹੁਤ ਸਾਰੀ ਧੂੜ ਅਤੇ ਗੈਸ ਨੂੰ ਪੁਲਾੜ ਵਿੱਚ ਉਡਾ ਦਿੱਤਾ। ਕਿਉਂਕਿ ਬੋਦੀ ਤਾਰੇ 'ਆਰੰਭਿਕ ਮਾਦੇ' ਤੋਂ ਹੀ ਬਣੇ ਹੋਏ ਹਨ। ਇਸ ਲਈ ਬ੍ਰਹਿਮੰਡ ਵਿੱਚ ਸਥਿਤ 'ਆਰੰਭਿਕ ਮਾਦੇ' ਨੂੰ ਸਮਝਣ ਵਿੱਚ ਸੌਖ ਹੋ ਜਾਵੇਗੀ।

ਟੈਂਪਲ-1 ਨਾਲ ਟਕਰਾਉਣ ਸਮੇਂ ਇਸ ਪੁਲਾੜੀ ਜਹਾਜ ਦੀ ਗਤੀ ਲਗਭਗ 700 ਤੋਂ 1000 ਕਿਲੋਮੀਟਰ ਪ੍ਰਤੀ ਘੰਟਾ ਸੀ। ਪਰ ਇਸ ਟੱਕਰ ਤੋਂ ਬਾਅਦ ਟੈਂਪਲ-1 ਦੀ ਬਣਤਰ ਵਿੱਚ ਕੋਈ ਫ਼ਰਕ ਨਹੀਂ ਪਿਆ। ਧਰਤੀ ਉਪਰਲੀਆਂ ਦੂਰਬੀਨਾਂ ਅਤੇ ਸਪੈਕਟਰੋਸਕੋਪੀ ਤਕਨੀਕਾਂ ਨਾਲ ਪਤਾ ਲੱਗਾ ਕਿ ਇਸ ਬੋਦੀ ਤਾਰੇ ਦਾ 'ਸਿਰ' ਜਾਂ ਕੇਂਦਰ ਆਪਣੀ ਧੁਰੀ ਦੁਆਲੇ 41 ਘੰਟਿਆਂ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ।

ਸੱਚਮੁੱਚ ਹੁਣ ਤਾਂ ਇੰਝ ਲਗਦਾ ਹੈ ਕਿ ਵਿਚਾਰੇ ਬੋਦੀ ਤਾਰਿਆਂ ਦੀ ਖੈਰ ਨਹੀਂ। ਇਹ ਸਾਨੂੰ ਤਾਂ ਕੀ ਪ੍ਰਭਾਵਿਤ ਕਰਨਗੇ ਸਗੋਂ ਵਿਗਿਆਨੀ ਇਹਨਾਂ ਨਾਲ ਆਪਣੇ ਪੁਲਾੜੀ ਯੰਤਰ ਟਕਰਾ-ਟਕਰਾ ਕੇ ਇਹਨਾਂ ਦਾ ਹੀ ਹੁਲੀਆ ਨਾ ਵਿਗਾੜ ਦੇਣ। 1984-85 ਵਿੱਚ ਰੂਸ ਵੱਲੋਂ ਵੇਗਾ-1 ਅਤੇ ਵੇਗਾ-2 ਨੂੰ ਹੈਲੇ ਬੋਦੀ ਤਾਰੇ ਦੇ ਨਜ਼ਦੀਕ ਭੇਜਿਆ ਗਿਆ ਸੀ। ਇਸੇ ਤਰ੍ਹਾਂ ਗੈਲੀਲਿਓ ਮਿਸ਼ਨ ਨੂੰ 'ਸੂ ਮੇਕਰ ਲੇਵੀ' ਬੋਦੀ-ਤਾਰੇ ਦੀ ਹੋਰ ਘੋਖ ਪੜਤਾਲ ਵਾਸਤੇ ਭੇਜਿਆ। ਪ੍ਰੰਤੂ ਇਸ ਬੋਦੀ-ਤਾਰੇ ਨੂੰ ਬ੍ਰਹਿਸਪਤੀ ਗ੍ਰਹਿ ਦੀ ਖਿੱਚ ਨੇ ਆਪਣੇ ਵਿੱਚ ਹੀ ਸਮਾ ਲਿਆ।

ਬ੍ਰਹਿਸਪਤੀ ਗ੍ਰਹਿ ਵੀ ਸਾਡਾ ਰਖਵਾਲਾ ਹੀ ਹੈ। ਪਤਾ ਨਹੀਂ ਪਹਿਲਾਂ ਕਰੋੜਾਂ ਸਾਲਾਂ ਵਿੱਚ ਇਸਨੇ ਕਿੰਨੇ ਕੁ ਭਿਆਨਕ ਬੋਦੀ ਤਾਰਿਆਂ ਨੂੰ ਆਪਣੇ ਵਿੱਚ ਸਮੇਟਿਆ ਹੋਵੇਗਾ। ਸੋ ਫੈਸਲਾ ਸਪਸ਼ਟ ਹੈ... ਨਾ ਹੀ ਬ੍ਰਹਿਸਪਤੀ ਗ੍ਰਹਿ ਮਾੜੇ ਪ੍ਰਭਾਵਾਂ ਵਾਲਾ ਹੈ ਅਤੇ ਨਾ ਹੀ ਬੋਦੀ ਤਾਰੇ। ਬੋਦੀ ਤਾਰੇ ਤਾਂ ਸਾਡੇ ਲਈ ਉਹ ਰਾਜ ਆਪਣੇ ਕੋਲ ਲੈ ਕੇ ਘੁੰਮ ਰਹੇ ਹਨ। ਜਿਸ ਦਾ ਉੱਤਰ ਵਿਗਿਆਨੀ ਵੀ ਖੋਜ ਰਹੇ ਨੇ ਕਿ ਧਰਤੀ ਉਪਰ ਜੀਵਨ ਦੀ ਸ਼ੁਰੂਆਤ ਕਿਵੇਂ ਹੋਈ? ਇਸ ਉੱਤਰ ਦੀ ਭਾਲ ਵਿੱਚ ਪੁਲਾੜ ਮਿਸ਼ਨ **"Stardust"** ਬੋਦੀ ਤਾਰੇ "ਵਾਇਲਿਡ-2" ਤੋਂ ਨਮੂਨੇ ਲੈ ਕੇ ਧਰਤੀ ਉੱਪਰ ਪਹੁੰਚੇਗਾ।

ਪਹਿਲਾਂ ਪਹਿਲ ਲੋਕ ਇਹਨਾਂ 'ਬੋਦੀ ਤਾਰਿਆਂ' ਤੋਂ ਡਰਦੇ ਸਨ। ਪਰ ਹੁਣ ਇਹ ਬੋਦੀ ਤਾਰੇ ਧਰਤੀ ਦੇ ਵਾਸਿੰਦਿਆਂ ਭਾਵ ਮਨੁੱਖਾਂ ਤੋਂ ਡਰਿਆ ਕਰਨਗੇ। ਜਿਵੇਂ **"Deep Impact"** ਪੁਲਾੜੀ ਜਹਾਜ ਦੀ ਟੱਕਰ "9 ਪੀ-ਟੈਂਪਲ" ਬੋਦੀ ਤਾਰੇ ਨਾਲ ਕਰਵਾ ਦਿੱਤੀ। ਉਸੇ ਤਰ੍ਹਾਂ ਜਦੋਂ ਵੀ ਕੋਈ ਬੋਦੀ ਤਾਰਾ ਨਜ਼ਰ ਆਏਗਾ, ਵਿਗਿਆਨੀ ਉਸ ਉਪਰ ਖੋਜ ਕਰਨ ਲਈ ਪੁਲਾੜੀ ਜਹਾਜਾਂ ਦੀਆਂ ਟੱਕਰਾਂ ਕਰਵਾਉਂਦੇ ਰਹਿਣਗੇ। ਇਸ ਨਾਲ ਤਾਰੇ ਦੀ ਬਾਹਰੀ ਸਤ੍ਹਾਂ ਅਤੇ ਅੰਦਰੂਨੀ ਬਣਤਰ ਬਾਰੇ ਗਿਆਨ ਪ੍ਰਾਪਤ ਕਰਨ ਦੇ ਮੌਕੇ ਮਿਲਦੇ ਰਹਿਣਗੇ। ਇਹਨਾਂ ਖੋਜਾਂ ਤੋਂ ਬਾਅਦ ਸੂਰਜੀ ਪਰਿਵਾਰ ਬਨਣ ਸਮੇਂ ਦੀਆਂ ਪਰਿਸਥਿਤੀਆਂ ਅਤੇ ਧਰਤੀ ਉੱਪਰ ਜੀਵਨ ਸ਼ੁਰੂ ਹੋਣ ਲਈ ਜ਼ਰੂਰੀ ਯੋਗਿਕਾਂ ਬਾਰੇ ਵੀ ਹੋਰ ਵਧੇਰੇ ਜਾਣਕਾਰੀ ਮਿਲਦੀ ਰਹੇਗੀ।

ਹੌਂਸਲੇ ਪਏ ਖੇਡਦੇ ਨੇ ਕਾਲੀਆਂ ਰਾਤਾਂ ਦੇ ਨਾਲ
ਇਹ ਭਰੋਸਾ ਹੈ ਮੇਰਾ, ਰੌਸ਼ਨ ਸਵੇਰੇ ਆਉਣਗੇ-ਹਰਭਜਨ ਹਲਵਾਰਵੀ

ਕਾਵਿ-ਵਿਅੰਗ

ਬੱਲੇ ਬੱਲੇ

ਆਪਣੇ ਹੱਥੀਂ ਇੱਟਾਂ ਚਿਣਕੇ, ਨਾਂ ਬਾਬਿਆਂ ਦਾ ਦਿੱਤਾ ਆਪੇ।
ਦਿਲ ਆਪਣੇ ਲਈ ਵਹਿਮ ਭਰਮ ਦੇ, ਆਪੇ ਲਏ ਸਹੇੜ ਸਿਆਪੇ।
ਆਪੇ ਧਰੀਆਂ ਇੱਟਾਂ ਕੋਲੋਂ, ਆਪੇ ਲੋਕ ਡਰਨ ਲੱਗ ਪਏ।
ਕੇਹੀ ਤੁਹਾਡੀ ਸੋਚ, ਪਾਖੰਡ ਦਾ, ਪਾਣੀ ਜੋ ਤੁਸੀਂ ਭਰਨ ਲੱਗ ਪਏ।
ਚੌਦੇਂ ਮੱਸਿਆ ਪਾ ਪਾ ਲੱਸੀਆਂ, ਬਾਬੇ ਕਰੋਂ ਨਿਹਾਲ ਤੁਸੀਂ।
ਜਿਉਂਦਿਆਂ ਵੇਲੇ ਸ਼ਾਇਦ ਜਿਨ੍ਹਾਂ ਦਾ, ਨਹੀਂ ਪੁੱਛਿਆ ਹੋਣੈ ਹਾਲ ਤੁਸੀਂ।
ਉਦੋਂ ਜਿਨ੍ਹਾਂ ਨੇ ਕੁਛ ਨਹੀਂ ਕਰਿਆ, ਹੁਣ ਕਿਹੜਾ ਟੰਗ ਤੋੜ ਦੇਣਗੇ,
ਆਰਥਿਕ ਪੱਖੋਂ ਜਰੂਰ ਤੁਹਾਨੂੰ, ਨਿੰਬੂ ਵਾਂਗ ਨਿਚੋੜ ਦੇਣਗੇ।
ਮੋਇਆਂ ਤੇ ਜੋ ਖਰਚਾ ਕਰਦੇ ਜਿਉਂਦਿਆਂ ਉਪਰ ਕਰਕੇ ਦੇਖੋ,
ਸ਼ਾਇਦ ਤੁਹਾਨੂੰ ਅਕਲ ਆ ਜਾਵੇ, ਵਿਅੰਗ 'ਤਾਰੀ' ਦਾ ਪੜ੍ਹਕੇ ਦੇਖੋ।
ਜਿੰਨ੍ਹੇ ਲੋਕੋਂ ਵਹਿਮ ਕਰੋਗੇ, ਉਨ੍ਹੇ ਹੀ ਦੁੱਖ ਪੈਣਗੇ ਪੱਲੇ।
'ਗੋਲੇਵਾਲੀਆ' ਸੋਚ ਬਦਲ ਲਉ, ਜੇ ਕਰਵਾਉਣੀ ਬੱਲੇ-ਬੱਲੇ।

ਤਾਰੀ ਗੋਲੇਵਾਲੀਆ, 99882-86466

ਕਾਵਿ ਸਤਰਾਂ

ਠੱਗ ਵਣਜਾਰੇ

ਜੰਮਣ ਮਰਨ ਤੋਂ ਬੰਦੇ ਨੂੰ ਰਹਿਤ ਕਰਨਾ, ਕਲਯੁਗੀ ਬਾਬੇ ਫਰਮਾਉਣ ਲੱਗੇ।
ਮੋਹ ਮਾਇਆ ਦਾ ਕਰੋ ਤਿਆਗ ਭਾਈ, ਫ਼ਾਨੀ ਸੰਸਾਰ ਹੈ ਇਹ ਬਤਲਾਉਣ ਲੱਗੇ।
ਸਵਰਗ/ਮੁਕਤੀ ਦੇਣ ਦੇ ਲਾ ਲਾਰੇ, ਭੀੜ ਲੋਕਾਂ ਦੀ ਜਮ੍ਹਾਂ ਕਰਾਉਣ ਲੱਗੇ।
ਧਾਰਮਿਕ ਸ਼ਰਧਾ ਸੰਗਤਾਂ ਦੀ ਕੈਸ਼ ਕਰਕੇ, ਵੋਟਾਂ ਲੀਡਰਾਂ ਤਾਈਂ ਪਵਾਉਣ ਲੱਗੇ।
ਹੋਕੇ ਵੰਗਾਂ ਦੇ ਦਿੰਦੇ ਇਹ ਠੱਗ ਵਣਜਾਰੇ, ਚੱਕੀ ਰਾਹੇ ਹੁਣ ਕੱਢ ਵਿਖਾਉਣ ਲੱਗੇ।

"ਮਾਇਆ ਬਨਾਮ ਬਾਬੇ"

ਮਾਇਆ ਨਾਗਣੀ ਸੰਸਾਰ ਝੂਠਾ, ਕਹਿਣ ਵਾਲੇ ਡੇਰਿਆਂ ਵਿੱਚ ਖੁੱਲ੍ਹੇ ਬਾਜ਼ਾਰ ਲੋਕੋ।
ਸਵਰਗ, ਸੱਚਖੰਡ ਮੁਕਤੀ ਦੇ ਲਾਉਣ ਲਾਰੇ, ਬਣੇ ਰੱਬ ਦੇ ਠੇਕੇਦਾਰ ਲੋਕੋ।
ਕਹਿੰਦੇ ਤਿਲ ਵਧੇ ਨਾ ਰਾਈ ਘਟੇ, ਜੋ ਲਿਖਤੀ ਕਰਤਾਰ ਲੋਕੋ।
ਪਰ ਆਪਣੀ ਲਿਖੀਂ ਵਧਾਉਣ ਖਾਤਿਰ, ਬਾਡੀਗਾਰਡ ਰੱਖਣ ਪਹਿਰੇਦਾਰ ਲੋਕੋ।
ਵਾਤਾਨਕੂਲ ਡੇਰਿਆਂ ਵਿੱਚ ਸਾਧ ਰਹਿੰਦੇ, ਥੱਲੇ ਏਅਰਕੰਡੀਸ਼ਨ ਕਾਰ ਲੋਕੋ।
ਸੁਧਾਰਣ ਜਨਮ ਆਪਣਾ, ਵਿਗਾੜੀ ਜਾਣ ਸਾਡਾ, ਤਰਕ ਨਾਲ ਕਰੋ ਵਿਚਾਰ ਲੋਕੋ।

ਰਾਮ ਸਿੰਘ ਨਿਰਮਾਣ ਚੁੱਘੇ ਕਲਾਂ, 94173-20864

ਮੈਂ ਬ਼ਾਗੀ ਹਾਂ

ਉਸ 'ਬੀਤੇ' ਤੋਂ,
ਜਿਹੜਾ ਮੇਰੇ ਜੀਵਨ ਮਾਰਗ ਤੇ,
ਇਉਂ ਪਰਬਤ ਵਾਂਗ ਖਲੋ ਜਾਵੇ।
ਆਦਰਸ਼ ਮੇਰੇ ਦੀ ਮੰਜ਼ਿਲ ਹੀ,
ਅੱਖੀਆਂ ਤੋਂ ਉਹਲੇ ਹੋ ਜਾਵੇ।
ਹਰ ਹਰਕਤ ਤੇ, ਮੇਰੇ ਸੁਪਨੇ ਨੂੰ,
ਜਿਹੜਾ ਪੈਰਾਂ ਹੇਠ ਮਧੋਂ ਜਾਵੇ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ 'ਬੀਤੇ' ਤੋਂ ਬ਼ਾਗੀ ਹਾਂ।
ਮੈਂ ਆਕੀ ਹਾਂ

ਉਸ ਮਜ਼ਹਬ ਤੋਂ,
ਜਿਹੜਾ ਸਕੇ ਵਤਨੀ ਵੀਰਾਂ ਨੂੰ,
ਵੱਖ ਵੱਖ ਰਹਿਣਾ ਸਿਖਲਾ ਦੇਵੇ।
ਕਦੇ ਬਾਂਗਾਂ ਤੋਂ, ਕਦੇ ਵਾਜੇ ਤੋਂ,
ਡਾਂਗਾਂ ਸੋਟੇ ਖੜਕਾ ਦੇਵੇ।
ਵਿੱਚ ਰੱਬ ਨੂੰ ਜ਼ਾਮਨ ਰੱਖ ਕੇ ਤੇ,
ਜਿਹੜਾ ਢਿੱਡ ਵਿੱਚ ਛੁਰਾ ਖੁਭਾ ਦੇਵੇ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਮਜ਼ਹਬ ਤੋਂ ਬ਼ਾਗੀ ਹਾਂ।
ਮੈਂ ਆਕੀ ਹਾਂ।

ਉਸ ਦੌਲਤ ਤੋਂ,
ਜੀਹਨੂੰ ਵਰਤਣ ਮਾਣਨ, ਲੈਣ ਲਈ,
ਸੌ ਸੌ ਪਾਖੰਡ ਬਣਾਉਣੇ ਪੈਣ।
ਕੋਹਣਾ ਪੈ ਜਾਏ ਜ਼ਮੀਰਾਂ ਨੂੰ,
ਵੀਰਾਂ ਦੇ ਗਲੇ ਕਟਾਉਣੇ ਪੈਣ।
ਸਵੈਮਾਨ ਵੇਚਣਾ ਪੈ ਜਾਵੇ,
ਰੀਝਾਂ ਅਰਮਾਨ ਲੁਟਾਉਣੇ ਪੈਣ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਦੌਲਤ ਤੋਂ ਬ਼ਾਗੀ ਹਾਂ।
ਮੈਂ ਆਕੀ ਹਾਂ।

ਦਰਸ਼ਨ ਸਿੰਘ ਅਵਾਰਾ

ਸਭ ਤੋਂ ਖ਼ਤਰਨਾਕ ਹੁੰਦਾ ਹੈ, ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਨ ਕਰ ਜਾਣਾ-ਪਾਸ਼

ਤਰਕਸ਼ੀਲ ਬਣ ਜਾਓ ਲੋਕੋ

ਨਾ ਲਾਈ ਲੱਗ ਕਹਾਓ ਲੋਕੋ,
ਤਰਕਸ਼ੀਲ ਬਣ ਜਾਓ ਲੋਕੋ।
ਤੁਸੀਂ ਸਮਾਧਾਂ ਹੱਥੀ ਬਣਾ ਕੇ,
ਸੁੱਖਾਂ ਮੰਗਦੇ ਸ਼ੀਸ਼ ਨਿਵਾਕੇ।
ਨਾ ਕਿਤੇ ਨੱਕ ਘਸਾਓ ਲੋਕੋ,
ਤਰਕਸ਼ੀਲ ਬਣ ਜਾਓ ਲੋਕੋ।
ਕਿਤੇ ਨਹੀਂ ਹੈ ਗੈਬੀ ਸ਼ਕਤੀ,
ਕੁੱਝ ਨਹੀਂ ਕਰ ਸਕਦੀ ਭਗਤੀ।
ਨਾ ਤੁਸੀਂ ਵਕਤ ਗਵਾਓ ਲੋਕੋ,
ਤਰਕਸ਼ੀਲ ਬਣ ਜਾਓ ਲੋਕੋ।
ਟੂਣੇ ਧਾਗਿਆਂ ਕੁੱਝ ਨਹੀਂ ਕਰਨਾ,
ਹਥੌਲੇ, ਚੌਂਕੀਆਂ ਕੁੱਝ ਨਹੀਂ ਕਰਨਾ।
ਸਹੀ ਇਲਾਜ ਕਰਾਓ ਲੋਕੋ,
ਤਰਕਸ਼ੀਲ ਬਣ ਜਾਓ ਲੋਕੋ।
ਤਰਕਸ਼ੀਲ ਨਹੀਂ ਕਿਸੇ ਨੂੰ ਧਿਆਉਂਦੇ,
ਜ਼ਿੰਦਗੀ ਆਪਣੇ ਢੰਗ ਨਾਲ ਜਿਉਂਦੇ।
ਸਹੀ ਗਿਆਨ ਵਧਾਓ ਲੋਕੋ,
ਤਰਕਸ਼ੀਲ ਬਣ ਜਾਓ ਲੋਕੋ।
ਬੇਲੋੜੇ ਸਭ ਰਸਮ ਰਿਵਾਜ਼।
ਛੱਡੋ ਬਣਾਓ ਨਵਾਂ ਸਮਾਜ
ਨਵੀਆਂ ਲੀਹਾਂ ਪਾਓ ਲੋਕੋ,
ਤਰਕਸ਼ੀਲ ਬਣ ਜਾਓ ਲੋਕੋ।
ਸੱਚ ਸਾਹਮਣੇ 'ਘਣਗਸ' ਲਿਆਈ ਏ,
ਗਲਤ ਠੀਕ ਸਭ ਨੂੰ ਸਮਝਾਈ ਏ।
ਸੋਚ ਨੂੰ ਤਿੱਖੀ ਬਣਾਓ ਲੋਕੋ,
ਤਰਕਸ਼ੀਲ ਬਣ ਜਾਓ ਲੋਕੋ।

ਮਨਜੀਤ ਘਣਗਸ
94171-44562

ਕੀ ਕਰਨੇ ਨੇ ਉਸ ਨੇ ਮਸਜਿਦ, ਮੰਦਰਾਂ ਦੇ ਸਿਰਨਾਵੇਂ

ਗੁਰਚਰਨ ਕੌਰ ਕੋਚਰ, 94170-31464

ਦਿਨੋ ਦਿਨ ਹੀ ਘਟਦੇ ਜਾਂਦੇ ਛਾਵਾਂ ਦੇ ਸਿਰਨਾਵੇਂ।
ਮੁਸ਼ਕਿਲ ਨਾਲ ਨੇ ਲੱਭਦੇ ਪਿੱਪਲਾਂ, ਬੋਹੜਾਂ ਦੇ ਸਿਰਨਾਵੇਂ।

ਬੇਰੁਜ਼ਗਾਰੀ ਨੇ ਕਰ ਦਿੱਤੇ ਸਾਡੇ ਬਾਲ ਨਸ਼ੇੜੀ,
ਡਿਗਰੀ ਦੀ ਥਾਂ ਚੁੱਕੀ ਫਿਰਦੇ ਨਸ਼ਿਆਂ ਦੇ ਸਿਰਨਾਵੇਂ।

ਕੱਲ ਇੱਕ ਡੇਰੇ ਦੇ ਬਾਬੇ ਦਾ ਐਕਸੀਡੈਂਟ ਸੀ ਹੋਇਆ,
ਜੇਬ ਫਰੋਲੀ ਵਿੱਚੋਂ ਨਿਕਲੇ ਨਾਰਾਂ ਦੇ ਸਿਰਨਾਵੇਂ।

ਰਾਤੋ ਰਾਤ ਅਮੀਰ ਬਨਣ ਦੇ ਲਾਲਚ ਵਿਚ ਕੁਝ ਲੋਕ,
ਲੱਭ ਲੈਂਦੇ ਨੇ ਗੈਰ ਕਾਨੂੰਨੀ ਕੰਮਾਂ ਦੇ ਸਿਰਨਾਵੇਂ।

ਇਹ ਕੈਸਾ ਹੈ ਦੌਰ ਕਿ ਸਭ ਕੁਝ ਉਲਟਾ ਪੁਲਟਾ ਹੋਇਐ,
ਬਾਗ ਉਜਾੜਨ ਵਾਲਾ ਲੱਭਦੈ ਮਹਿਕਾਂ ਦੇ ਸਿਰਨਾਵੇਂ।

ਚੋਗ ਲਿਆਵਣ ਗਿਆ ਪਰਿੰਦਾ, ਪਰਤ ਜਦੋਂ ਸੀ ਆਇਆ,
ਮਿਟ ਚੁੱਕੇ ਸਨ ਰੁੱਖ, ਆਲ੍ਹਣਾ, ਬੋਟਾਂ ਦੇ ਸਿਰਨਾਵੇਂ।

ਲੋਕਾਂ ਖਾਤਿਰ ਜੀਣ ਮਰਨ ਦਾ ਸੁੱਚਾ ਮਕਸਦ ਜਿਸ ਦਾ,
ਕੀ ਕਰਨੇ ਨੇ ਉਸ ਨੇ ਮਸਜਿਦ, ਮੰਦਰਾਂ ਦੇ ਸਿਰਨਾਵੇਂ।

ਧੋਖੇਬਾਜ਼ ਵਿਦੇਸ਼ੀ ਲਾੜਿਆਂ ਨਾਲ ਵਿਆਹੀਆਂ ਕੁੜੀਆਂ,
ਵਿੱਚ ਕਚਹਿਰੀ ਲਈ ਫਿਰਦੀਆਂ ਲਾਵਾਂ ਦੇ ਸਿਰਨਾਵੇਂ।

ਕਿਥੇ ਕਿਥੇ ਬਚਪਨ ਰੁਲਦੈ, ਆ 'ਕੋਚਰ' ਦਿਖਲਾਵਾਂ,
ਨਹੀਂ ਤਾਂ ਲਿਖ ਲੈ ਘਰਾਂ, ਦੁਕਾਨਾਂ, ਢਾਬਿਆਂ ਦੇ ਸਿਰਨਾਵੇ।

ਮਿੰਨੀ ਕਹਾਣੀ

ਬੇਅਰਥ

ਪਰਦੀਪ ਮਹਿਤਾ
94645-87013



ਦਸਵੀਂ ਵਿੱਚੋਂ ਮਿੱਤਰ ਦੇ ਲੜਕੇ ਦੇ ਅੱਛੇ ਅੰਕ ਪ੍ਰਾਪਤ ਕਰਨ ਤੇ ਮੈਂ ਆਪਣੀ ਚਿੰਤਾ-ਤੁਰ ਭਰਜਾਈ ਨੂੰ ਰਿਜ਼ਲਟ ਦੇਖਣ ਸਾਰ ਫ਼ੋਨ ਮਿਲਾਇਆ। "ਹਾਂ ਜੀ... ਭਰਜਾਈ ਜੀ... ਵਧਾਈਆਂ 'ਪੱਪੂ' ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋ ਗਿਆ... ਆਪਣੀ ਸਭ ਦੀ ਮਿਹਨਤ ਰਾਸ ਆ ਗਈ.. ਪਾਰਟੀ ਲੈਣ ਕਦੋਂ ਆਈਏ?" "ਜ਼ਰੂਰ ਜੀ ਜ਼ਰੂਰ... ਜਦੋਂ ਮਰਜ਼ੀ... ਬਸ ਜੀ ਟੋਭੇ ਵਾਲੇ ਸੰਤਾਂ ਦੀ ਪਹਿਲਾ ਮੰਨੌਤ ਪੂਰੀ ਕਰ ਆਈਏ... ਬੱਸ ਉਹਨਾਂ ਦੀ ਅਸੀਮ ਕ੍ਰਿਪਾ ਨਾਲ ਹੀ ਸਭ ਫ਼ਲ ਮਿਲਿਐ...." ਜਿਉਂ-ਜਿਉਂ ਭਰਜਾਈ ਬੋਲ ਰਹੀ ਸੀ, ਮੈਨੂੰ ਪੱਪੂ ਦੀ ਮਿਹਨਤ, ਉਸ ਲਈ ਕੀਤਾ ਟਿਊਸ਼ਨ ਪ੍ਰਬੰਧ ਸਭ ਬੇਅਰਥ ਲੱਗਣ ਲੱਗਾ।

ਸ਼ਖ਼ਸ਼ੀਅਤ ਉਸਾਰੀ : ਬਚਪਨ ਹੈ ਬੁਨਿਆਦ

ਡਾ. ਸ਼ਿਆਮ ਸੁੰਦਰ ਦੀਪਤੀ



ਬੱਚਿਆਂ ਬਾਰੇ ਸਾਡੇ ਆਲੇ ਦੁਆਲੇ ਵਿੱਚ, ਸਾਡੇ ਸਮਾਜ ਵਿੱਚ ਅਨੇਕਾਂ ਧਾਰਨਾਵਾਂ ਪ੍ਰਚਲਿਤ ਹਨ। ਅਸੀਂ ਬੱਚਿਆਂ ਬਾਰੇ ਅਕਸਰ ਕਹਿੰਦੇ ਹਾਂ : ਬੱਚੇ ਅਬੋਧ ਹਨ, ਬੱਚੇ ਨਾਦਾਨ ਹੁੰਦੇ ਹਨ, ਬੱਚੇ ਮਨ ਦੇ ਸੱਚੇ ਹੁੰਦੇ ਹਨ, ਕੋਰੀ ਸਲੇਟ ਵਾਂਗ ਹੁੰਦੇ ਹਨ। ਤੇ ਕਈ ਵਾਰੀ ਉਨ੍ਹਾਂ ਦੀ ਬੁੱਧੀ ਤੋਂ ਹੈਰਾਨ ਹੋ ਕੇ, ਬੱਚੇ ਨੂੰ ਮਨੁੱਖ ਦਾ ਪਿਉ ਵੀ ਕਹਿੰਦੇ ਹਾਂ।

ਅਜੋਕੇ ਸੰਦਰਭ ਵਿੱਚ, ਮਾਂ-ਪਿਉ ਇਹ ਵੀ ਕਹਿੰਦੇ ਹੋਏ ਸੁਣੇ ਜਾ ਸਕਦੇ ਹਨ ਕਿ ਪਹਿਲਾਂ ਬੱਚੇ ਬੜੇ ਸਾਊ ਹੁੰਦੇ ਸੀ (ਬਹੁਤੀ ਵਾਰੀ ਉਨ੍ਹਾਂ ਦਾ ਭਾਵ ਆਪਣੇ ਆਪ ਤੋਂ ਹੁੰਦਾ ਹੈ ਕਿ ਅਸੀਂ ਆਪਣੇ ਜਮਾਨੇ ਵਿੱਚ ਬੜੇ ਭੋਲੇ ਅਤੇ ਸ਼ਰੀਫ ਸੀ) ਤੇ ਹੁਣ ਬੱਚੇ ਬੜੇ ਚੁਸਤ ਹੋ ਗਏ ਹਨ।

ਰਬਿੰਦਰ ਨਾਥ ਟੈਗੋਰ ਨੇ, ਬਚਿਆਂ ਵਾਰੇ ਲਿਖਿਆ ਹੈ ਕਿ ਮਨੁੱਖਤਾ ਦੀ ਸ਼ੁਰੂਆਤ ਤੋਂ ਹੀ ਬੱਚਾ ਉਸੇ ਤਰ੍ਹਾਂ ਦਾ ਹੈ, ਉਸ ਦੀਆਂ ਹਰਕਤਾਂ, ਜਜ਼ਬਾਤਾਂ ਵਿੱਚ ਕੋਈ ਤਬਦੀਲੀ ਨਹੀਂ ਆਈ। ਜੋ ਤਬਦੀਲੀ ਅਸੀਂ ਦੇਖ-ਮਹਿਸੂਸ ਕਰ ਰਹੇ ਹਾਂ, ਉਹ ਸਮੇਂ ਦੀ ਤਬਦੀਲੀ ਹੈ, ਸਮਾਜ ਦੇ ਬਦਲਾਅ ਹਨ।

ਜਦੋਂ ਬੱਚੇ ਦੀ ਸਖਸ਼ੀਅਤ ਉਸਾਰੀ ਜਾਂ ਉਨ੍ਹਾਂ ਨੂੰ ਕੁਝ ਸਮਝਾਉਣ ਦੀ ਗੱਲ ਚਲਦੀ ਹੈ ਜਾਂ ਉਨ੍ਹਾਂ ਦੀ ਸੁਚੇਤ ਪਰਵਰਿਸ਼ ਦੀ ਗੱਲ ਹੁੰਦੀ ਹੈ ਤਾਂ ਅਸੀਂ ਉਨ੍ਹਾਂ ਨੂੰ 'ਬੱਚਾ' ਕਹਿ ਕਹਿ ਕੇ ਸੰਬੋਧਿਤ ਕਰਦੇ ਹਾਂ, ਭਾਵ ਇਨ੍ਹਾਂ ਕੀ ਸਮਝਣਾ ਹੈ, ਹਾਲੇ ਬੱਚਾ ਹੀ ਤਾਂ ਹੈ।

ਇਹ ਸਾਰੇ ਵਿਚਾਰ, ਖਿਆਲ, ਮੱਤ ਤੱਥ ਹੀ ਸਾਡੀ ਬੱਚਿਆਂ ਪ੍ਰਤੀ ਕੱਚੀ ਸਮਝ ਨੂੰ ਉਜਾਗਰ ਕਰਦੇ ਹਨ।

ਅਸੀਂ ਆਪਣੇ ਆਲੇ ਦੁਆਲੇ ਇਹ ਵਰਤਾਰਾ ਅਕਸਰ ਦੇਖਦੇ ਹਾਂ ਕਿ ਜਦੋਂ ਕੋਈ ਸਮੱਸਿਆ ਖੜੀ ਹੁੰਦੀ ਹੈ, ਉਦੋਂ ਅਸੀਂ ਪਰੇਸ਼ਾਨ ਹੁੰਦੇ ਹਾਂ ਤੇ ਕੁਝ ਕਰਨ ਲਈ ਦੌੜ ਭੱਜ ਕਰਦੇ ਹਾਂ। ਇਹੀ ਸਥਿਤੀ ਸਾਡੇ ਧੰਦਿਆਂ ਪ੍ਰਤੀ ਸਮਝ ਅਤੇ ਪੈਦਾ ਹੁੰਦੀਆਂ ਸਮੱਸਿਆਵਾਂ ਉਲਝਣਾਂ ਬਾਰੇ ਵੀ ਹੈ।

ਬੱਚਾ ਕਦੋਂ ਪ੍ਰੌੜ ਹੁੰਦਾ ਹੈ? ਇਸ ਦੀ ਕੋਈ ਨਿਰਧਾਰਤ ਉਮਰ ਹੁੰਦੀ ਹੈ। ਵੱਖ ਵੱਖ ਮਾਹਿਰਾਂ ਵੱਲੋਂ ਇਹ ਕਈ ਦ੍ਰਿਸ਼ਟੀਕੋਨਾਂ ਤੋਂ ਤੈਅ ਹੋਈ ਹੈ। ਸਭ ਦਾ ਆਪਣਾ ਮਕਸਦ ਹੈ। ਬੱਚਿਆਂ ਦੀਆਂ ਬੀਮਾਰੀਆਂ ਦੇ ਮਾਹਿਰ ਡਾਕਟਰ ਚੋਦਾਂ ਸਾਲ ਤੱਕ ਬੱਚੇ ਦਾ ਇਲਾਜ਼ ਕਰਦੇ ਹਨ। ਵੋਟਰ ਬਨਣ ਲਈ ਤੇ ਡਰਾਈਵਿੰਗ ਲਾਈਸੈਂਸ ਹਾਸਿਲ ਕਰਨ ਲਈ ਉਮਰ ਅਠਾਰਾਂ ਸਾਲ ਹੈ। ਵਿਆਹ ਲਈ ਮੁੰਡਾ ਇੱਕੀ ਅਤੇ ਕੁੜੀ ਅਠਾਰਾਂ ਸਾਲ ਦੇ ਹੋਣੇ ਚਾਹੀਦੇ ਹਨ ਤੇ ਵਿਸ਼ਵ ਸਿਹਤ ਸੰਸਥਾ ਬੱਚੇ ਨੂੰ ਦਸ ਸਾਲ ਦੀ ਉਮਰ ਤੇ ਕਿਸ਼ੋਰ ਦਾ ਨਾਂ ਦੇ ਦਿੰਦੀ ਹੈ।

ਇਨ੍ਹਾਂ ਸਾਰੇ ਪੱਖਾਂ ਨੂੰ ਇੱਥੇ ਉਭਾਰਨ ਦਾ ਮਕਸਦ ਹੈ ਕਿ ਸਾਰੇ ਆਪੋ ਆਪਣੇ ਨਜ਼ਰੀਏ ਤੋਂ ਤੈਅ ਕਰ ਰਹੇ ਹਨ। ਮਨੋਵਿਗਿਆਨ, ਸ਼ਰੀਰ ਵਿਗਿਆਨ, ਰਾਜਨੀਤੀ, ਦਰਸ਼ਨ ਆਦਿ। ਪਰ ਮਹੱਤਵਪੂਰਨ ਸਵਾਲ ਹੈ, ਵਿਅਕਤੀ ਨੂੰ ਸਮੁੱਚਤਾ ਵਿੱਚ ਲੈਣ ਦਾ ਕਿਸੇ ਇਕ ਵਿਸ਼ੇ ਦੇ ਮਾਹਿਰ ਨੂੰ ਵੀ ਅਲੱਗ ਅਲੱਗ ਪੜਾਅ ਮੁਤਾਬਿਕ ਅਧਿਐਨ ਦੀ ਲੋੜ ਪੈ ਸਕਦੀ ਹੈ, ਪਰ ਆਪਣੇ ਅਧਿਐਨ ਤੋਂ ਮਗਰੋਂ, ਉਸ ਸਖਸ਼ੀਅਤ ਨੂੰ ਸਾਬਤ ਸਬੂਤੇ ਰੂਪ ਵਿੱਚ ਵੀ ਪੇਸ਼ ਕਰਨਾ ਚਾਹੀਦਾ ਹੈ।

ਕਿਸੇ ਵੀ ਵਿਅਕਤੀ ਦੀ ਸ਼ਖਸੀਅਤ ਉਸਾਰੀ ਲਈ ਅਤੇ ਉਸ ਦੀ ਸ਼ਖ਼ਸੀਅਤ ਨੂੰ ਤੋਰਨ ਲਈ ਜਾਂ ਕਿਸੇ ਵਿਸ਼ੇਸ਼ ਅਲਾਮਤ ਨੂੰ ਸਮਝਣ ਲਈ, ਕੀ ਇਸ ਤਰ੍ਹਾਂ ਸਿਰਫ ਪੜਾਅ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ? ਕੀ ਅਸੀਂ ਕਿਸੇ ਕਿਸ਼ੋਰ ਨੂੰ ਦਸ ਸਾਲ ਦੀ ਉਮਰ ਤੇ ਫੜ ਕੇ ਉੱਨੀ ਸਾਲ ਤਕ ਦੇ ਵਰ੍ਹਿਆਂ ਵਿੱਚ ਸਮਝ ਕੇ, ਉਸ ਦੀ ਹਾਲਤ ਦਾ ਜਾਇਜਾ ਲੈ ਕੇ, ਉਸ ਦੀ ਸਮੱਸਿਆ ਦਾ ਯੋਗ ਹੱਲ ਕੱਢ ਸਕਦੇ ਹਾਂ?

ਹਰ ਸ਼ਖਸ ਦੀ ਖਾਹਿਸ਼ ਹੁੰਦੀ ਹੈ ਕਿ ਉਸ ਦਾ ਬੱਚਾ ਆਗਿਆਕਾਰੀ, ਭਲਾਮਾਨਸ, ਸਾਊ, ਮਾਂ ਪਿਉ ਅਤੇ ਵੱਡਿਆਂ ਦੀ ਇੱਜ਼ਤ ਕਰਨ ਵਾਲਾ ਹੋਵੇ, ਸਭ ਨਾਲ ਪਿਆਰ ਨਾਲ ਪੇਸ਼ ਆਵੇ, ਗੁੱਸਾ ਜਾਂ ਜਿੱਦ ਨਾ ਕਰੇ। ਤੇ ਮਾਂ ਪਿਉ ਇਸ ਦੇ ਲਈ ਆਪਣੀ ਪੂਰੀ ਵਾਹ ਲਗਾਉਂਦੇ ਦਿਸਦੇ ਹਨ। ਉਹ ਕਹਿੰਦੇ ਵੀ ਹਨ ਪਰ ਹਾਲ ਇਹ ਹੈ ਕਿ ਬੱਚੇ ਜਿੱਦੀ ਅਤੇ ਚਿੜਚਿੜੇ ਹਨ, ਕਹਿਣਾ ਨਹੀਂ ਮੰਨਦੇ, ਗੁੱਸਾ ਬਹੁਤ ਕਰਦੇ ਹਨ ਵਗੈਰਾ।

ਇਸੇ ਸੰਦਰਭ ਵਿੱਚ ਇੱਕ ਸਵਾਲ ਦੇ ਰੂਬਰੂ ਹੁੰਦੇ ਹਾਂ ਕਿ ਬੱਚੇ ਨੂੰ ਗੁੱਸਾ ਕਿਸ ਉਮਰ ਤੇ ਆਉਣਾ ਸ਼ੁਰੂ ਹੁੰਦਾ ਹੈ? ਕੀ ਤੁਸੀਂ ਕਹਿ ਸਕਦੇ ਹੋ ਕਿ ਤਿੰਨ ਮਹੀਨੇ ਦਾ ਬੱਚਾ ਵੀ ਗੁੱਸਾ ਕਰਦਾ ਹੈ? ਪਰ ਇਸ ਦਾ ਜਵਾਬ 'ਹਾਂ' ਹੈ। ਗੁੱਸੇ ਦਾ ਕੀ ਕਾਰਨ ਹੁੰਦਾ ਹੈ? ਕੀ ਇਹ ਵੀ ਜਮਾਂਦਰੂ ਲੱਛਣ ਹੈ?

ਸਾਰੇ ਪਹਿਲੂਆਂ ਪ੍ਰਤੀ ਵਾਰ ਵਾਰ ਜਮਾਂਦਰੂ ਪੱਖ ਪੇਸ਼ ਕਰਨ ਦਾ ਕਾਰਨ ਵੀ ਹੈ ਕਿ ਅਸੀਂ ਅਜਿਹਾ ਅਕਸਰ ਅਜਿਹਾ ਸਮਝਦੇ ਹਾਂ। ਜਦੋਂ ਇਹ੍ਹ ਸਮਝ ਬਣਾ ਲਈਏ ਤਾਂ ਫਿਰ ਕਿਸੇ ਕਿਸਮ ਦਾ ਉਚੇਚ ਨਹੀਂ ਕਰਦੇ ਕਿ ਸਥਿਤੀ ਨੂੰ ਬਦਲਿਆ ਜਾਵੇ।

ਜਦੋਂ ਅਸੀਂ ਅੱਜ ਕੱਲ ਦੇ ਬੱਚਿਆਂ ਬਾਰੇ ਚੁਸਤ ਹੋਣ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਸ ਦੇ ਲਈ ਕਿਸ ਨੂੰ ਦੋਸ਼ੀ ਠਹਿਰਾਉਂਦੇ ਹਾਂ ਜਾਂ ਇਸ ਤਰ੍ਹਾਂ ਦੀ ਸਥਿਤੀ ਲਈ ਕੌਣ ਭੂਮਿਕਾ ਨਿਭਾ ਰਿਹਾ ਹੈ? ਕੀ ਛੋਟੇ ਪਰਿਵਾਰ ਹੋਣ ਕਰਕੇ, ਮਾਂ ਪਿਉ ਬੱਚਿਆਂ ਨੂੰ ਵੱਧ ਸਮਾਂ ਦੇਣ ਲੱਗ ਪਏ ਹਨ? ਕੀ ਸਕੂਲ ਅੱਗੇ ਨਾਲੋਂ ਵੱਧ ਚੰਗੇ ਹਨ? ਕੀ ਘਰ ਵਿੱਚ ਖਾਣ ਪੀਣ ਦੀਆਂ ਵੱਧ ਸਹੂਲਤਾਂ ਹਨ? ਜਾਂ ਫਿਰ ਇਸ ਦੇ ਲਈ ਟੀ.ਵੀ. ਜਾਂ ਹੋਰ ਮੀਡੀਆ ਦੇ

ਸਾਧਨ ਜ਼ੁੰਮੇਵਾਰ ਹਨ?

ਵੱਖ ਵੱਖ ਕੋਨਾਂ ਤੋਂ, ਸਖਸ਼ੀਅਤ ਦੀ ਉਸਾਰੀ ਬਾਰੇ ਸਮਝਣ ਦਾ ਇਕ ਮਕਸਦ ਇਹ ਵੀ ਹੈ ਕਿ ਸਾਡੇ ਆਲੇ ਦੁਆਲੇ ਦੀ ਸਥਿਤੀ ਨੂੰ ਘੋਖਿਆ ਜਾਵੇ ਜੋ ਮਨੁੱਖੀ ਸਖਸ਼ੀਅਤ ਨੂੰ ਪ੍ਰਭਾਵਿਤ ਕਰਦੀ ਹੈ।

ਅਸੀਂ ਜਦੋਂ ਬੱਚੇ ਦੀ ਵਧੀਆ ਖੁਰਾਕ, ਚੰਗੇ ਸਕੂਲ ਵਿੱਚ ਪੜ੍ਹਾਈ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਉਸ ਬੱਚੇ ਵਿੱਚੋਂ ਭਵਿੱਖ ਦਾ ਇਕ ਜ਼ੁੰਮੇਵਾਰ ਨੌਜਵਾਨ ਦਿਸ ਰਿਹਾ ਹੁੰਦਾ ਹੈ। ਸਾਨੂੰ ਉਸ ਵਿੱਚੋਂ ਇਕ ਘਰ ਪਰਿਵਾਰ ਨੂੰ ਸੰਭਾਲਣ ਵਾਲਾ, ਮਾਂ ਪਿਉ ਦੀ ਇੱਜ਼ਤ ਕਰਨ ਵਾਲਾ ਇਕ ਸਖਸ਼ ਨਜ਼ਰ ਆ ਰਿਹਾ ਹੁੰਦਾ ਹੈ।

ਅਸੀਂ ਬੱਚਿਆਂ ਪ੍ਰਤੀ ਸੁਚੇਤ ਹੋ ਰਹੇ ਹਾਂ ਜਾਂ ਨਜ਼ਰ ਆ ਰਹੇ ਹਾਂ। ਪਰ ਇਕ ਝਾਤ ਮਾਰ ਕੇ ਦੇਖੀਏ ਕਿ ਅਸੀਂ ਇਸਦੇ ਲਈ ਕੀ ਕੀ ਉੱਦਮ ਕਰ ਰਹੇ ਹਾਂ। ਸਾਡਾ ਸਾਰਾ ਜੋਰ ਖੁਰਾਕ, ਕਪੜਿਆਂ, ਹਿਫਾਜਤੀ ਟੀਕਿਆਂ, ਛੇਤੀ ਤੋਂ ਛੇਤੀ ਤੇ ਨਾਲ ਹੀ ਚੰਗੇ ਏ.ਸੀ.ਸਕੂਲ ਦੀ ਤਲਾਸ਼ ਵਿੱਚ ਲਗ ਰਿਹਾਹੈ। ਸਾਡਾ ਫਿਕਰ ਉਸ ਦੇ ਭਾਰ, ਲੰਬਾਈ, ਦੰਦਾਂ ਦੇ ਨਿਕਲਣ ਤੋਂ ਲੈ ਕੇਸ਼ਬਦ ਵਾਕ ਬੋਲਣ ਤਕ ਸਾਫ ਝਲਕਦਾ ਹੈ। ਭਾਵ ਸਾਨੂੰ ਉਸ ਦੀਆਂ ਸ਼ਰੀਰਿਕ ਸਹੂਲਤਾਂ ਦਾ ਫ਼ਿਕਰ ਹੈ। ਪਰ ਸਾਨੂੰ ਉਸ ਦੀਆਂ ਮਾਨਸਿਕ ਅਤੇ ਜਜ਼ਬਾਤੀ ਲੋੜਾਂ ਦਾ ਅਜੇ ਗਿਆਨ ਨਹੀਂ ਹੈ।

ਇਸ ਦੇ ਉਲਟ, ਅਸੀਂ ਮਾਂ ਪਿਉ, ਬੱਚਾ ਹਾਸਿਲ ਕਰਨ ਤੋਂ ਬਾਅਦ, ਛੇਤੀ ਹੀ ਆਪਣੀ ਨੌਕਰੀ ਤੇ ਮੁੜ ਜਾਣ ਦੇ ਚੱਕਰ ਵਿੱਚ, ਘਰ ਵਿੱਚ ਬਜ਼ੁਰਗ ਜਾਂ ਕਿਸੇ ਸਹਾਰੇ ਆਸਰੇ ਦੀ ਅਣਹੋਂਦ ਵਿੱਚ, ਬੱਚੇ ਦੀਆਂ ਸੁਖ ਸਹੂਲਤਾਂ ਲਈ ਪੈਸਾ ਕਮਾਉਣ ਦੇ ਨਾਂ ਹੇਠ, ਬੱਚਿਆਂ ਨੂੰ ਕਰੈਚ ਵਰਗੀਆਂ ਸੰਸਥਾਵਾਂ ਵਿੱਚ ਭੇਜ ਰਹੇ ਹਾਂ। ਇਸ ਤੋਂ ਬਾਅਦ ਸਕੂਲ ਤੇ ਫਿਰ ਜੇਕਰ ਬੱਚਾ ਸਕੂਲੋਂ ਛੇਤੀ ਘਰ ਆ ਜਾਵੇ ਤਾਂ ਉਨ੍ਹਾਂ ਨੂੰ ਟੀ.ਵੀ. ਅਤੇ ਰਿਮੋਟ ਦੇ ਹਵਾਲੇ ਕਰਦੇ ਹਾਂ।

ਅਸੀਂ ਉਸ ਦੇ ਸ਼ਰੀਰਿਕ ਵਿਕਾਸ ਦੇ ਪੜਾਅ ਤੋਂ ਜਾਣੂ ਹੋਏ ਹਾਂ। ਅਸੀਂ ਬੱਚੇ ਨੂੰ ਸਿਹਤਮੰਦ ਹਾਲਤ ਵਿਚ ਵੀ ਡਾਕਟਰ ਕੋਲ ਲੈ ਜਾਣ ਪ੍ਰਤੀ ਸੁਚੇਤ ਹੋਏ ਹਾਂ। ਅਸੀਂ ਉਸ ਦੇ ਖੁਰਾਕ ਬਾਰੇ ਅੱਗੇ ਹੋ ਕੇ ਪੁੱਛਦੇ ਹਾਂ। ਇਹ ਸਾਰੇ ਚੰਗੇ ਲੱਛਣ ਹਨ। ਪਰ ਇਸ ਪਿੱਛੇ ਸਾਡਾ ਮੰਤਵ ਹੁੰਦਾ ਹੈ ਕਿ ਉਹ ਬੀਮਾਰ ਨਾ ਹੋਵੇ, ਉਸ ਦਾ ਕੱਦ ਕਾਠ ਠੀਕ ਨਿਕਲੇ। ਉਹ ਗੋਲਮਟੋਲ ਜਿਹਾ ਲੱਗੇ।ਅਸੀਂ ਜੋ ਉਸ ਨੂੰ ਕਦਰਾਂ ਕੀਮਤਾਂ ਸਿਖਾਉਣੀਆਂ ਹਨ, ਉਨ੍ਹਾਂ ਨੂੰ ਇੱਕ ਵਧੀਆ ਮਨੁੱਖ ਬਣਾਉਣ ਦੀ ਗੱਲ ਕਰਦੇ ਹਾਂ। ਉਸ ਪ੍ਰਤੀ ਅਸੀਂ ਅਨਜਾਣ ਹਾਂ ਜਾਂ ਅਵੇਸਲੇ ਹਾਂ।

ਸਾਡੇ ਮਨੋਵਿਗਿਆਨੀਆਂ ਦੀ ਇਹੋ ਕੋਸ਼ਿਸ਼ ਰਹੀ ਹੈ ਕਿ ਜਨਮ ਤੋਂ ਲੈ ਕੇ ਅੰਤ ਤਕ (ਬੱਚੇ ਤੋਂ ਬੁਢਾਪੇ ਤੱਕ) ਹਰ ਪੜਾਅ ਦੇ ਸਖਸ਼ ਦੀ ਮਾਨਸਿਕਤਾ ਅਤੇ ਉਸ ਦੀ ਸ਼ਖ਼ਸੀਅਤ ਨੂੰ ਉਸਾਰਨ ਅਤੇ ਪ੍ਰਭਾਵਿਤ ਕਰਨ ਵਾਲੇ ਕਾਰਨਾਂ ਨੂੰ ਤਲਾਸ਼ਿਆ ਜਾਵੇ।

ਇਹੀਂ ਇਕੋ ਇੱਕ ਢੰਗ ਹੈ ਕਿ ਅਸੀਂ ਕਾਰਨਾਂ ਨੂੰ ਪਛਾਣ ਕੇ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਦਿਸ਼ਾ ਤਲਾਸ਼ ਸਕਾਂਗੇ। ਫਰਾਉਡ ਤੋਂ ਸ਼ੁਰੂ ਹੋ ਕੇ ਜੁੰਗ, ਐਡਲਰ, ਅਰਿਕਸ਼ਨ, ਪਿਆਜ਼ੇ, ਫਰੌਮ, ਹੋਰਨੇ, ਮੈਸਲੋ ਆਦਿ ਤੱਕ ਸਭ ਨੇ ਆਪਣੇ ਆਪਣੇ ਮੱਤ ਉਭਾਰੇ ਹਨ। ਕਈ ਵਿਚਾਰਕ ਮਨੁੱਖੀ ਸ਼ਖ਼ਸੀਅਤ ਨੂੰ ਮਨੁੱਖ ਦੀ ਅੰਦਰਲੀ ਦੁਨੀਆਂ ਤੋਂ ਲੈਂਦੇ ਹਨ ਤੇ ਕਈ ਇਸ ਨੂੰ ਬਾਹਰਲੀ (ਸਮਾਜੀ ਸੱਭਿਆਚਾਰਕ) ਦੁਨੀਆਂ ਦੇ ਪ੍ਰਭਾਵਾਂ ਦਾ ਸਿੱਟਾ ਕਹਿੰਦੇ ਹਨ। ਪਰ ਬਹੁਤ ਮਨੋਵਿਗਿਆਨੀ ਮਨੁੱਖ ਦੇ ਨਿੱਜ ਤੇ ਜੋਰ ਦਿੰਦੇ ਹਨ, ਸਮਾਜ ਤੇ ਘੱਟ, ਪਰ ਬਾਹਰਲੀ ਦੁਨੀਆਂ ਨੂੰ, ਸਮਾਜਿਕ ਮਾਹੌਲ ਨੂੰ ਕੋਈ ਵੀ ਅੱਖੋਂ ਓਹਲੇ ਨਹੀਂ ਕਰਦਾ।

ਅਰਿਕ ਅਰਿਕਸ਼ਨ ਨੇ ਆਪਣੇ ਅਧਿਐਨ ਵਿੱਚ, ਮਨੁੱਖ ਦੇ ਅੱਠ ਪੜਾਆਂ ਦਾ ਜ਼ਿਕਰ ਕੀਤਾ ਹੈ ਤੇ ਹਰ ਪੜਾਅ ਨੂੰ ਸ਼ਖ਼ਸੀਅਤ ਉਸਾਰੀ ਦਾ ਵਿਸ਼ੇਸ਼ ਪੜਾਅ ਮੰਨਿਆ ਹੈ।

ਪਿਛਲੇ ਪੰਨਿਆਂ ਤੇ ਆਪਾਂ ਇਹ ਗੱਲ ਛੋਹੀ ਸੀ ਕਿ ਕੀ ਤਿੰਨ ਮਹੀਨੇ ਦੇ ਬੱਚੇ ਨੂੰ ਗੁੱਸਾ ਆਉਂਦਾ ਹੈ? ਤੇ ਜਵਾਬ ਵੀ ਦਿੱਤਾ ਸੀ ਕਿ 'ਹਾਂ'। ਪਰ ਕਦੋਂ ਤੇ ਕਿਵੇਂ ਤੇ ਨਾਲ ਹੀ ਕੀ ਕਾਰਨ ਹੁੰਦਾ ਹੈ। ਬੱਚਾ ਆਪਣੀ ਭੁੱਖ ਅਤੇ ਆਪਣੇ ਅਸੁਖਾਵੇਂ ਮਾਹੌਲ ਵੇਲੇ (ਕੱਪੜੇ ਗਿੱਲੇ ਹੋਣ ਤੇ) ਮਾਂ ਨੂੰ ਸੁਨੇਹਾ ਦਿੰਦਾ ਹੈ। ਪਹਿਲਾਂ ਉਹ ਕੂ-ਕੂ ਕਰਦਾ ਹੈ। ਜੇ ਮਾਂ ਨਾ ਸੁਣੇ ਤਾਂ ਉਹ ਕੁਝ ਉੱਚੇ ਸੁਰ ਵਿੱਚ ਆਵਾਜ਼ਾਂ ਕੱਢਦਾ ਹੈ ਤੇ ਆਖਿਰ ਰੋਂਦਾ ਹੈ। ਉਸ ਦਾ ਰੋਣਾ ਗੁੱਸੇ ਦਾ ਪ੍ਰਗਟਾਵਾ ਹੈ। ਉਹ ਦਰਸ਼ਾ ਰਿਹਾ ਹੈ ਕਿ ਉਸ ਦੀ ਸੁਣੀ ਨਹੀਂ ਜਾ ਰਹੀ। ਮਾਂ ਆਉਂਦੀ ਹੈ ਤੇ ਉਹ ਮੂੰਹ ਵਿੱਚ ਬੁੜ ਬੁੜ ਕਰਦੀ ਹੈ, ਖਿੱਝਦੀ ਹੈ, ਬੱਚੇ ਤੇ ਵੀ ਗੁੱਸਾ ਕਰਦੀ ਹੈ। ਗੁੱਸੇ ਦਾ ਕਾਰਨ ਹੈ ਉਸ ਦੇ ਅਸੁਖਾਵੇਂ ਪਲਾਂ (ਭੁੱਖ, ਪਿਆਸ ਜਾਂ ਗਿੱਲੇਪਨ ਕਾਰਨ) ਵਿਚ ਉਸ ਦਾ ਧਿਆਨ ਨਾ ਰੱਖਣਾ।

ਇਸੇ ਤਰ੍ਹਾਂ ਜਨਮ ਤੋਂ ਲੈ ਕੇ ਅੰਤ ਤਕ ਅਜਿਹੇ ਪਲ ਆਉਂਦੇ ਹਨ। ਇਨ੍ਹਾਂ ਪਲਾਂ ਦਾ ਅਧਿਐਨ ਕਰਦੇ ਹੋਏ, ਸਾਡਾ ਇਹ ਗੱਲ ਉਲੀਕਣ ਦਾ ਮੰਤਵ ਹੈ ਕਿ ਹਾਲਾਤਾਂ ਨੇ ਮਨੁੱਖ ਦੀ ਸ਼ਖ਼ਸੀਅਤ ਨੂੰ ਸੱਟ ਮਾਰੀ, ਜਿਸ ਦਾ ਨਤੀਜਾ ਬੇਚੈਨੀ, ਪਰੇਸ਼ਾਨੀ ਅਤੇ ਅਸੁਖਾਵੇਂਪਨ ਵਿੱਚ ਨਿਕਲਿਆ। ਇੱਥੋਂ ਇਹ ਤਾਂ ਸਪਸ਼ਟ ਹੋਣਾ ਹੈ ਕਿ ਇਨ੍ਹਾਂ ਘਟਨਾਵਾਂ ਪ੍ਰਤੀ ਕੀ ਰੁੱਖ ਅਪਣਾਇਆ ਜਾਵੇ ਕਿ ਹਾਲਾਤ ਸੁਖਾਵੇਂਪਣ ਵਿਚ ਬਦਲਣ ਜਾਂ ਅਜਿਹੀ ਨੌਬਤ ਹੀ ਨਾ ਆਵੇ।

ਜ਼ਿੰਦਗੀ ਦੇ ਵੱਖ ਵੱਖ ਪੜਾਆਂ ਨੂੰ ਜੇਕਰ ਅਧਿਐਨ ਕਰੀਏ ਤਾਂ ਕੁਝ ਕੁ ਪਹਿਲੂ ਇਸ ਤਰ੍ਹਾਂ ਸਮਝੇ ਜਾ ਸਕਦੇ ਹਨ:

ਬੱਚਾ ਜਦੋਂ ਪੈਦਾ ਹੁੰਦਾ ਹੈ, ਉਸ ਦੀ ਆਪਣੀ ਸ਼ਰੀਰਕ ਲੋੜ ਲਈ ਮਾਂ ਉਸ ਨੂੰ ਦੁੱਧ ਮੁਹੱਈਆ ਕਰਵਾਉਂਦੀ ਹੈ। ਬੱਚਾ, ਮਾਂ ਦੀ ਛਾਤੀ ਨਾਲ ਲੱਗ ਕੇ, ਮਾਂ ਦੇ ਦੁੱਧ ਨਾਲ ਸਿਰਫ ਆਪਣੀ ਭੁੱਖ ਹੀ ਨਹੀਂ ਮਿਟਾ ਰਿਹਾ ਹੁੰਦਾ, ਨਾਲ ਹੀ ਉਸ ਨੂੰ ਮਾਂ ਦਾ ਪਿਆਰ ਅਤੇ ਨੇੜਤਾ ਵੀ ਮਿਲ ਰਹੇ ਹੁੰਦੇ ਹਨ। ਬੱਚੇ ਨੂੰ ਇਸ ਤਰ੍ਹਾਂ ਸੰਤੁਸ਼ਟੀ ਅਤੇ ਸੁਰੱਖਿਆ ਦਾ ਅਹਿਸਾਸ ਹੁੰਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਉਸ ਦੀ ਲੋੜ ਨੂੰ ਪੂਰਾ ਕਰਨ ਵਾਲਾ ਕੋਈ ਹੈ। ਇਸ ਤਰ੍ਹਾਂ ਮਾਂ ਅਤੇ ਬੱਚੇ ਵਿੱਚ ਵਿਸ਼ਵਾਸ਼ ਦਾ ਰਿਸ਼ਤਾ ਬਣਦਾ ਹੈ। ਇਸ

ਰਿਸ਼ਤੇ ਰਾਹੀਂ ਬੱਚਾ ਵਿਸ਼ਵਾਸ ਹਾਸਿਲ ਵੀ ਕਰਦਾ ਹੈ ਤੇ ਵਿਸ਼ਵਾਸ਼ ਕਰਨਾ ਵੀ ਸਿੱਖਦਾ ਹੈ।

ਵਿਸ਼ਵਾਸ ਵਿਅਕਤੀ ਨੂੰ ਜ਼ਿੰਦਗੀ ਪ੍ਰਤੀ ਆਸ਼ਾਵਾਦੀ ਬਣਾਉਂਦਾ ਹੈ। ਬੱਚਾ ਇਹ ਸੁਨੇਹਾ ਹਾਸਿਲ ਕਰਦਾ ਹੈ ਕਿ ਇਹ ਦੁਨੀਆਂ ਇਕ ਖੂਬਸੂਰਤ ਥਾਂ ਹੈ, ਇਥੋਂ ਦੇ ਲੋਕ ਬੜੇ ਪਿਆਰੇ ਹਨ ਤੇ ਯਕੀਨ ਕੀਤੇ ਜਾਣ ਵਾਲੇ ਹਨ।

ਅਗਲੇ ਪੜਾਅ ਤੇ ਬੱਚਾ ਜਦੋਂ ਟੱਟੀ ਪੇਸ਼ਾਬ ਦੀ ਤਾਂਘ ਨੂੰ ਕਾਬੂ ਕਰਨਾ ਸਿੱਖ ਰਿਹਾ ਹੁੰਦਾ ਹੈ, ਮਾਂ ਬਾਪ ਉਸ ਨੂੰ ਹਿਦਾਇਤ ਕਰਦੇ ਹਨ ਕਿ ਅਜਿਹੀ ਹਾਲਤ ਵਿੱਚ ਉਹ ਦੱਸੇ ਕਿ ਉਸ ਦੀ ਮਦਦ ਕੀਤੀ ਜਾਵੇ ਤੇ ਫਿਰ ਹੌਲੀ ਹੌਲੀ ਖੁਦ ਪਖਾਨੇ ਤਕ ਪਹੁੰਚਣਾ ਸਿੱਖੇ। ਇਹ ਸਿਖਲਾਈ, ਬੱਚੇ ਨੂੰ ਮਾਂ ਪਿਉ ਤੋਂ ਅਜ਼ਾਦੀ ਦਾ ਅਹਿਸਾਸ ਕਰਵਾਉਂਦੀ ਹੈ।ਉਸ ਨੂੰ ਲਗਦਾ ਹੈ ਕਿ ਮਾਂ ਪਿਉ ਦੀ ਮਦਦ ਤੋਂ ਬਿਨਾਂ, ਉਹ ਖੁਦ ਇਹ ਕੰਮ ਨਿਪਟਾ ਸਕਦਾ ਹੈ।

ਇਸ ਤੋਂ ਅਗਲੀ ਸਥਿਤੀ ਵਿੱਚ, ਲਗਭਗ ਤਿੰਨਸਾਲ ਦੀਉਮਰ ਤੋਂ ਬੱਚਾ ਤੁਰ ਫਿਰ ਕੇ ਏਧਰ ਉੱਧਰ ਪਈਆਂ ਚੀਜਾਂ ਨੂੰ ਫਰੋਲਦਾ ਹੈ। ਉਹ ਹਮ ਉਮਰ ਬੱਚਿਆਂ ਵਿੱਚ ਖੇਡਣ ਦਾ ਚਾਹਵਾਨ ਹੁੰਦਾ ਹੈ। ਆਪਸੀ ਖੇਡ ਦੌਰਾਨ ਉਹ ਖੁਦ ਤਾਂ ਕੰਮ ਕਰਨਾ ਚਾਹੁੰਦਾ ਹੈ, ਨਾਲ ਹੀ ਕੰਮ ਕਰਨ ਲਈ ਪਹਿਲ ਵੀ ਕਰਦਾ ਹੈ। ਉਹ ਪੂਰੇ ਵਿਸ਼ਵਾਸ਼ ਅਤੇ ਆਜ਼ਾਦੀ ਨਾਲ ਤੁਰਨ ਦੀ ਲਾਲਸਾ ਵਿੱਚ, ਮਾਂ ਪਿਉ ਤੋਂ ਉਂਗਲ ਛੁੜਾ ਕੇ ਤੁਰਨਾ ਚਾਹੁੰਦਾ ਹੈ। ਜੋ ਕੁਝ ਵੀ ਲੁਕਿਆ ਛੁਪਿਆ ਹੈ ਜਾਂ ਜਿਸ ਕਾਰਨ ਲਈ ਵੀ ਰੋਕਿਆ ਟੋਕਿਆ ਜਾਂਦਾ ਹੈ, ਉਹ ਉਸ ਨੂੰ ਕਰਨਾ ਚਾਹੁੰਦਾ ਹੈ। ਉਹ ਆਪਣੇ ਢੰਗ ਵੀ ਤਲਾਸ਼ਦਾ ਹੈ ਤੇ ਉਸ ਤਰੀਕੇ ਨਾਲ ਤੁਰਦਾ ਹੈ।

ਤਕਰੀਬਨ ਛੇ ਸੱਤ ਵਰ੍ਹਿਆਂ ਦੀ ਉਮਰ ਤੇ ਉਹ ਆਪਣੇ ਹੱਥੀਂ, ਬਿਨਾ ਕਿਸੇ ਦੀ ਮਦਦ ਜਾਂ ਹਿਦਾਇਤ ਦੇ ਕੰਮ ਕਰਨਾ ਚਾਹੁੰਦਾ ਹੈ ਤੇ ਉਸ ਦੀ ਇੱਛਾ ਹੁੰਦੀ ਹੈ ਕਿ ਉਹ ਇਸ ਕਾਰਜ ਵਿੱਚ ਮੁਹਾਰਤ ਹਾਸਿਲ ਕਰੇ। ਘਰੇ ਉਹ ਮਾਂ ਪਿਉ ਵੱਲੋਂ ਹੋ ਰਹੇ ਕੰਮ ਕਰਦਾ ਹੈ, ਜੋ ਕਿ ਮਾਂ ਪਿਉ ਨੂੰ 'ਨਕਲ' ਲਗਦੇ ਹਨ, ਸਕੂਲ ਵਿੱਚ ਉਹ ਪ੍ਰੈਕਟੀਕਲ ਕਰਦਾ ਹੈ। ਡਰਾਇੰਗ ਕਰਦੇ ਹੋਏ ਉਹ ਆਪਦੀ ਮਨ ਮਰਜ਼ੀ ਨਾਲ ਰੰਗ ਭਰਨ ਦਾ ਇੱਛੁਕ ਹੁੰਦਾ ਹੈ। ਇਹ ਬਚਪਨ ਦੇ ਚਾਰ ਪੜਾਅ ਹਨ। ਇਨ੍ਹਾਂ ਚਾਰਾਂ ਪੜਾਆਂ ਵਿੱਚ ਕੁੱਝ ਕੁੱਝ ਵੱਖਰੀ ਵਿਸ਼ੇਸ਼ਤਾ ਹੈ। ਹਰ ਪੜਾਅ ਤੇ ਕੁਝ ਨਾ ਕੁਝ ਜੁੜ ਰਿਹਾ ਹੈ, ਪਰ ਹਰ ਪਹਿਲਾ ਪੜਾਅ, ਲੰਘੇ ਪੜਾਅ ਲਈ ਬੁਨਿਆਦ ਹੁੰਦਾ ਹੈ ਤੇ ਪਹਿਲੇ ਪੜਾਅ ਦੀ ਵਿਸ਼ੇਸ਼ਤਾ ਵਿਚ ਹੀ ਅਗਲਾ ਪੜਾਅ ਜੁੜਦਾ ਹੈ।

ਮੰਨ ਲਵੋ ਜਨਮ ਤੋਂ ਬਾਅਦ ਮਾਂ ਦੀ ਮੌਤ ਹੋ ਜਾਂਦੀ ਹੈ, ਬੱਚਾ ਕਿਸੇ ਗੈਰ ਜਾਂ ਅਨਾਥ ਆਸ਼ਰਮ ਵਿੱਚ ਪਲਦਾ ਹੈ। ਬੱਚੇ ਨੂੰ ਭਰੋਸੇ ਯੋਗਤਾ ਦਾ ਸੁਨੇਹਾ ਨਹੀਂ ਮਿਲਦਾ। ਇਵੇਂ ਹੀ ਟਾਇਲੈੱਟ ਟ੍ਰੇਨਿੰਗ ਦੌਰਾਨ ਮਾਂ ਪਿਉ ਵੱਲੋਂ ਵਾਧੂ ਹਿਦਾਇਤਾਂ ਝਿੜਕਣਾ ਜਾਂ ਸਿਖਾਈ ਸਮਝਾਈ ਗਈ ਗੱਲ ਨੂੰ ਉਨ੍ਹਾਂ ਮੁਤਾਬਿਕ ਸਿਰੇ ਨਾ ਚੜਾ ਸਕਣ ਵੇਲੇ ਥੱਪੜ ਮਾਰਨਾ, ਬੱਚੇ ਦੇ ਮਨ ਵਿੱਚ ਡਰ ਪੈਦਾ ਕਰਦਾ ਹੈ ਤੇ ਉਹ ਸਗੋਂ ਇਸ ਕੰਮ ਨੂੰ ਕਰਨ ਵਿਚ ਅਸਮਰਥਤਾ ਦਿਖਾਉਂਦਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਹੋਣ ਲੱਗਦਾ ਹੈ ਕਿ ਉਹ ਨਲਾਇਕ ਹੈ। ਇਸ ਤਰ੍ਹਾਂ ਜੇਕਰ ਬੱਚੇ ਨੂੰ ਕਦਮ ਕਦਮ ਤੇ ਰੋਕਿਆ ਟੋਕਿਆ ਜਾਵੇਗਾ ਤਾਂ ਨਿਸ਼ਚਿਤ ਹੀ ਉਹ ਇਸੇ ਪੜਾਅ ਤੇ ਅਟਕ ਜਾਵੇਗਾ ਤੇ ਅਗਲੇ ਪੜਾਅ ਦਾ ਗੁਣ ਹਾਸਿਲ ਨਹੀਂ ਕਰ ਪਾਵੇਗਾ। ਅਜੋਕੇ ਸਮੇਂ ਵਿੱਚ ਮਾਂ ਪਿਉ ਅੰਦਰ ਬੱਚਿਆਂ ਨੂੰ ਛੇਤੀ ਵੱਡਾ ਹੁੰਦਾ ਦੇਖਣ, ਛੇਤੀ ਤੋਂ ਛੇਤੀ ਪੜ੍ਹਣ ਦੀ ਕਾਹਲ ਵੀ ਇਕ ਅਜਿਹਾ ਕਾਰਨ ਹੈ। ਨਾਲ ਹੀ ਜਦੋਂ ਅਸੀਂ ਬੱਚਿਆਂ ਦੀ ਆਪਸੀ ਤੁਲਨਾ ਕਰਦੇ ਹਾਂ ਕਿ ਫਲਾਂ ਬੱਚਾ ਦੇਖ ਕਿਵੇਂ ਸਭ ਕੁਝ ਦੱਸ ਦਿੰਦਾ ਹੈ, ਤੇਰਾ ਵੱਡਾ ਭਰਾ ਸਾਲ ਦਾ ਹੀ ਸੀ ਤੇ ਸਭ ਕੁਝ ਦਸ ਦਿੰਦਾ ਸੀ ਤੇ ਤੂੰ ਡੇਢ ਸਾਲ ਦਾ ਹੋਣ ਨੂੰ ਆ ਗਿਆ...। ਇਸ ਤਰ੍ਹਾਂ ਕਰ ਕੇ ਵੀ ਅਸੀਂ ਬੱਚੇ ਦਾ ਨੁਕਸਾਨ ਵੱਧ ਕਰ ਰਹੇ ਹੁੰਦੇ ਹਾਂ।

ਤਿੰਨ ਸਾਲ ਦੇ ਬੱਚੇ ਨੂੰ ਪਲੇ-ਪੈਨ ਜਾਂ ਨਰਸਰੀ, ਕੇ.ਜੀ. ਵਿੱਚ ਭੇਜ ਕੇ ਮਾਂ ਪਿਉ ਉਸ ਤੋਂ ਵਧੀਆ ਪੜਾਈ, ਚੰਗੇ ਗ੍ਰੇਡਾਂ ਦੀ ਆਸ ਕਰਦੇ ਹਨ। ਘਰ ਵਿੱਚ ਜੇ ਲੜਕੀ ਮਾਂ ਨਾਲ ਕੱਪੜੇ ਧੁਆਉਣ, ਸਫਾਈ ਜਾਂ ਪੋਚਾ ਮਾਰਨ, ਕਿਸੇ ਕਮੀਜ ਦਾ ਬਟਨ ਲ ਗਾਉਣ ਤੇ ਇਸੇ ਤਰ੍ਹਾਂ ਲੜਕੇ ਵੱਲੋਂ ਕਾਰ ਸਕੂਟਰ ਧੋਣ ਜਾਂ ਬਗੀਚੀ ਵਿਚ ਕੰਮ ਕਰਨ ਲਈ ਅੱਗੇ ਵਧਿਆ ਜਾਂਦਾ ਹੈ ਤਾਂ ਮਾਂ ਪਿਉ ਇਸ ਨੂੰ ਫਜ਼ੂਲ ਦਾ ਕੰਮ ਕਹਿੰਦੇ ਹਨ ਤੇ ਬੱਚੇ ਨੂੰ ਹੋਮ ਵਰਕ, ਕਾਪੀ ਦੇ ਨਾਲ ਜੁੜਣ ਨੂੰ ਕਹਿੰਦੇ ਹਨ।ਉਸ ਦੀ ਕੰਮ ਕਰਨ ਦੀ ਭਾਵਨਾ, ਅੱਗੇ ਹੋ ਕੇ ਮਦਦ ਕਰਨ ਜਾਂ ਕਿਸੇ ਕੰਮ ਲਈ ਪਹਿਲ ਕਰਨ ਦੀ ਭਾਵਨਾ ਦੱਬ ਕੇ ਰਹਿ ਜਾਂਦੀ ਹੈ।

ਸਕੂਲੀ ਪੱਧਰ ਤੇ, ਬੱਚੇ ਵੱਲੋਂ ਘੱਟ ਨੰਬਰ ਜਾਂ ਛੋਟਾ ਗ੍ਰੇਡ ਲੈਣ ਤੇ ਉਸ ਨੂੰ ਅਸਫਲ ਰਹਿਣ ਦਾ ਅਹਿਸਾਸ ਕਰਵਾ ਕੇ, ਅਸੀਂ ਬੱਚੇ ਨੂੰ ਹੀਣ ਭਾਵਨਾ ਦਾ ਸ਼ਿਕਾਰ ਬਣਾ ਰਹੇ ਹੁੰਦੇ ਹਾਂ। ਇਸ ਨਾਲ ਬੱਚੇ ਦਾ ਮਾਨਸਿਕ ਵਿਕਾਸ ਰੁਕ ਜਾਂਦਾ ਹੈ ਤੇ ਉਹ ਅਗਲੇ ਮਹੱਤਵਪੂਰਣ ਪੜਾਆਂ ਨੂੰ ਠੀਕ ਢੰਗ ਨਾਲ ਨੇਪਰੇ ਨਹੀਂ ਚੜ੍ਹਾ ਸਕਦਾ।

ਇਨ੍ਹਾਂ ਪੜਾਆਂ ਦੀ ਨਿਰੰਤਰਤਾ ਜ਼ਰੂਰੀ ਹੈ। ਬੱਚੇ ਵਿਚ ਵਿਸ਼ਵਾਸ਼ ਪੈਦਾ ਹੋਣਾ, ਉਸ ਨੂੰ ਆਪਣੇ ਕੰਮ ਤੇ ਕਾਬੂ ਪਉਣ ਵਿੱਚ ਮਦਦ ਕਰਦਾ ਹੈ। ਜਦੋਂ ਕਿਸੇ ਨੂੰ ਆਪਣੇ ਕੰਮ ਢੰਗ ਤੇ ਭਰੋਸਾ ਹੋਵੇ ਤਾਂ ਉਹ ਪਹਿਲ ਕਰਨ ਦੇ ਕਾਬਲ ਹੁੰਦਾ ਹੈ ਤੇ ਨਵੇਂ ਕਾਰਜ ਕਰਦਾ ਹੈ ਤੇ ਇਸ ਤਰ੍ਹਾਂ ਕਰਦੇ ਹੋਏ ਉਸ ਨੂੰ ਆਪਣੇ ਕੰਮ ਵਿੱਚ ਮੁਹਾਰਤ ਹਾਸਿਲ ਹੁੰਦੀ ਹੈ।

ਆਪਣੇ ਆਪ 'ਤੇ ਅਤੇ ਹੋਰਨਾਂ ਤੇ ਵਿਸ਼ਵਾਸ਼ ਕਰਨ ਨਾਲ, ਸਾਨੂੰ ਜ਼ੁੰਮੇਵਾਰੀ ਦਾ ਅਹਿਸਾਸ ਹੁੰਦਾ ਹੈ। 'ਉਸ ਨੇ ਮੇਰੇ ਤੇ ਕਿੰਨਾ ਭਰੋਸਾ ਕੀਤਾ ਹੈ ਤੇ ਮੈਨੂੰ ਵੀ...' ਆਪਣੇ ਉਪਰ ਜ਼ੁੰਮੇਵਾਰੀ ਲੈਣ ਨਾਲ ਸਾਨੂੰ ਸੁਰੱਖਿਆ ਦਾ ਅਹਿਸਾਸ ਹੁੰਦਾ ਹੈ ਦੂਸਰਿਆਂ ਤੇ ਭਰੋਸਾ ਸਾਨੂੰ ਹਿੰਮਤ ਦਿੰਦਾ ਹੈ।

ਇਸ ਤਰ੍ਹਾਂ ਹਰ ਪੜਾਅ ਤੇ ਕੀ ਸਹਿਜ ਹੈ, ਉਸ ਦੇ ਮੁਤਾਬਿਕ ਬੱਚੇ ਦੀ ਸ਼ਖ਼ਸੀਅਤ ਉਸਾਰੀ ਕਰਨੀ ਚਾਹੀਦੀ ਹੈ। ਹਰ ਪੜਾਅ ਵਿੱਚ ਮੁਸ਼ਕਿਲਾਂ ਚੁਣੌਤੀਆਂ ਹੋ ਸਕਦੀਆਂ ਹਨ। ਪਰ

ਉਸ ਨੂੰ ਸਮਝਾਂਗੇ ਤਾਂ ਉਸੇ ਪੜਾਅ ਤੇ ਹੀ ਉਸ ਨੂੰ ਠੀਕ ਕਰਨ ਦਾ ਉਪਰਾਲਾ ਵੀ ਕਰਾਂਗੇ। ਇਹ ਅਗਲੇ ਪੜਾਅ ਨੂੰ ਸਹਿਜਤਾ ਨਾਲ ਲੈਣ ਲਈ ਮਹੱਤਵਪੂਰਨ ਗੱਲ ਹੈ। ਅਸੀਂ ਜੇਕਰ ਕਿਸੇ ਪੜਾਅ ਤੇ ਗਲਤ ਕਰਦੇ ਹਾਂ ਜ ਬੱਚੇ ਤੋਂ ਗਲਤ ਹੁੰਦਾ ਹੈ ਤਾਂ ਉਸ ਨੂੰ ਤੇ ਖੁਦ ਵੀ ਗਲਤੀ ਦਾ ਅਹਿਸਾਸ ਨਹੀਂ ਕਰਾਂਗੇ ਜਾਂ ਗਲਤੀ ਦੀ ਜ਼ੁੰਮੇਵਾਰੀ ਨਹੀਂ ਲਵਾਂਗੇ ਤਾਂ ਅਗਲੇ ਪੜਾਅ ਤੇ ਚੰਗਾ ਵਿਵਹਾਰ ਵੀ ਨਹੀਂ ਕਰ ਸਕਾਂਗੇ।

ਮਨੁੱਖ ਦੀ ਵਿਕਾਸ ਯਾਤਰਾ ਤੇ ਨਜ਼ਰ ਮਾਰੀਏ ਤਾਂ ਮਨੁੱਖ ਦੀ ਵਿਸ਼ੇਸ਼ਤਾ ਕੀ ਹੈ? ਉਸ ਦੇ ਲਈ ਕੁਝ ਪਹਿਲੂ ਇਹ ਗਿਣ ਸਕਦੇ ਹਾਂ ਕਿ ਮਨੁੱਖ ਦੀ ਬੌਧਿਕਤਾ ਦਾ ਪੱਧਰ ਸਭ ਤੋਂ ਉੱਚਾ ਹੈ, ਮਨੁੱਖ ਉਚੇਚੇ ਤੌਰ ਤੇ, ਸੁਚੇਤ ਰੂਪ ਵਿੱਚ, ਸੂਝ ਨਾਲ ਦੁਨੀਆਂ ਵਿੱਚ ਆਪਣੀ ਥਾਂ ਬਣਾ ਸਕਿਆ ਹੈ, ਜੇ ਉਸ ਨੇ ਕੁਝ ਜਜ਼ਬਾਤੀ ਤੌਰ ਤੇ ਵੀ ਹਾਸਿਲ ਕੀਤਾ ਹੈ, ਉਸ ਨੂੰ ਵੀ ਸੋਚ ਵਿਚਾਰ ਕੇ, ਬੁੱਧੀ ਦੇ ਇਸਤੇਮਾਲ ਨਾਲ, ਉਸ ਪਹਿਲੂ ਦੇ ਤੱਤ ਸਾਰ ਨੂੰ ਅਪਣਾਇਆ ਹੈ ਅਤੇ ਭਵਿੱਖ ਲਈ ਇਕ ਸੂਝ ਭਰੀ ਵਿਉਂਤ ਬਣਾਉਣ ਦੇ ਕਾਬਿਲ ਹੋਇਆ ਹੈ। ਇਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਦਾ ਕੇਂਦਰ ਹੈ–ਸੂਝ।

ਇਨ੍ਹਾਂ ਵਿਸ਼ੇਸ਼ਤਾਵਾਂ ਨੂੰ, ਇਸ ਸੂਝ ਦੇ ਵੱਖ ਵੱਖ ਪਰਿਪੇਖਾਂ ਨੂੰ ਕਿਸ ਉਮਰ ਤੋਂ ਸ਼ੁਰੂ ਹੁੰਦਾ ਮੰਨਿਆ ਜਾਵੇ? ਕੀ ਇਹ ਸਾਰੇ ਪੱਖ ਜਮਾਂਦਰੂ ਹਨ?

ਜੇਕਰ ਇਹ ਸਾਰੇ ਗੁਣ, ਮਨੁੱਖ ਨੂੰ ਉਸ ਦੀ ਜੀਵ ਵਿਕਾਸ ਯਾਤਰਾ ਦੌਰਾਨ ਮਿਲੇ ਹਨ ਅਤੇ ਸਾਰਿਆਂ ਲਈ ਸਾਂਝੇ ਹਨ ਤਾਂ ਫਿਰ ਮਨੁੱਖਾਂ ਵਿੱਚ, ਇਸ ਦੀ ਸਮਝ ਲਈ ਏਨੇ ਵਖਰੇਵੇਂ ਕਿਉਂ ਹਨ? ਇਨ੍ਹਾਂ ਵਖਰੇਵਿਆਂ ਦੇ ਕੀ ਕਾਰਨ ਹਨ? ਸ਼ਖ਼ਸੀਅਤ ਦੀ ਉਸਾਰੀ ਤੋਂ ਲੈ ਕੇ, ਲੋਕਾਂ ਦੇ ਸੁਭਾਅ, ਵਿਵਹਾਰ ਅਤੇ ਸੂਝ ਦੀ ਵਰਤੋਂ ਲਈ ਸਾਰੇ ਵੱਖ ਵੱਖ ਸਮਰਥਾ ਕਿਉਂ ਰੱਖਦੇ ਹਨ?

ਇਹ ਸਾਰੇ ਸਵਾਲ ਉੱਠਣੇ ਚਾਹੀਦੇ ਹਨ? ਬਹੁਤੀ ਵਾਰੀ ਉੱਠਦੇ ਵੀ ਹਨ। ਇਹ ਸਵਾਲ ਸੁੱਟ ਪਾਉਣ ਵਾਲੇ ਨਹੀਂ ਹਨ। ਇਹ ਸਵਾਲ ਖੜ੍ਹੇ ਹੋਣਗੇ ਤਾਂ ਹੀ ਅਸੀਂ ਕੋਈ ਨਤੀਜਾ ਕੱਢ ਕੇ, ਅੱਗੇ ਵਧਾਂਗੇ।

ਬੱਚਿਆਂ ਦੀ ਸ਼ਖ਼ਸੀਅਤ ਉਸਾਰੀ ਵਿੱਚ, ਮੁਢਲੇ ਦਿਨਾਂ ਵਿੱਚ ਉਨ੍ਹਾਂ ਦੇ ਮਾਨਸਿਕ ਵਿਕਾਸ ਵਿਚ ਤ੍ਰੇੜ ਆਉਣ ਦੇ ਕੁਝ ਕੁ ਪਹਿਲੂਆਂ ਬਾਰੇ ਆਪਾਂ ਗੱਲ ਕੀਤੀ ਹੈ। ਬਚਪਨ ਦਾ ਅਣਸੁਖਾਵਾਂ ਮਾਹੌਲ ਬੱਚੇ ਵਿੱਚ ਬੇਚੈਨੀ, ਬੇ ਯਕੀਨੀ ਅਤੇ ਸ਼ੱਕ ਪੈਦਾ ਕਰਦਾ ਹੈ ਤੇ ਉਸ ਦੇ ਉਲਟ, ਅਸੀਂ ਸਮਝੀਏ ਕਿ ਪਿਆਰ, ਮਿਲਵਰਤਨ, ਸਿਰਜਨਾਤਮਕ ਮਾਹੌਲ ਆਦਿ ਇਕ ਚੰਗੇ ਸਿਹਤਮੰਦ ਵਿਵਹਾਰ ਲਈ ਲੋੜੀਂਦੇ ਹਨ।

ਜਦੋਂ ਅਸੀ ਹਰ ਪਰਿਵਾਰ ਅਤੇ ਸਮਾਜ ਦੇ ਹਰ ਅੰਗ ਵਿਚ ਵਿਵਹਾਰ ਦੇ ਵਖਰੇਵੇਂ ਦੇਖਦੇ ਹਾਂ ਤਾਂ ਸਾਨੂੰ ਉਨ੍ਹਾਂ ਹਾਲਾਤਾਂ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਕਿ ਕਿਸ ਹਾਲਤ ਵਿਚ ਅਜਿਹਾ ਵਾਪਰਿਆ। ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਬੱਚੇ ਦੇ ਮਾਂ ਬਾਪ ਵਿੱਚੋਂ ਇਕ ਜੀਅ ਦਾ ਨਾ ਹੋਣਾ ਤੇ ਵਿਸ਼ੇਸ਼ ਕਰ ਮਾਂ ਦਾ, ਮਾਂ ਪਿਉ ਦੇ ਹੁੰਦਿਆਂ ਵੀ ਪਤੀ ਪਤਨੀ ਦੇ ਆਪਣੀ ਬੁਰੇ ਸਬੰਧ, ਦੋਹਾਂ ਦੇ ਹੁੰਦਿਆਂ ਵੀ ਬੱਚੇ ਵੱਲ ਧਿਆਨ ਨਾ ਦੇਣਾ, ਬੱਚੇ ਉਮਰ ਆਪਣੀ ਖਿੱਝ ਕੱਢਣਾ, ਮਾਂ ਬਾਪ ਨਾ ਹੋਣ ਦੀ ਸੂਰਤ ਵਿੱਚ ਕਿਸੇ ਰਿਸ਼ਤੇਦਾਰ ਵੱਲੋਂ ਜਾਂ ਅਨਾਥ ਆਸ਼ਰਮ ਵਿੱਚ ਸਹਾਰਾ ਲੈਣਾ। ਤੁਸੀਂ ਅੰਦਾਜਾ ਲਗਾਉ ਕਿ ਘਰ ਵਿੱਚ ਬੱਚਾ ਕੇਂਦਰ ਹੁੰਦਾ ਹੈ ਤੇ ਮਾਂ ਪਿਉ, ਭੈਣ ਭਰਾ, ਦਾਦਕੇ ਨਾਨਕੇ, ਰਿਸ਼ਤੇਦਾਰ, ਹੋਰ ਪੜੌਸੀ ਮਿੱਤਰ ਹਰ ਵੇਲੇ ਝੁਰਮੁਟ ਪਾਈ ਰਖਦੇ ਹਨ ਤੇ ਅਨਾਥ ਆਸ਼ਰਮ ਵਿਚ ਇਕ ਨਿਗਰਾਨ ਹੁੰਦਾ ਤੇ ਉਹ ਪੰਦਰਾਂ ਵੀਹ ਬੱਚਿਆਂ ਨੂੰ ਸੰਭਾਲਦਾ ਹੈ। ਇਹੀ ਹਾਲ ਜਾਂ ਕਰੈਚ ਬਾਰੇ ਕਹਿ ਸਕਦੇ ਹਾਂ।

ਸਾਰੀ ਗੱਲ ਨੂੰ ਸਮੇਟਦੇ ਹੋਏ, ਪਹਿਲੀ ਅਹਿਮ ਗੱਲ ਇਹ ਜਾਨਣ 'ਚ ਹੈ ਕਿ ਸ਼ਖ਼ਸੀਅਤ ਦੀ ਉਸਾਰੀ ਉਸ ਦੇ ਜਨਮ ਤੋਂ ਫੌਰਨ ਬਾਅਦ ਹੋ ਜਾਂਦੀ ਹੈ। ਬੱਚਾ ਆਪਣੀ ਉਮਰ ਦਾ ਸਮਰਥਾ ਅਤੇ ਯੋਗਤਾ ਮੁਤਾਬਿਕ ਕਦੇ 'ਬੱਚਾ' ਨਹੀਂ ਹੁੰਦਾ। ਦੂਸਰਾ ਗੱਲ ਕਿ ਅਸੀਂ ਆਪਣੇ ਅਨਜਾਣ ਪੁਣੇ ਕਾਰਨ, ਬੱਚੇ ਦੀਆਂ ਮਾਨਸਿਕ ਜਜ਼ਬਾਤੀ ਲੋੜਾਂ ਮੁਤਾਬਿਕ, ਉਸ ਨੂੰ ਪਿਆਰ, ਸੰਵੇਦਨਾ, ਵਿਸ਼ਵਾਸ਼, ਸਹਿਯੋਗ ਮੁਹੱਈਆ ਨਾ ਕਰਵਾਉਂਦੇ ਹੋਈਏ ਜਾਂ ਬਿਨਾਂ ਸਮਝੇ, ਜਿਸ ਤਰ੍ਹਾਂ ਸਾਨੂੰ ਸਾਡੇ ਮਾਂ ਪਿਉ ਜਾਂ ਆਲੇ ਦੁਆਲੇ ਤੋਂ ਮਿਲਿਆ ਹੈ, ਉਸੇ ਮੁਤਾਬਿਕ ਵਿਵਹਾਰ ਕਰਦੇ ਹੋਏ, ਬੱਚਿਆਂ ਦੀ ਬੇਚੈਨੀ ਅਤੇ ਪਰੇਸ਼ਾਨੀ ਦਾ ਕਾਰਨ ਬਣਦੇ ਹਾਂ ਤੇ ਫਿਰ ਉਨ੍ਹਾਂ ਬੱਚਿਆਂ ਨੂੰ ਹੀ ਇਸ ਦਾ ਜ਼ੁੰਮੇਵਾਰ ਠਹਿਰਾਉਂਦੇ ਹਾਂ। ਸਾਨੂੰ ਨਿੱਕੀਆਂ ਨਿੱਕੀਆਂ ਪਰ ਅਹਿਮ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ। ਬੱਚੇ ਦੀ ਖਿੱਝ, ਬੇਚੈਨੀ, ਗੁੱਸੇ ਆਦਿ ਨੂੰ ਸਮਝਣ ਦੀ ਕਲਾਸਾ ਨੂੰ ਸਿੱਖਣੀ ਚਾਹੀਦੀ ਹੈ। ਇਨ੍ਹਾਂ ਬਾਰੇ ਆਪਣੀ ਬੁੱਧੀ ਨੂੰ ਹੋਰ ਪਰਿਪੱਕ ਕਰਨ ਦੀ ਲੋੜ ਹੈ ਤਾਂ ਜੋ ਵਧੀਆ ਭਵਿੱਖ ਦੀ ਉਸਾਰੀ ਹੋ ਸਕੇ।




ਸ਼ਹੀਦ ਕਰਤਾਰ ਸਿੰਘ ਸਰਾਭਾ

ਅੱਜ ਫਿਰ ਸਵਾਲ ਉੱਠਦਾ ਹੈ ਕਿ ਉਨ੍ਹਾਂ ਦੇ ਮਰਨ ਨਾਲ ਕੀ ਫ਼ਾਇਦਾ ਹੋਇਆ? ਉਹ ਕਿਸ ਆਦਰਸ਼ ਲਈ ਮਰੇ? ਉਨ੍ਹਾਂ ਦਾ ਆਦਰਸ਼ ਹੀ ਦੇਸ਼ ਸੇਵਾ ਲਈ ਲੜਦੇ ਮਰਨਾ ਸੀ।

ਚਮਨ ਜ਼ਾਰੇ ਮੁਹੱਬਤ ਮੇਂ, ਉਸ ਨੇ ਕੀ ਬਾਗ਼ਬਾਨੀ
ਕਿ ਜਿਸਨੇ ਅਪਣੀ ਮੇਹਨਤ ਕੋ ਹੀ ਮੇਹਨਤ ਕਾ ਸਮਰ ਜਾਨਾ
ਨਹੀਂ ਹੋਤਾ ਹੈ ਮੁਹਤਾਜੇ ਨੁਮਾਇਸ਼ ਫੈਜ਼ ਸ਼ਬਨਮ ਕਾ
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ

(ਮੁਹੱਬਤ ਦੀ ਫੁਲਵਾੜੀ ਵਿੱਚ ਉਸ ਮਾਲੀ ਦੀ ਥਾਂ ਹੈ, ਜਿਹੜਾ ਕਿ ਆਪਣੀ ਮਿਹਨਤ ਨੂੰ ਹੀ ਆਪਣਾ ਫਲ ਸਮਝਦਾ ਹੈ। ਤ੍ਰੇਲ ਦੀ ਦਰਿਆ ਦਿਲੀ ਵਿਖਾਵੇ ਲਈ ਨਹੀਂ ਹੈ, ਉਹ ਤਾਂ ਹਨੇਰੀ ਰਾਤ ਵਿੱਚ ਚੁੱਪਚਾਪ ਬਾਗ ਵਿੱਚ ਮੋਤੀ ਕੇਰ ਜਾਂਦੀ ਹੈ)



ਬਲਵੰਤ (ਸ਼ਹੀਦ ਭਗਤ ਸਿੰਘ ਦਾ ਪਾਰਟੀ ਨਾਂ)
(ਚਾਂਦ ਫਾਂਸੀ ਅੰਕ)

ਵਿਸ਼ੇਸ਼ ਰਿਪੋਰਟ

ਫੀਰਾ ਦੀ ਨਾਗਪੁਰ ਮੀਟਿੰਗ

ਹਰਚੰਦ ਭਿੰਡਰ



ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸਨ ਦੀ ਇਕ ਜਰੂਰੀ ਮੀਟਿੰਗ 13 ਅਪ੍ਰੈਲ 2012 ਨੂੰ ਮਹਾਂਰਾਸਟਰ ਦੇ ਸ਼ਹਿਰ ਨਾਗਪੁਰ ਰਾਸ਼ਟਰਭਾਸ਼ਾ ਪ੍ਰਚਾਰ ਸਮਿਤੀ ਭਵਨ ਵਿਖੇ ਹੋਈ। ਜਿਸ ਵਿੱਚ ਦੇਸ ਦੇ ਵੱਖ ਵੱਖ ਹਿੱਸਿਆਂ ਤੋਂ ਤਰਕਸ਼ੀਲ, ਨਾਸਿਤਕ, ਵਿਗਿਆਨਕ ਚੇਤਨਾ ਵਾਲੀਆਂ ਅਤੇ ਅੰਧ ਸਰਧਾ ਨਿਰਮੂਲਨ ਸਮਿਤੀ ਜਿਹੀਆਂ ਜਥੇਬੰਦੀਆਂ ਇਸ ਵਿੱਚ ਸਾਮਿਲ ਹੋਈਆਂ। ਸਭ ਤੋਂ ਪਹਿਲਾਂ ਅੰਧ ਸਰਧਾ ਨਿਰਮੂਲਨ ਸਮਿਤੀ ਦੇ ਜਰਨਲ ਸਕੱਤਰ ਹਰੀਸ ਦੇਸਮੁੱਖ ਨੇ ਜੀ ਆਇਆਂ ਕਿਹਾ। ਇਸ ਉਪਰੰਤ ਫੀਰਾ ਦੇ ਪ੍ਰਧਾਨ ਡਾ. ਨਾਰਿੰਦਰ ਨਾਇਕ ਦੀ ਪ੍ਰਧਾਨਗੀ ਹੇਠ ਮੀਟਿੰਗ ਸ਼ੁਰੂ ਹੋਈ। ਜਿਸ ਵਿੱਚ ਹੋਰਨਾਂ ਮਸਲਿਆਂ ਦੇ ਇਲਾਵਾ ਧਰਮ ਅਤੇ ਰਾਜਨੀਤੀ ਦੇ ਵੱਖਰੇ ਕਰਨ ਸਬੰਧੀ ਸੰਸਦ ਵੱਲ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਜੋ ਕਿ ਸੰਭਾਵਤ ਨਵੰਬਰ ਦੇ ਪਹਿਲੇ ਹਫਤੇ ਹੋਵੇਗਾ। ਇਸ ਸਬੰਧੀ ਲੋੜੀਦੀ ਤਿਆਰੀ ਕਰਨੀ ਸੁਰੂ ਕਰ ਦਿੱਤੀ ਹੈ। ਇਸ ਵਾਸਤੇ ਬਲਵਿੰਦਰ ਬਰਨਾਲਾ ਅਤੇ ਵੀ.ਬੀ. ਰਾਵਤ ਤੇ ਅਧਾਰਤ ਕਮੇਟੀ ਬਣਾਈ ਗਈ ਅਤੇ ਜਥੇਬੰਦੀਆਂ ਆਪੋ ਆਪਣੇ ਸੰਗਠਨਾਂ ਰਾਹੀਂ ਦੇਸ਼ ਦੇ ਵੱਖ ਭਾਗਾਂ ਵਿੱਚ ਸੈਮੀਨਾਰ, ਮੀਟਿੰਗਾਂ ਅਤੇ ਵਿਚਾਰ ਚਰਚਾ ਰਾਹੀਂ ਜਾਗਰੂਕਤਾ ਫੈਲਾਣਗੀਆਂ। ਫੀਰਾ ਦੇ ਪ੍ਰਧਾਨ ਡਾ. ਨਾਰਿੰਦਰ ਨਾਇਕ ਨੇ ਆਪਣੀਆਂ ਸਰਗਰਮੀਆਂ ਦੀ ਚਰਚਾ ਕੀਤੀ। ਇਸ ਤੋਂ ਬਾਅਦ ਸਾਰੀਆਂ ਜਥੇਬੰਦੀਆਂ ਨੇ ਆਪੋ ਆਪਣੀ ਰਿਪੋਰਟ ਪੇਸ਼ ਕੀਤੀ। ਭਵਿਖ ਸਬੰਧੀ ਪ੍ਰੋਗਰਾਮ ਬਾਰੇ ਇਹ ਉਲੀਕਿਆ ਗਿਆ ਕਿ ਪੰਜਾਂ ਜੋਨਾਂ ਵਿੱਚ ਖੇਤਰੀ ਕਾਨਫਰੰਸਾਂ ਵੀ ਕਰਵਾਈਆ ਜਾਣ। ਇਸ ਦੇ ਇਲਾਵਾ ਉੱਤਰੀ ਜੋਨ ਵਿੱਚ ਖਾਸ ਕਰਕੇ ਪੰਜਾਬ ਤੇ ਹਰਿਆਣਾ ਵਿੱਚ ਡਾ. ਨਰਿੰਦਰ ਨਾਇਕ ਵੱਲੋਂ ਪੰਜ ਦਿਨਾਂ ਟਰੇਨਿੰਗ ਕੈਂਪ ਅਕਤੂਬਰ ਵਿੱਚ ਲਾਇਆ ਜਾਵੇਗਾ। ਡਾ. ਵਿਯਿਅਮ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਸਰਸ਼ਵਤੀ ਗੋਰਾ ਜੀ ਦੀ 100ਵੀਂ ਜਨਮਸਤਾਬਦੀ ਦੇ ਸਮੇਂ 28 ਤੇ 29 ਸਤੰਬਰ ਨੂੰ ਵਿਯੇਵਾੜਾ ਵਿਖੇ ਕਾਨਫਰੰਸ ਕਰਾਈ ਜਾ ਰਹੀ ਹੈ। ਉਹਨਾਂ ਅੱਗੇ ਕਿਹਾ ਕਿ ਵੱਖ ਵੱਖ ਇਲਾਕਿਆਂ ਜਾਂ ਰਾਜਾਂ ਵਿੱਚ ਸਮਾਜਿਕ ਜਾਗ੍ਰਤੀ ਦੀਆਂ ਲਹਿਰਾਂ ਚਲਦੀਆਂ ਰਹੀਆਂ ਹਨ ਤੇ ਉਹ ਇਸ ਸਬੰਧੀ ਲੋੜੀਂਦੀ ਜਾਣਕਾਰੀ ਕਿਤਾਬਾਂ ਲੇਖਾਂ ਆਦਿ ਰਾਹੀਂ ਇਕੱਠੀ ਕਰ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਅਲੱਗ ਭਾਸਾਵਾਂ ਵਿੱਚ ਛਪ ਰਿਹਾ ਅਗਾਂਹਵਧੂ ਤੇ ਵਿਗਿਆਨਕ ਵਿਚਾਰਧਾਰਾ ਵਾਲਾ ਲਟਰੇਚਰ ਵੀ ਲਾਇਬਰੇਰੀ ਵਿੱਚ ਇਕੱਠਾ ਕਰ ਰਹੇ ਹਨ। ਇਸ ਸਮੇਂ ਦੋ ਮਤੇ ਪਾਸ ਕੀਤੇ ਗਏ। ਇਸ ਸਮੇਂ ਇਹ ਵੀ ਚਰਚਾ ਹੋਈ ਕਿ ਆਈ.ਪੀ. ਐਸ. ਦੀ ਧਾਰਾ 256ਏ ਦੀ ਵਿਚਾਰਾਂ ਦੀ ਆਜਾਦੀ ਦੇ ਸਬੰਧ ਵਿੱਚ ਦੁਰਵਰਤੋਂ ਕੀਤੀ ਜਾ ਰਹੀ ਹੈ। ਇਸ ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਸ੍ਰੀਮਤੀ ਸਰਿਤਾ ਆਨੰਦ, ਆਰ ਜੀ ਰਾਉ, ਹਰਚੰਦ ਭਿੰਡਰ, ਯੂ ਕਲਾਨਾਥਨ, ਮਿ: ਸੁਕੁਮਾਰਨ ਅਤੇ ਹੋਰ ਕਈ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ।

ਇਸ ਦੇ ਉਪਰੰਤ ਅੰਧ ਸਰਧਾ ਨਿਰਮੂਲਨ ਸਮਿਤੀ ਦੇ ਸੱਦੇ ਤੇ ਨਿਰਮਲ ਬਾਬੇ ਦੇ ਵਿਰੁੱਧ ਪ੍ਰਦਸ਼ਨ ਕੀਤਾ ਗਿਆ। ਜਿਸ ਵਿੱਚ ਕੌਮੀ ਆਗੂਆਂ ਤੋਂ ਬਿਨਾਂ ਸਥਾਨਕ ਆਗੂਆਂ ਨੇ ਭਾਗ ਲਿਆ ਅਤੇ ਮੰਗ ਕੀਤੀ ਕਿ ਨਿਰਮਲ ਬਾਬੇ ਦੇ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਵੇ।

14 ਅਪ੍ਰੈਲ ਨੂੰ ਡਾ. ਅੰਬੇਦਕਰ ਦੇ ਜਨਮਦਿਨ ਦੇ ਸਮੇਂ ਮੋਰਹਿੰਦੀ ਭਵਨ ਸਭਾ ਗ੍ਰਹਿ ਵਿਖੇ 'ਸਮਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਦੀ ਜਰੂਰਤ' ਵਿਸ਼ੇ ਤੇ ਸੈਮੀਨਾਰ ਹੋਇਆ। ਜਿਸ ਵਿੱਚ ਸ੍ਰੀ ਬਲਵਿੰਦਰ ਬਰਨਾਲਾ ਮੁੱਖ ਬੁਲਾਰੇ ਵਜੋਂ ਸਾਮਿਲ ਹੋਏ। ਉਹਨਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਾਡੇ ਸਮਾਜ ਵਿੱਚ ਇੱਕ ਵਰਗ ਪਰਜੀਵੀ ਹੈ, ਜਿਸ ਤੋਂ ਸਮਾਜ ਨੂੰ ਵਿਗਿਆਨਕ ਤੌਰ ਤੇ ਜਾਗਰੁਕ ਕਰਕੇ ਹੀ ਬਚਾਇਆ ਜਾ ਸਕਦਾ ਹੈ। ਇਸ ਵਿੱਚ ਹੋਰ ਬੁਲਾਰੇ ਸ੍ਰੀ ਉਮੇਸ਼ ਚੌਬੇ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੇ ਪ੍ਰਧਾਨ, ਡਾ. ਰਜਿੰਦਰ ਮੁੰਡਲਵਾਰ ਅਤੇ ਮਾ. ਮਣਿਕ ਭਗਤ ਜੀ ਸਨ। ਸਾਰਿਆਂ ਨੇ ਵਿਗਿਆਨਕ ਦ੍ਰਿਸ਼ਟੀਕੋਣ ਬਾਰੇ ਅਲੱਗ ਅਲੱਗ ਖੇਤਰਾਂ ਦੀਆਂ ਉਦਾਹਰਣਾ ਦਿੰਦੇ ਹੋਏ ਇਸ ਦੀ ਮੌਜੂਦਾ ਸਮਾਜ ਵਾਸਤੇ ਜਰੂਰਤ ਤੇ ਜੋਰ ਦਿੱਤਾ।



ਸਿਗਮੰਡ ਫਰਾਇਡ

ਬ੍ਰਹਿਮੰਡ ਦੇ ਭੇਤ ਹੌਲੀ ਹੌਲੀ ਖੁੱਲਦੇ ਹਨ। ਇਹ ਵਿਗਿਆਨਕ ਖੋਜ ਹੀ ਹੈ ਜੋ ਸਾਨੂੰ ਸਾਥੋਂ ਬਾਹਰਲੀ ਸਚਾਈ ਦੀ ਸਹੀ ਜਾਣਕਾਰੀ ਦੇ ਸਕਦੀ ਹੈ। ਇਹ ਕੇਵਲ ਭਰਮ ਹੈ ਕਿ ਆਤਮ-ਮਗਨਤਾ ਜਾਂ ਸਮਾਧੀ ਲਾਣ ਨਾਲ ਸਾਨੂੰ ਸਾਡੇ ਅੰਦਰੋਂ ਹੀ ਇਹ ਗਿਆਨ ਪ੍ਰਾਪਤਹੋ ਜਾਂਦਾ ਹੈ। ਵਿਗਿਆਨ ਸੰਸਾਰਕ ਮਸਲਿਆਂ ਬਾਰੇ ਇੱਕ ਖਾਸ ਤਰ੍ਹਾਂ ਦਾ ਰਵੱਈਆ ਬਣਾ ਦਿੰਦਾ ਹੈ। ਇਸ ਗਿਆਨ ਦੀ ਰੌਸ਼ਨੀ ਜਿਉਂ ਜਿਉਂ ਲੋਕਾਂ ਵਿੱਚ ਪਹੁੰਚਦੀ ਜਾਂਦੀ ਹੈ, ਉਸੇ ਹਿਸਾਬ ਨਾਲ ਧਾਰਮਿਕ ਵਿਸ਼ਵਾਸ਼ਾਂ ਤੋਂ ਉਹ ਪਿੱਛੇ ਹਟਦੇ ਜਾਂਦੇ ਹਨ। ਪਹਿਲਾਂ ਇਨ੍ਹਾਂ ਦੇ ਬਹੁਤ ਪਛੜੇ ਤੇ ਪੁਰਾਤਨ ਰੂਪ ਤੋਂ ਪਿੱਛੇ ਹਟਦੇ ਹਨ। ਫਿਰ ਹੌਲੀ ਹੌਲੀ ਇਸ ਦੇ ਬੁਨਿਆਦੀ ਸੰਕਲਪਾਂ ਨੂੰ ਤਿਆਗ ਦਿੰਦੇ ਹਨ।

ਮਨੁੱਖ ਦਾ ਅਲੌਕਿਕ ਜਗਤ

ਡਾ. ਤ੍ਰਿਲੋਕ ਚੰਦ ਤੁਲਸੀ

ਗਾਲਿਬ ਦਾ ਪ੍ਰਸਿੱਧ ਅਤੇ ਆਮ ਵਰਤਿਆ ਜਾਂਦਾ ਸ਼ੇਅਰ ਹੈ:

ਹਮਕੋ ਮਾਲੂਮ ਹੈ ਜੰਨਤ ਕੀ ਹਕੀਕਤ ਲੇਕਿਨ
ਦਿਲਕੋ ਖ਼ੁਸ਼ ਰਖਨੇ ਕੋ 'ਗ਼ਾਲਿਬ' ਯੇਹ ਖਿਆਲ ਅੱਛਾ ਹੈ।

ਸੁਰਗ ਦਾ ਹੀ ਵਿਚਾਰ ਨਹੀਂ, ਇਸ ਪ੍ਰਕਾਰ ਦੇ ਹੋਰ ਵੀ ਕਈ ਵਿਚਾਰ ਮਨੁੱਖ ਦਾ ਮਨ ਬਹਿਲਾਉਂਦੇ ਰਹਿੰਦੇ ਹਨ। ਇਹ ਵਿਚਾਰ ਸਾਰਿਆਂ ਦੇ ਦਿਲ ਨੂੰ ਖ਼ੁਸ਼ ਰੱਖਣ ਵਾਲੇ ਹੀ ਹੋਣ, ਇਹ ਜ਼ਰੂਰੀ ਨਹੀਂ। ਅਨੇਕਾਂ ਦਹਿਲਾਉਣ ਵਾਲੀਆਂ ਕਲਪਨਾਵਾਂ ਅਜੇਹੀਆਂ ਹਨ, ਜਿੰਨ੍ਹਾਂ ਨੂੰ ਮਨੁੱਖ ਸਦੀਆਂ ਤੋਂ ਮੰਨਦਾ ਰਿਹਾ ਹੈ ਅਤੇ ਡਰਦਾ ਵੀ ਰਿਹਾ ਹੈ। ਇਹ ਬਹਿਲਾਉਣ ਜਾਂ ਦਹਿਲਾਉਣ ਵਾਲੀਆਂ ਕਲਪਨਾਵਾਂ, ਇਹ ਦਿਲ ਨੂੰ ਖ਼ੁਸ਼ ਕਰਨ ਵਾਲੇ ਖਿਆਲ, ਜੀਵਨ ਦੀ ਵਿਆਖਿਆ ਕਰਨ ਵਾਲੇ ਸਿਧਾਂਤ ਅਤੇ ਵਿਚਾਰ, ਇਹ ਸਭ ਨਿਰਮਾਣ ਦੀ ਸਮੱਗਰੀ ਹੈ, ਜਿਸ ਨਾਲ ਮਨੁੱਖ ਆਪਣੀ ਦੁਨੀਆਂ ਬਣਾਉਂਦਾ ਹੈ। ਮਨੁੱਖ ਅਤੇ ਪਸ਼ੂ ਵਿੱਚ ਬੁਨਿਆਦੀ ਫਰਕ ਇਹੋ ਹੈ ਕਿ ਪਸ਼ੂ ਤਾਂ ਵਸਤਾਂ ਦੀ ਠੋਸ ਅਤੇ ਯਥਾਰਥਕ ਦੁਨੀਆਂ 'ਚ ਰਹਿੰਦਾ ਹੈ, ਪਰ ਮਨੁੱਖ ਇਸ ਠੋਸ ਦੁਨੀਆਂ ਦੇ ਨਾਲ-ਨਾਲ, ਬਲਕਿ ਇਸ ਠੋਸ ਦੁਨੀਆਂ ਨਾਲੋਂ ਜ਼ਿਆਦਾ, ਹਵਾਈ ਮਾਨਸਿਕ ਦੁਨੀਆਂ 'ਚ ਰਹਿੰਦਾ ਹੈ। ਇਹ ਕਲਪਨਾ ਲੋਕ ਨੂੰ ਅਸੀਂ, ਮਨੁੱਖ ਦਾ ਅਲੌਕਿਕ ਜਗਤ ਵੀ ਕਹਿ ਸਕਦੇ ਹਾਂ।

ਮਨੁੱਖ ਨੂੰ ਚੰਗੀ ਤਰ੍ਹਾਂ ਦੇਖਣ ਸਮਝਣ ਲਈ, ਉਸ ਨੂੰ ਇੰਨ੍ਹਾਂ ਦੋਨਾਂ ਜਗਤਾਂ ਵਿੱਚ ਇਕੱਠਿਆਂ ਰਹਿੰਦੇ ਹੋਏ ਦੇਖਣਾ ਹੋਵੇਗਾ। ਉਹ ਠੋਸ ਵਸਤੂਆਂ ਦੇ ਭੌਤਿਕ ਜਗਤ ਦੇ ਨਾਲ-ਨਾਲ ਹੀ ਕਲਪਨਾਵਾਂ ਅਤੇ ਮਾਨਤਾਵਾਂ ਦੀ ਖਿਆਲੀ ਅਲੌਕਿਕ ਦੁਨੀਆਂ 'ਚ ਵੀ ਰਹਿੰਦਾ ਹੈ। ਭੌਤਿਕ ਦੁਨੀਆਂ ਦਾ ਅਧਿਐਨ, ਵਿਗਿਆਨ ਕਰਦਾ ਹੈ ਅਤੇ ਅਲੌਕਿਕ ਦੁਨੀਆਂ 'ਚ 'ਧਰਮ' ਅਤੇ 'ਦਰਸ਼ਨ' ਦੀ ਰੁਚੀ ਹੈ।

ਅਸੀਂ ਦੇਖਣਾ ਚਾਹੁੰਦੇ ਹਾਂ ਕਿ ਮਨੁੱਖ ਦੀ ਇਹ ਅਲੌਕਿਕ ਦੁਨੀਆਂ, ਅਸਲ ਵਿੱਚ ਕਿੰਨ੍ਹਾਂ ਬੁਨਿਆਦਾਂ 'ਤੇ ਖੜ੍ਹੀ ਹੈ। ਮਨੁੱਖ ਆਖਰ ਇਸ ਕਲਪਨਾ ਲੋਕ ਦਾ ਨਿਰਮਾਣ ਕਿਉਂ ਕਰਦਾ ਹੈ ? ਕਿਉਂ ਇਸ ਵਿੱਚ ਵਿਸ਼ਵਾਸ਼ ਕਰਦਾ ਹੈ ਅਤੇ ਇਸ ਵਿਸ਼ਵਾਸ਼ ਕਾਰਣ, ਉਸ ਦੇ ਜੀਵਨ 'ਤੇ ਕੀ ਪ੍ਰਭਾਵ ਪੈਂਦਾ ਹੈ। ਇਸ ਮਾਨਤਾ ਕਰਕੇ ਉਹ ਕਿਸ-ਕਿਸ ਤਰ੍ਹਾਂ ਦੇ ਕੰਮ ਕਰਦਾ ਹੈ ?

ਆਪਣੀ ਖਿਆਲੀ ਦੁਨੀਆਂ 'ਚ ਰਹਿਣਾ ਮਨੁੱਖ ਦੀ ਵਿਸ਼ੇਸ਼ਤਾ ਹੈ, ਜਿਵੇਂ ਵਸਤੂ ਜਗਤ 'ਚ ਰਹਿਣਾ, ਪਸ਼ੂ ਦੀ ਵਿਸ਼ੇਸ਼ਤਾ ਹੈ। ਬੇਸ਼ੱਕ ਰਹਿਣਾ ਤਾਂ ਅਸੀਂ ਆਪਣੀ-ਆਪਣੀ ਮਾਇਆ ਨਗਰੀ 'ਚ ਹੀ ਹੈ, ਪਰੰਤੂ ਜੇ ਮਨੁੱਖ ਇਸ ਵਰਤਾਰੇ ਬਾਰੇ ਸੁਚੇਤ ਹੋ ਜਾਵੇ, ਚੇਤੰਨ ਹੋ ਜਾਵੇ ਤਾਂ ਉਹ ਕਈ ਪ੍ਰਕਾਰ ਦੇ ਝਮੇਲਿਆਂ ਤੋਂ ਬਚ ਸਕਦਾ ਹੈ। ਮਨੁੱਖ ਦੀਆਂ ਬਹੁਤ ਸਾਰੀਆਂ ਉਲਝਣਾਂ, ਨਿਰਾਸ਼ਤਾਵਾਂ ਤੇ ਸਮੱਸਿਆਵਾਂ ਇਸ ਲਈ ਪੈਦਾ ਹੁੰਦੀਆਂ ਹਨ ਕਿ ਜਿਸ ਦੁਨੀਆਂ 'ਚ ਉਹ ਰਹਿੰਦਾ ਹੈ, ਉਸ ਨੂੰ ਚੰਗੀ ਤਰ੍ਹਾਂ ਜਾਣਦਾ ਨਹੀਂ। ਜਿਸ ਮਕਾਨ ਵਿੱਚ ਉਹ ਰਹਿੰਦਾ ਹੈ, ਉਸ ਦੇ ਸਾਰੇ ਕਮਰਿਆਂ ਤੋਂ, ਜੇ ਉਹ ਜਾਣੂੰ ਨਹੀਂ ਤਾਂ ਉਸ ਨੂੰ ਰਹਿਣ ਵਿੱਚ ਦਿੱਕਤ ਹੋਵੇਗੀ।

ਆਪਣੇ ਮਾਇਆ ਜਗਤ ਨੂੰ ਮਨੁੱਖ ਲਗਾਤਾਰ ਬਦਲਦਾ ਵੀ ਰਹਿੰਦਾ ਹੈ। ਇਹ ਕੰਮ ਵੀ ਠੀਕ ਤਰ੍ਹਾਂ ਤਾਂ ਹੀ ਹੋ ਸਕੇਗਾ, ਜੇ ਉਹ ਸੁਚੇਤ ਅਤੇ ਧਿਆਨ ਨਾਲ ਕਰੇ। ਸੁਆਲ ਉੱਠਦਾ ਹੈ ਕਿ ਮਨੁੱਖ, ਮਾਇਆ ਜਗਤ ਬਣਾਉਂਦਾ ਕਿਉਂ ਹੈ ?

ਕਰਤਾ ਭਾਵ ਅਤੇ ਦੈਵੀ ਸ਼ਕਤੀਆਂ

ਮਨੁੱਖ ਖੁਦ ਕਰਤਾ (Actor) ਹੈ। ਆਪਣੇ ਬਹੁਤ ਸਾਰੇ ਕੰਮ ਉਹ ਸੋਚ ਸਮਝ ਕੇ ਵਿਉਂਤਬੱਧ ਢੰਗ ਨਾਲ ਕਰਦਾ ਹੈ ਅਤੇ ਇਸ ਗੱਲ ਨੂੰ ਉਹ ਸੰਸਾਰਕ ਘਟਨਾਵਾਂ 'ਤੇ ਵੀ ਅਰੋਪਿਤ ਕਰਦਾ ਹੈ। ਉਸ ਨੂੰ ਲੱਗਦਾ ਹੈ ਕਿ ਕੋਈ ਅਲੌਕਿਕ ਸ਼ਕਤੀ, ਉਸੇ ਤਰ੍ਹਾਂ ਸੰਸਾਰ ਨੂੰ ਚਲਾ ਰਹੀ ਹੈ, ਜਿਵੇਂ ਮਨੁੱਖ ਖ਼ੁਦ ਆਪਣੀ ਦੁਨੀਆਂ ਚਲਾ ਰਿਹਾ ਹੈ।

ਮਨੁੱਖ ਇਹ ਅਰੋਪਣ ਕਿਉਂ ਕਰਦਾ ਹੈ ? ਉਹ ਕਿਉਂ ਸਮਝਦਾ ਹੈ ਕਿ ਕੁਦਰਤੀ ਘਟਨਾਵਾਂ, ਸਿਰਫ਼ ਘਟ ਨਹੀਂ ਰਹੀਆਂ ਪਰੰਤੂ ਕਿਸੇ ਮਨੋਰਥ ਅਧੀਨ ਇਹਨਾਂ ਨੂੰ ਘਟਨਾਇਆ ਜਾ ਰਿਹਾ ਹੈ। ਇਸ ਦਾ ਵੱਡਾ ਕਾਰਣ, ਇਹ ਤੱਥ ਹੈ ਕਿ ਬਹੁਤ ਸਾਰੀਆਂ ਕੁਦਰਤੀ ਘਟਨਾਵਾਂ ਦਾ ਰੂਪ ਅਤੇ ਆਕਾਰ, ਮੁੱਖ ਤੌਰ 'ਤੇ ਉਹੀ ਹੈ ਜੋ ਸਾਡੇ ਵਿਉਂਤੇ ਹੋਏ ਕੰਮਾਂ ਦਾ ਹੁੰਦਾ ਹੈ।

ਕਾਰਜ (Action) ਦੀਆਂ ਚਾਰ ਅਵਸਥਾਵਾਂ ਹਨ:- 1) ਅੰਦਰ ਪ੍ਰੇਰਣਾ ਦਾ ਉਠਣਾ, 2) ਵਧਣਾ, 3) ਸੰਤੁਸ਼ਟੀ ਅਤੇ 4) ਵਿਲੀਨਤਾ। ਉਦਾਹਰਣ ਲਈ, ਪਾਣੀ ਪੀਣ ਦੇ ਕਾਰਜ ਨੂੰ ਲਈਏ। ਇਸ ਦੀਆਂ ਚਾਰ ਅਵਸਥਾਵਾਂ ਹਨ: 1) ਤ੍ਰੇਹ ਲੱਗਣੀ, 2) ਵਧਣੀ, 3) ਪਾਣੀ ਪੀਣਾ, 4) ਤ੍ਰੇਹ ਦਾ ਬੁਝ ਜਾਣਾ। ਬਹੁਤ ਸਾਰੀਆਂ ਕੁਦਰਤੀ ਘਟਨਾਵਾਂ ਨੂੰ ਇਹਨਾਂ ਚਾਰ ਅਵਸਥਾਵਾਂ 'ਚ ਦੇਖਿਆ ਜਾ ਸਕਦਾ ਹੈ। ਜਿਵੇਂ (1) ਘਟਾ ਦਾ ਚੜ੍ਹਨਾ (2) ਉਮੜਣਾ (3) ਵਰ੍ਹਨਾ ਅਤੇ (4) ਮਿਟ ਜਾਣਾ।

ਇਸ ਰੂਪ ਦ੍ਰਿਸ਼ ਨੂੰ ਦੇਖ ਕੇ, ਇਉਂ ਲਗਣਾ ਸੁਭਾਵਿਕ ਹੈ

ਕਿ ਜਿਵੇਂ ਕਿਸੇ ਕਾਰਜ ਦਾ ਆਰੰਭ, ਸਾਡੇ ਮਨ 'ਚ ਉਠਣ ਵਾਲੀ ਅੰਤਰ-ਪ੍ਰੇਰਣਾ ਨਾਲ ਹੁੰਦਾ ਹੈ, ਉਸੇ ਤਰ੍ਹਾਂ ਕਿਸੇ ਪਰਮ ਸਤਾ ਦੇ ਮਨ 'ਚ ਉੱਠਣ ਵਾਲੀਆਂ ਅੰਤਰ-ਪ੍ਰੇਰਨਾਵਾਂ ਨਾਲ ਹੀ ਸੰਸਾਰ ਦੀਆਂ ਵਿਭਿੰਨ ਘਟਨਾਵਾਂ ਸ਼ੁਰੂ ਹੁੰਦੀਆਂ ਹਨ। ਈਸ਼ਵਰ ਸ਼ਾਇਦ ਇਕੱਲੇਪਣ ਤੋਂ ਉਕਤਾ ਰਿਹਾ ਹੈ ਅਤੇ ਉਸ ਨੇ ਖੇਡ-ਖੇਡ ਵਿੱਚ ਦੁਨੀਆਂ ਬਣਾ ਦਿੱਤੀ। ਸੰਸਾਰ 'ਚ ਹੋਣ ਵਾਲੀ ਹਰ ਘਟਨਾ ਦਾ ਨਮੂਨਾ ਇਹੋ ਜਿਹਾ ਹੀ ਹੈ, ਜਿਵੇਂ ਸਾਡੇ ਕਾਰਜਾਂ ਦਾ। ਇਸ ਲਈ ਇਹ ਸੁਭਾਵਿਕ ਹੈ ਕਿ ਆਦਿ ਮਾਨਵ (Primitive Man) ਨੇ ਕੁਦਰਤੀ ਪ੍ਰਕਿਰਿਆਵਾਂ ਨੂੰ ਇਸ ਦ੍ਰਿਸ਼ਟੀ ਤੋਂ ਦੇਖਿਆ ਕਿ ਉਹ ਕਿਸੇ ਦੈਵੀ ਸ਼ਕਤੀ ਦੇ ਮਨ ਵਿੱਚ ਉਠਣ ਵਾਲੀ ਅੰਤਰ-ਪ੍ਰੇਰਣਾ ਦਾ ਬਾਹਰੀ ਰੂਪ ਹੈ ਅਤੇ ਮਨੁੱਖ ਦੀ ਦੁਨੀਆਂ ਅਸੰਖਾਂ ਦੇਵੀ-ਦੇਵਤਿਆਂ ਦੁਆਰਾ ਸੰਚਾਲਿਤ ਹੁੰਦੀ ਹੋਈ ਲੱਗੀ। ਇੰਦਰ ਦੇਵਤਾ ਮੀਂਹ ਵਿਭਾਗ ਦਾ ਕਰਤਾ ਧਰਤਾ ਹੈ ਤਾਂ ਪਵਨ ਦੇਵਤਾ, ਤੂਫ਼ਾਨਾਂ ਦਾ ਚਾਲਕ ਜਾਂ ਪਾਇਲਟ ਹੈ-ਆਦਿ।

ਸੰਸਾਰ ਦੇ ਕਿਸੇ ਹਿੱਸੇ ਵਿੱਚ ਜੋ ਕੁਦਰਤੀ ਪ੍ਰਕਿਰਿਆਵਾਂ, ਜ਼ਿਆਦਾ ਮਹੱਤਵ ਰੱਖਦੀਆਂ ਹਨ, ਉਸ ਖਿੱਤੇ ਵਿੱਚ ਰਹਿਣ ਵਾਲੇ ਮਨੁੱਖ ਦੇ ਦੇਵੀ ਦੇਵਤੇ ਵੀ, ਉਸੇ ਪ੍ਰਕਿਰਿਆ ਦੇ ਪ੍ਰਤੀਕ ਹੁੰਦੇ ਹਨ। ਮਾਛੀਆਂ ਲਈ ਸਾਗਰ ਦੇਵਤੇ ਦਾ ਮਹੱਤਵ ਹੈ ਤਾਂ ਕਿਸਾਨਾਂ ਲਈ ਇੰਦਰਦੇਵਤਾ ਦਾ ਕਿਰਪਾਪਾਤਰ ਬਣਨਾ ਜਰੂਰੀ ਹੈ।

ਸੰਖੇਪ ਵਿੱਚ ਮਨੁੱਖ ਸਮਝਦਾ ਹੈ ਕਿ ਉਹ ਇੱਕ ਅਜੇਹੇ ਸੰਸਾਰ 'ਚ ਰਹਿੰਦਾ ਹੈ, ਜਿਸ ਦਾ ਸੰਚਾਲਨ ਕੁਝ ਅਲੌਕਿਕ ਸ਼ਕਤੀਆਂ ਕਰ ਰਹੀਆਂ ਹਨ। ਇਸ ਮਾਨਤਾ 'ਚੋਂ ਇੱਕ ਸਿੱਟਾ ਇਹ ਨਿੱਕਲਦਾ ਹੈ ਕਿ ਮਨੁੱਖ ਦੀ ਹੋਂਦ ਵੀ ਸਿਰਫ਼ ਭੌਤਿਕ ਨਹੀਂ ਹੈ। ਮੈਂ ਸਿਰਫ਼ ਭੌਤਿਕ ਸਰੀਰ ਨਹੀਂ ਹਾਂ, ਮੇਰਾ ਇੱਕ ਹਿੱਸਾ ਅਲੌਕਿਕ ਵੀ ਹੈ, ਮੈਂ ਅਸਲ ਵਿੱਚ ਅਮਰ ਆਤਮਾ ਹਾਂ। ਇਹ ਵਿਸ਼ਵਾਸ਼ ਕਿਵੇਂ ਉਭਰਦਾ ਹੈ ਅਤੇ ਇਸ ਮਾਨਤਾ ਦੇ ਕਾਰਣ, ਮਨੁੱਖ ਕੀ-ਕੀ ਕਰਦਾ ਹੈ, ਇਹ ਦੇਖਣਾ ਵੀ ਕੁਥਾਂ ਨਹੀਂ ਹੋਵੇਗਾ।

ਸੁਫਨਾ ਅਤੇ ਆਤਮਾ: ਜੀਵਨ ਕੀ ਹੈ, ਕੀ ਗੱਲ ਸਿਰਫ਼ ਐਨੀ ਹੈ ਜੋ ਕਿ ਬ੍ਰਿਜਨਾਰਾਇਣ ਚੱਕਬਸ਼ਤ ਦੇ ਇਸ ਪ੍ਰਸਿੱਧ ਸ਼ੇਅਰ 'ਚ ਕਹੀ ਗਈ ਹੈ:-

ਜ਼ਿੰਦਗੀ ਕਿਆ ਹੈ, ਅਨਾਸਰ ਮੇਂ ਜ਼ਹੂਰੇ ਤਰਤੀਬ,
ਮੌਤ ਕਿਆ ਹੈ, ਇਨਹੀਂ ਅਜ਼ਜ਼ਾ ਕਾ ਪ੍ਰੇਸ਼ਾਂ ਹੋਨਾ।

(ਜੀਵਨ ਕੀ ਹੈ? ਤੱਤਾਂ ਵਿੱਚ ਤਰਤੀਬ ਦਾ ਪ੍ਰਗਟ ਹੋਣਾ। ਮੌਤ ਕੀ ਹੈ? ਇੰਨ੍ਹਾਂ ਹੀ ਤੱਤਾਂ ਦਾ ਬਿਖ਼ਰ ਜਾਣਾ।)

ਭੌਤਿਕ ਤੱਤ ਜਦੋਂ ਇੱਕ ਵਿਸ਼ੇਸ਼ ਢੰਗ ਨਾਲ ਤਰਤੀਬ 'ਚ ਬੱਝਦੇ ਹਨ ਤਾਂ ਉਹਨਾਂ ਵਿੱਚ ਇੱਕ ਵਿਸ਼ੇਸ਼ਤਾ ਪ੍ਰਗਟ ਹੁੰਦੀ ਹੈ, ਜਿਸ ਨੂੰ ਜੀਵਨ ਕਹਿੰਦੇ ਹਨ। ਕੀ ਗੱਲ ਏਨੀ ਸਿੱਧੀ ਅਤੇ ਸਰਲ ਹੈ? ਜਾਂ ਇਸ ਤੋਂ ਬਹੁਤ ਵੱਡੀ ਹੈ? ਸੰਸਾਰ ਦੇ ਸਾਰੇ ਧਰਮ ਇਹੋ ਮੰਨਦੇ ਹਨ ਕਿ ਗੱਲ ਬਹੁਤ ਵੱਡੀ ਹੈ। ਭੌਤਿਕ ਤੱਤਾਂ ਨਾਲ ਬਣੇ ਸਰੀਰ 'ਚ ਜਦੋਂ ਆਤਮਾ ਪ੍ਰਵੇਸ਼ ਕਰਦੀ ਹੈ ਤਾਂ ਉਸ ਵਿੱਚ ਜਾਨ ਪੈਂਦੀ ਹੈ ਅਤੇ ਜਦੋਂ ਇਹ ਆਤਮਾ ਨਿੱਕਲ ਜਾਂਦੀ ਹੈ ਤਾਂ ਸਰੀਰ ਮਰ ਜਾਂਦਾ ਹੈ।

ਮੌਤ ਮਗਰੋਂ ਸਰੀਰ 'ਚੋਂ ਨਿੱਕਲ ਕੇ ਆਤਮਾ ਕਿੱਥੇ ਜਾਂਦੀ ਹੈ? ਕਬਰ 'ਚ ਸੁੱਤੀ ਪਈ ਹਸ਼ਰ ਦੇ ਦਿਨ ਦੀ ਉਡੀਕ ਕਰਦੀ ਹੈ? ਤੁਰੰਤ ਹੀ ਇਨਾਮ ਜਾਂ ਸਜ਼ਾ ਦੇ ਕੇ ਸਵਰਗ ਜਾਂ ਨਰਕ 'ਚ ਭੇਜ ਦਿੱਤੀ ਜਾਂਦੀ ਹੈ? ਕਿਸੇ ਹੋਰ ਸਰੀਰ 'ਚ ਪ੍ਰਵੇਸ਼ ਕਰਕੇ ਪੁਨਰ-ਜਨਮ ਲੈਂਦੀ ਹੈ? ਭੂਤ ਬਣ ਕੇ, ਇੱਥੇ ਕਿਤੇ, ਆਪਣੇ ਸਕੇ-ਸਬੰਧੀਆਂ ਦੇ ਨੇੜੇ-ਤੇੜੇ ਮੰਡਲਾਉਂਦੀ ਰਹਿੰਦੀ ਹੈ। ਇਸ ਪ੍ਰਕਾਰ ਦੀਆਂ ਅਣਗਿਣਤ ਮਾਨਤਾਵਾਂ ਪ੍ਰਚੱਲਿਤ ਹਨ। ਤਸੀਂ ਕਿਹੜੀ 'ਚ ਵਿਸ਼ਵਾਸ਼ ਕਰਦੇ ਹੋ, ਇਹ ਤੁਹਾਨੂੰ ਪਤਾ ਹੈ। ਤੁਹਾਡਾ ਵਿਸ਼ਵਾਸ ਠੀਕ ਹੈ ਜਾਂ ਗਲਤ, ਸਾਡੀ ਇਸ ਵਿਵਾਦ 'ਚ ਪੈਣ ਦੀ ਕੋਈ ਦਿਲਚਸਪੀ ਨਹੀਂ। ਇਸ ਗੱਲ ਦਾ ਆਪਣੇ ਆਪ ਵਿੱਚ ਜ਼ਿਆਦਾ ਮਹੱਤਵ ਹੈ ਨਹੀਂ ਕਿ ਤੁਸੀਂ ਕੀ ਮੰਨਦੇ ਹੋ? ਜਾਂ ਕੀ ਮੰਨਣ ਦਾ ਦਾਅਵਾ ਕਰਦੇ ਹੋ? ਜ਼ਿਆਦਾ ਮਹੱਤਵ ਇਸ ਗੱਲ ਦਾ ਹੈ ਕਿ ਇਸ ਮਾਨਤਾ ਅਧੀਨ ਤੁਸੀਂ ਕੀ ਕਰਦੇ ਹੋ? ਤੁਹਾਡਾ ਅਸਲੀ ਆਚਰਣ ਤੁਹਾਡੀ ਕਿਹੜੀ ਮਾਨਤਾ ਦੀ ਗਵਾਹੀ ਦੇ ਰਿਹਾ ਹੈ? ਸਾਡੀ ਰੁਚੀ ਇਹ ਦੇਖਣ 'ਚ ਹੈ ਕਿ ਆਤਮਾ ਸਬੰਧੀ ਧਾਰਣਾਵਾਂ ਦਾ ਅਧਾਰ ਕੀ ਹੈ? ਅਤੇ ਇਸ ਦਾ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ 'ਤੇ ਕੀ ਪ੍ਰਭਾਵ ਪੈਂਦਾ ਹੈ?

<u>ਸੁਆਲ ਹੈ-</u> ਆਦਿ ਮਾਨਵ ਦੇ ਮਨ 'ਚ ਇਹ ਸੁਆਲ ਆਇਆ ਕਿਵੇਂ, ਕਿ ਮੌਤ ਦੇ ਨਾਲ, ਸਭ ਕੁਝ ਖਤਮ ਨਹੀਂ ਹੁੰਦਾ? ਮੌਤ ਉਪਰੰਤ ਕੁਝ ਅਜੇਹਾ ਹੈ, ਜੋ ਬਚਿਆ ਰਹਿੰਦਾ ਹੈ? ਕੀ ਕਿਸੇ ਪਸ਼ੂ ਦੇ ਮਨ 'ਚ ਅਜੇਹੀ ਧਾਰਣਾ ਹੈ ਕਿ ਉਹ ਅਸਲ ਵਿੱਚ ਅਮਰ-ਆਤਮਾ ਹੈ ਜੋ ਕੁਝ ਸਮੇਂ ਲਈ ਇਸ ਨਾਸ਼ਵਾਨ ਸਰੀਰ 'ਚ ਆ ਵਸੀ ਹੈ।

ਜੇ ਕਿਸੇ ਪਸ਼ੂ ਦੇ ਮਨ 'ਚ ਅਜੇਹੀ ਧਾਰਣਾ ਹੋਵੇ ਵੀ, ਤਾਂ ਸਾਨੂੰ ਉਸ ਦਾ ਪਤਾ ਨਹੀਂ, ਕਿਉਂਕਿ ਪਸ਼ੂ ਕੋਲ ਭਾਸ਼ਾ ਨਹੀਂ ਹੈ, ਅਮੂਰਤ ਧਾਰਨਾਵਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਨਹੀਂ ਹੈ। ਭਾਸ਼ਾ ਇੰਨ੍ਹਾਂ ਧਾਰਣਾਵਾਂ ਨੂੰ ਪ੍ਰਗਟ ਕਰਨ ਦਾ ਹੀ ਕੰਮ ਨਹੀਂ ਕਰਦੀ, ਇਹਨਾਂ ਸੰਕਲਪਾਂ ਨੂੰ ਬਣਾਉਣ ਦਾ ਵੀ ਕੰਮ ਕਰਦੀ ਹੈ। ਜਿਵੇ-ਲਾਲ ਰੰਗ ਨੂੰ ਦੇਖਣ ਦੀ ਸਮਰੱਥਾ ਤਾਂ ਮਨੁੱਖ ਵਿੱਚ ਹੈ ਅਤੇ ਕਈ ਪਸ਼ੂਆਂ 'ਚ ਵੀ ਹੈ, ਕਿੰਤੂ 'ਲਾਲੀ' ਦਾ ਸੰਕਲਪ ਮਨੁੱਖ ਬਣਾ ਸਕਦਾ ਹੈ, ਪਸ਼ੂ ਨਹੀਂ- ਕਿਉਂਕਿ ਉਸ ਵਿਸ਼ੇਸ਼ ਰੰਗਤ ਨੂੰ ਲਾਲ ਕਹਿਣ ਦੀ ਸਮੱਰਥਾ ਮਨੁੱਖ 'ਚ ਹੈ, ਪਸ਼ੂ 'ਚ ਨਹੀਂ। ਇਸੇ ਤਰ੍ਹਾਂ ਭਾਸ਼ਾ ਦੇ ਕਾਰਣ ਹੀ ਸਾਨੂੰ 'ਮੌਤ' ਦਾ ਪਤਾ ਚੱਲਦਾ ਹੈ। ਮਰੇ ਹੋਏ ਪਸ਼ੂ-ਪੰਛੀ ਤਾਂ ਮਨੁੱਖ ਵੀ ਦੇਖਦਾ ਹੈ ਅਤੇ ਪਸ਼ੂ ਵੀ ਪਰੰਤੂ ਇਹ ਦੇਖ ਕੇ 'ਮੌਤ' ਦਾ ਸੰਕਲਪ ਸਿਰਫ਼ ਮਨੁੱਖ ਹੀ ਬਣਾ ਸਕਦਾ ਹੈ। ਇਸ ਲਈ ਮੌਤ ਦਾ ਗਿਆਨ ਤਾਂ ਕੇਵਲ ਮਨੁੱਖ ਹੀ ਪਾ ਸਕਦਾ ਹੈ।

ਹੁਣ ਇੱਕ ਹੋਰ ਸਮਰੱਥਾ ਦੇਖੀਏ, ਸੁਫ਼ਨੇ ਲੈਣ ਦੀ। ਕੀ, ਪਸ਼ੂ ਵੀ ਸੁਫ਼ਨੇ ਦੇਖਦੇ ਹਨ? ਸਾਨੂੰ ਨਹੀਂ ਪਤਾ, ਕਿਉਂਕਿ ਜੇ ਦੇਖਦੇ ਵੀ ਹੋਣ ਤਾਂ ਉਹ ਦੱਸ ਨਹੀਂ ਸਕਦੇ। ਸਵੇਰੇ-ਸਵੇਰੇ ਤੁਹਾਡੀ ਬਿੱਲੀ ਮੂੰਹ ਲਮਕਾਈ ਬੈਠੀ ਹੋਵੇ, ਤਾਂ ਹੋ ਸਕਦਾ ਹੈ ਕਿ ਇਸ ਦਾ ਕਾਰਣ ਮਾੜਾ ਸੁਫ਼ਨਾ ਹੋਵੇ, ਜੋ ਉਸ ਨੇ ਰਾਤ ਨੀਂਦ 'ਚ ਦੇਖਿਆ। ਹੋ ਸਕਦਾ ਹੈ ਕਿ ਉਸ ਨੇ ਦੇਖਿਆ ਹੋਵੇ, ਕਿ ਉਸ ਦੀਆਂ ਚਾਰੋਂ ਲੱਤਾਂ ਬੰਨ੍ਹੀਆਂ ਹੋਈਆਂ ਹਨ ਅਤੇ ਚੂਹਿਆਂ ਦਾ ਜਲੂਸ ਉਸ ਦੇ ਅੱਗਿਓਂ, 'ਹਾਏ! ਬਿੱਲੀ, ਹਾਏ! ਬਿੱਲੀ' ਕਹਿੰਦਾ ਹੋਇਆ ਗੁਜ਼ਰ ਰਿਹਾ ਹੈ।

ਮੌਤ ਦਾ ਗਿਆਨ ਅਤੇ ਸੁਫ਼ਨੇ ਦੇਖਣ ਦੀ ਸਮੱਰਥਾ, ਹੁਣ ਇਹਨਾਂ ਦੋਨਾਂ ਗੱਲਾਂ ਨੂੰ ਇਕੱਠਿਆਂ ਮਿਲਾ ਕੇ ਦੇਖੀਏ। ਮੈਨੂੰ ਲੱਗਦਾ ਹੈ ਕਿ 'ਆਤਮਾ' ਦਾ ਸੰਕਲਪ ਵੀ ਇਹਨਾਂ ਦੋਨਾਂ ਕਾਰਣ ਉਭਰਿਆ ਆਦਿ ਮਾਨਵ ਇੱਕ ਸੁਫ਼ਨਾ ਦੇਖਦਾ ਹੈ। ਇਸ ਵਿੱਚ ਉਹ ਆਪਣੇ ਸਕੇ-ਸਬੰਧੀ ਨੂੰ ਮਿਲਦਾ ਹੈ: ਉਸ ਨਾਲ ਗੱਲਾਂ ਕਰਦਾ ਹੈ। ਜਾਗਣ ਤੋਂ ਬਾਅਦ, ਉਸ ਨੂੰ ਸੁਫ਼ਨਾ ਅਜੇ ਵੀ ਯਾਦ ਹੈ, ਇਸ ਸੰਬੰਧੀ ਹੋਈ ਗੱਲਬਾਤ ਵੀ ਯਾਦ ਹੈ। ਨਾਲ ਹੀ ਉਸ ਨੂੰ ਇਹ ਵੀ ਯਾਦ ਆਉਂਦਾ ਹੈ ਕਿ ਇਹ ਵਿਅਕਤੀ ਤਾਂ ਮਰ ਚੁੱਕਾ ਹੈ। ਫਿਰ ਉਸ ਨੂੰ ਮਿਲਿਆ ਕੌਣ? ਗੱਲਾਂ ਕਿਸ ਨਾਲ ਹੋਈਆਂ?

ਇਸ ਅਨੁਭਵ 'ਚੋਂ ਸਹਿਜੇ ਹੀ ਇਹ ਸਿੱਟਾ ਨਿੱਕਲ ਆਉਂਦਾ ਹੈ ਕਿ ਮੌਤ ਦੇ ਨਾਲ ਹੀ ਸਭ ਕੁਝ ਖਤਮ ਨਹੀਂ ਹੋ ਜਾਂਦਾ, ਕਿ ਵਿਅਕਤੀ ਦੀ ਆਤਮਾ ਬਚੀ ਰਹਿੰਦੀ ਹੈ, ਇੱਧਰ-ਉੱਧਰ ਘੁੰਮਦੀ ਰਹਿੰਦੀ ਹੈ। ਇਸ ਲਈ ਮਰਨ ਤੋਂ ਬਾਅਦ, ਮੈਂ ਵੀ ਖਤਮ ਨਹੀਂ ਹੋਵਾਂਗਾ, ਮੇਰਾ ਇੱਕ ਅੰਸ਼ ਬਚਿਆ ਰਹੇਗਾ ਅਤੇ ਉਹ ਬਚਿਆ ਰਹਿਣ ਵਾਲਾ ਰੂਪ ਹੀ, ਮੇਰਾ ਅਸਲੀ ਰੂਪ ਹੈ। ਮੈਂ ਅਸਲ ਵਿੱਚ ਅਮਰ 'ਆਤਮਾ' ਹਾਂ, ਇਹ ਸਰੀਰ ਤਾਂ ਮੈਂ ਕੁਝ ਸਮੇਂ ਲਈ ਧਾਰਣ ਕੀਤਾ ਸੀ। ਜਿਵੇਂ ਸਰੀਰ ਕੱਪੜੇ ਪਹਿਨਦਾ ਹੈ, ਉਸੇ ਤਰ੍ਹਾਂ ਆਤਮਾ ਸਰੀਰ ਪਹਿਨਦੀ ਹੈ।

ਇਹ ਮਾਨਤਾ ਬਹੁਤ ਮਹੱਤਵਪੂਰਣ ਹੈ, ਕਿਉਂਕਿ ਇਹ ਕਈ ਕੰਮ ਕਰਦੀ ਹੈ। ਇਹ ਮਾਨਤਾ ਮੈਨੂੰ ਤਸੱਲੀ ਦਿੰਦੀ ਹੈ ਕਿ ਮਰਨ ਮਗਰੋਂ ਵੀ ਮੈਂ ਬਚਿਆ ਰਹਾਂਗਾ, ਕਿ ਮੇਰੇ ਮ੍ਰਿਤਕ ਸਕੇ-ਸੰਬੰਧੀ ਮੈਨੂੰ ਫਿਰ ਮਿਲਣਗੇ। ਇਹ ਧਾਰਣਾ, ਮੇਰੇ ਜੀਵਨ ਦੀ ਇਹ ਵਿਆਖਿਆ ਵੀ ਕਰ ਦਿੰਦੀ ਹੈ ਕਿ, ਮੈਂ ਐਵੇਂ ਹੀ ਜਨਮ ਨਹੀਂ ਲਿਆ, ਮੈਨੂੰ ਕਿਸੇ ਪਰਮ ਸਤਾ ਨੇ ਭੇਜਿਆ ਹੈ ਅਤੇ ਉਸੇ ਦੀ ਇੱਛਾ ਨਾਲ ਮੈਂ ਵਾਪਸ ਜਾਊਂਗਾ। ਇਹ ਮਾਨਤਾ, ਮੇਰੇ ਜੀਵਨ ਦੇ ਕੁਝ ਵਿਸ਼ੇਸ਼ ਮਨੋਰਥ ਵੀ ਤਹਿ ਕਰ ਦਿੰਦੀ ਹੈ- ਮੈਨੂੰ ਇੱਥੇ ਅਜੇਹੇ ਕੰਮ ਕਰਨੇ ਚਾਹੀਦੇ ਹਨ, ਜਿੰਨ੍ਹਾਂ ਵਾਸਤੇ ਮੈਨੂੰ ਇੱਥੇ ਭੇਜਿਆ ਗਿਆ ਹੈ: ਜਿਵੇਂ, ਮੈਂ ਆਪਣੇ ਸਿਰਜਕ ਨੂੰ ਯਾਦ ਕਰਦਾ ਰਹਾਂ, ਚੰਗੇ ਕੰਮ ਕਰਾਂ ਤਾਂ ਕਿ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਮਿਲੇ ਆਦਿ। ਇਸ ਤਰ੍ਹਾਂ ਇਹ ਮਾਨਤਾ ਮੈਥੋਂ ਕੁਝ ਅਜੇਹੇ ਕੰਮ ਕਰਵਾਉਂਦੀ ਹੈ, ਜੋ ਮੈਂ ਭਾਵੇਂ ਨਾ ਕਰਨੇ ਚਾਹਾਂ। ਮਰੇ ਵਿਅਕਤੀ ਦੀ ਆਤਮਾ ਨੂੰ ਸ਼ਾਂਤੀ ਮਿਲੇ, ਇਸ ਲਈ ਜੱਗ ਅਤੇ ਅਰਦਾਸਾਂ, ਇਸੇ ਮਾਨਤਾ ਕਰਕੇ ਕੀਤੀਆਂ ਜਾਂਦੀਆਂ ਹਨ।

ਇਸ ਪ੍ਰਸੰਗ 'ਚ ਦੇਖਣ ਵਾਲੀ ਰੌਚਕ ਗੱਲ ਇਹ ਹੈ ਕਿ ਜ਼ਿਆਦਾ ਲੋਕ 'ਆਤਮਾ' ਨੂੰ ਮੰਨਣ ਦੀ ਗੱਲ ਤਾਂ ਕਰਦੇ ਹਨ, ਕਿੰਤੂ ਪੂਰੀ ਤਰ੍ਹਾਂ ਮੰਨਦੇ ਨਹੀਂ। ਆਪਣੀ ਮਾਨਤਾ ਨੂੰ ਉਹ ਬਹੁਤ ਲਚਕੀਲੀ ਬਣਾ ਲੈਂਦੇ ਹਨ। ਇਸ ਲਈ, ਆਮ ਵਿਵਹਾਰ ਵਿੱਚ ਉਹ ਇਸ ਵਿਸ਼ਵਾਸ਼ ਨੂੰ ਕਦੇ ਮੰਨਦੇ ਦਿਖਾਈ ਦਿੰਦੇ ਹਨ ਅਤੇ ਕਦੇ ਨਕਾਰਦੇ। ਕਦੇ ਉਹ ਪੰਡਿਤ ਨੂੰ ਦਾਨ ਦੇ ਕੇ ਸਵਰਗ ਵਿੱਚ ਆਪਣੀ ਸੀਟ ਬੁੱਕ ਕਰਵਾਉਂਦੇ ਹਨ ਅਤੇ ਕਦੇ ਕੁਝ ਪੈਸਿਆਂ ਬਦਲੇ ਉਸੇ ਪੰਡਿਤ ਦੀ ਮਾਰ-ਕੁੱਟ ਵੀ ਕਰਦੇ ਹਨ। ਸਵਰਗ 'ਚ ਵਿਸ਼ਵਾਸ਼ ਕਰਨ ਵਾਲੇ ਵੀ, ਸਵਰਗਵਾਸੀ ਹੋਣ ਤੋਂ ਘਬਰਾਉਂਦੇ ਹਨ।

ਧਰਮ, ਕਲਾ ਅਤੇ ਵਿਗਿਆਨ : ਮਾਨਤਾਵਾਂ ਦਾ ਇਹ ਲਚਕੀਲਾਪਣ ਭਾਵੇਂ, ਅਸੰਗਤ ਅਤੇ ਹਾਸੋਹੀਣਾ ਲੱਗੇ, ਪਰ ਹੈ ਬਹੁਤ ਉਪਯੋਗੀ। ਮਨੁੱਖੀ ਸੱਭਿਅਤਾ ਇਸੇ ਲਈ ਵਿਕਾਸ ਕਰ ਸਕੀ, ਕਿ ਮਨੁੱਖ ਆਪਣੀਆਂ ਮਾਨਤਾਵਾਂ ਨੂੰ ਲਚਕੀਲਾ ਬਣਾਉਂਦਾ ਰਿਹਾ ਹੈ। ਇਸ ਲਚਕੀਲੇਪਣ ਦਾ ਅਰਥ ਹੈ, ਲੱਕੜਸਿਰੇ ਨਾ ਬਣਨਾ, ਸਗੋਂ ਵਿਵਹਾਰਕ ਬਣੇ ਰਹਿਣਾ- ਜੇ ਹਾਲਾਤ ਇਸ ਗੱਲ ਦੀ ਮੰਗ ਕਰਨ ਕਿ ਆਪਣੀਆਂ ਮਾਨਤਾਵਾਂ ਨੂੰ ਇੱਕ ਪਾਸੇ ਰੱਖ ਕੇ ਕੰਮ ਕਰੋ, ਤਾਂ ਝਿਝਕਦੇ ਹੋਏ ਸਹੀ, ਉਹ ਕੰਮ ਕਰੋ।

ਮਨੁੱਖ ਇਸੇ ਲਈ, ਵਿਕਾਸ ਦੇ ਸਮੁੰਦਰ ਤੋਂ ਦੂਰ ਤੱਕ ਅੱਗੇ ਜਾ ਸਕਿਆ, ਕਿ ਉਹ ਕਿਸ਼ਤੀਆਂ 'ਚ ਸਵਾਰ ਰਿਹਾ- ਇੱਕ ਵਿਗਿਆਨ ਦੀ ਕਾਲੀ ਕਿਸ਼ਤੀ ਹੈ ਅਤੇ ਦੂਸਰੀ ਕਲਾ ਦੀ ਰੰਗੀਨ ਕਿਸ਼ਤੀ। ਵਿਗਿਆਨ ਨੇ ਮਨੁੱਖ ਨੂੰ ਭੌਤਿਕ ਸੁਖ-ਸਹੂਲਤਾਂ ਅਤੇ ਸਫ਼ਲਤਾਵਾਂ ਦਿੱਤੀਆਂ ਹਨ ਤਾਂ ਕਲਾ ਨੇ ਉਸ ਨੂੰ ਮਾਨਸਿਕ ਸੰਤੁਲਨ ਬਖਸ਼ਿਆ ਹੈ। ਇੱਕ ਨੇ ਉਸ ਨੂੰ ਸੋਚਣਾ ਸਿਖਾਇਆ ਤਾਂ ਦੂਜੇ ਨੇ ਉਸ ਨੂੰ ਕਲਪਨਾ ਦੇ ਖੰਭ ਦਿੱਤੇ। ਇੱਕ ਸੱਚ ਦੀ ਖੋਜ ਕਰਦਾ ਹੈ ਅਤੇ ਦੂਸਰਾ ਸੁੰਦਰਤਾ ਦੀ ਸਿਰਜਣਾ। ਇੱਕ ਉਸ ਦੇ ਦਿਮਾਗ ਦੀ ਰੋਸ਼ਨੀ ਹੈ, ਦੂਸਰਾ ਉਸ ਦੇ ਦਿਲ ਦੀ ਧੜਕਣ। ਇੱਕ ਨੇ ਉਸ ਨੂੰ ਸੁਰੱਖਿਆਦਾਇਕ ਭਵਨ ਦਿੱਤੇ, ਤਾਂ ਦੂਸਰੇ ਨੇ ਉਹਨਾਂ ਦੀਆਂ ਕੰਧਾਂ 'ਤੇ ਖੂਬਸੂਰਤ ਪੱਚੀਕਾਰੀ ਕੀਤੀ। ਦੋਨਾਂ 'ਚੋਂ ਇੱਕ ਨਾ ਹੋਵੇ ਤਾਂ ਜੀਵਨ ਇਕਹਿਰਾ ਅਤੇ ਅਧੂਰਾ ਹੈ। ਇਹ ਇੱਕ ਦੂਜੇ ਦੇ ਪੂਰਕ ਹਨ, ਵਿਰੋਧੀ ਨਹੀਂ। ਵਿਗਿਆਨ ਤੋਂ ਬਿਨਾਂ ਮਨੁੱਖ ਬਚ ਨਹੀਂ ਸਕਦਾ, ਕਲਾ ਦੇ ਬਿਨਾਂ ਉਹ ਜਿਉਂ ਨਹੀਂ ਸਕਦਾ। ਜਿਸ ਨੇ ਵਿਗਿਆਨ ਦੀ ਅਵੱਗਿਆ ਕੀਤੀ, ਉਹ ਭਰਮਾਂ ਅਤੇ ਅੰਧਵਿਸ਼ਵਾਸਾਂ 'ਚ ਗੁਆਚ

ਗਿਆ ਅਤੇ ਜਿਸ ਨੇ ਕਲਾ ਦੀ ਅਵੱਗਿਆ ਕੀਤੀ, ਉਹ ਨੀਰਸ ਅਤੇ ਨਿਰਜੀਵ ਵਿਵਾਦਾਂ 'ਚ ਉਲਝ ਗਿਆ।

ਇਹ ਕਿਹਾ ਜਾ ਸਕਦਾ ਹੈ, ਕਿ ਮਨੁੱਖ ਇੱਕੋ ਵੇਲੇ ਦੋ ਦੁਨੀਆਂ 'ਚ ਰਹਿੰਦਾ ਹੈ। ਇੱਕ ਕਲਪਨਾ ਦੀ ਰੰਗੀਨ ਦੁਨੀਆਂ ਅਤੇ ਦੂਜਾ, ਵਿਚਾਰਾਂ ਅਤੇ ਤੱਥਾਂ ਦਾ ਬੇਰੰਗ ਸੰਸਾਰ। ਇੱਕ ਦੁਨੀਆਂ ਉਹ ਅਲੌਕਿਕ ਜਗਤ ਹੈ, ਜਿਸ 'ਚ ਉਸ ਦੀ ਕਲਪਨਾ, ਉਸ ਨੂੰ ਤੋਰੀ ਫਿਰਦੀ ਹੈ, ਜਿਸ 'ਚ ਉਹ ਅਨੇਕਾਂ ਦੈਵੀ ਸ਼ਕਤੀਆਂ ਦੇ 'ਦਰਸ਼ਨ' ਕਰਦਾ ਹੈ, ਤੇ ਦੂਸਰਾ ਉਹ ਠੋਸ ਵਸਤੂ ਜਗਤ ਹੈ, ਜਿਸ 'ਚ ਉਹ ਭੋਜਨ ਅਤੇ ਸੁਰੱਖਿਆ ਖੋਜਦਾ ਹੈ। ਇਸ ਦੂਸਰੇ ਜਗਤ 'ਚ ਉਸ ਦਾ ਮਾਰਗ ਦਰਸ਼ਨ ਵਿਗਿਆਨ ਕਰਦਾ ਹੈ।

ਕਲਪਨਾ ਲੋਕ 'ਚ ਉਸ ਦਾ ਮਾਰਗਦਰਸ਼ਨ, ਧਰਮ ਅਤੇ ਕਲਾ ਕਰਦੇ ਹਨ। ਦੈਵੀ ਸ਼ਕਤੀਆਂ ਦੀ ਪੂਜਾ ਕਰਨਾ, ਧਰਮ ਸਿਖਾਉਂਦਾ ਹੈ ਅਤੇ ਧਾਰਮਿਕ ਵਿਚਾਰਾਂ ਦੀ ਸੁੰਦਰ ਅਨੁਭੂਤੀ ਦਾ ਕੰਮ ਕਲਾ ਕਰਦੀ ਹੈ, ਇਸ ਲਈ ਸਭ ਸੱਭਿਆਚਾਰਾਂ 'ਚ ਧਰਮ ਅਤੇ ਕਲਾ ਦਾ ਨੇੜਲਾ ਸੰਬੰਧ ਰਿਹਾ ਹੈ। ਜਿਵੇਂ, 'ਧਰਮ ਕਹਿੰਦਾ ਹੈ, ਸੁੱਖ-ਦੁੱਖ ਨੂੰ 'ਈਸ਼ਵਰ' ਦਾ ਪ੍ਰਸ਼ਾਦ ਸਮਝ ਕੇ ਗ੍ਰਹਿਣ ਕਰੋ ਤਾਂ ਕਲਾ ਸਿਖਾਉਂਦੀ ਹੈ ਕਿ ਸਮਰਪਣ ਕਿਵੇਂ ਕਰਨਾ ਹੈ।'

ਸੁੱਖ-ਦੁੱਖ ਕਿਸੇ ਪਰਮ ਸਤਾ ਤੋਂ ਪ੍ਰਸ਼ਾਦ ਦੇ ਰੂਪ 'ਚ ਮਿਲ ਰਹੇ ਹਨ- ਜੇ ਇਉਂ ਲੱਗੇ, ਤਾਂ ਵਿਅਕਤੀ ਭਾਵੁਕ ਨਹੀਂ ਹੁੰਦਾ, ਮਾਨਸਿਕ ਸੰਤੁਲਨ ਬਣਿਆ ਰਹਿੰਦਾ ਹੈ। ਜੀਵਨ ਵਿੱਚ ਦੁੱਖਾਂ ਦੇ ਹਮਲੇ ਤਾਂ ਹੁੰਦੇ ਹੀ ਰਹਿੰਦੇ ਹਨ। ਰੋਗ ਸਰੀਰ ਨੂੰ ਲੱਗੇ ਰਹਿੰਦੇ ਹਨ। ਸਕੇ-ਸੰਬੰਧੀ ਵਿਛੜਦੇ ਰਹਿੰਦੇ ਹਨ। ਅਸਫ਼ਲਤਾਵਾਂ ਅਤੇ ਤਕਲੀਫ਼ਾਂ ਵਿਆਕੁਲ ਕਰਦੀਆਂ ਹਨ। ਇਹਨਾਂ ਸਾਰੇ ਜਖ਼ਮਾਂ 'ਤੇ ਧਰਮ ਅਤੇ ਕਲਾ ਮੱਲ੍ਹਮ ਲਾਉਂਦੇ ਹਨ, ਨਹੀਂ ਤਾਂ ਸਾਧਾਰਣ ਵਿਅਕਤੀ ਲਈ ਜਿਉਣਾ ਦੁਭਰ ਹੋ ਜਾਵੇ।

ਧਰਮ ਕਹਿੰਦਾ ਹੈ, ਤੁਸੀਂ ਅਮਰ ਆਤਮਾ ਹੋ, ਪਰਮਾਤਮਾ ਤੋਂ ਅਲੱਗ ਨਹੀਂ। ਇਸ ਵਿਚਾਰ ਨੂੰ ਕਲਾ, ਮੂਰਤੀ ਦਾ ਰੂਪ ਦਿੰਦੀ ਹੈ। ਜਦੋਂ ਇਹ ਭਾਵਨਾ ਮਨ 'ਚ ਉੱਠਦੀ ਹੈ, ਕਿ ਮੈਂ 'ਪਰਮਾਤਮਾ' ਦਾ ਇੱਕ ਅੰਸ਼ ਹਾਂ ਤਾਂ ਇਸ ਅਨੋਖੇ ਆਤਮ-ਵਿਸਥਾਰ ਦਾ ਅਨੁਭਵ ਹੁੰਦਾ ਹੈ।

ਮਨੁੱਖ ਦੀ ਇੱਕ ਦੁਨੀਆਂ, ਕਲਾ ਦੀ ਰੰਗੀਨ ਅਤੇ ਧਰਮ ਦੀ ਅਲੌਕਿਕ ਦੁਨੀਆਂ ਹੈ: ਅਤੇ ਦੂਸਰੀ ਹਕੀਕਤਾਂ ਦੀ ਠੋਸ ਦੁਨੀਆਂ ਹੈ, ਜਿਸ 'ਚ ਉਸ ਨੇ ਜਿਉਣਾ ਹੈ, ਜਿਸ ਵਿੱਚ ਉਸ ਨੇ ਰੋਟੀ ਅਤੇ ਮਕਾਨ ਦੀ ਤਲਾਸ਼ ਕਰਨੀ ਹੈ। ਇਹ ਭੌਤਿਕ ਜਗਤ, ਨਿਊਟਨ, ਡਾਰਵਿਨ, ਆਈਨਸਟੀਨ ਵਰਗੇ ਵਿਗਿਆਨੀਆਂ ਦਾ ਸੰਸਾਰ ਹੈ, ਜੋ ਸਾਨੂੰ ਵਿਵਹਾਰਕ ਸੂਝ-ਬੂਝ ਦਿੰਦੇ ਹਨ, ਬੌਧਿਕ ਸਪਸ਼ਟਤਾ ਦਿੰਦੇ ਹਨ, ਸੁਰੱਖਿਆ ਅਤੇ ਦੌਲਤ ਦਿੰਦੇ ਹਨ।

ਸੰਖੇਪ ਵਿੱਚ, ਵਿਗਿਆਨਕ ਗਿਆਨ ਦੀ ਅਵੱਗਿਆ ਹੋਵੇਗੀ ਤਾਂ ਧਰਮ ਦੇ ਨਾਂ 'ਤੇ ਪ੍ਰਚੱਲਿਤ ਅੰਧਵਿਸ਼ਵਾਸ਼, ਕਈ ਪ੍ਰਕਾਰ ਦੀਆਂ ਉਲਝਣਾਂ ਖੜ੍ਹੀਆਂ ਕਰਦੇ ਰਹਿਣਗੇ।

ਸ਼ਹੀਦ ਭਗਵਤੀ ਚਰਨ ਵੋਹਰਾ



ਸ਼ਹੀਦ ਭਗਤ ਸਿੰਘ ਦੇ ਸਾਥੀ ਜੋ ਰਾਵੀ ਦੇ ਕੰਢੇ ਜੰਗਲ ਵਿੱਚ 27 ਮਈ 1930 ਦੇ ਦਿਨ ਇੱਕ ਬੰਬ ਦੀ ਪਰਖ ਸਮੇਂ ਸ਼ਹਾਦਤ ਪ੍ਰਾਪਤ ਕਰ ਗਏ। ਇਨ੍ਹਾਂ ਦੀ ਪਤਨੀ ਜਿਸਨੂੰ ਸਤਿਕਾਰ ਨਾਲ ਸਾਰੇ ਇਨਕਲਾਬੀ 'ਦੁਰਗਾ ਭਾਬੀ' ਨੇ ਸ਼ਹੀਦ ਭਗਤ ਸਿੰਘ ਨੂੰ ਸਾਂਡਰਸ ਕਾਂਡ ਪਿੱਛੋਂ ਲਾਹੋਰ ਵਿੱਚੋਂ ਬਚ ਨਿਕਲਣ ਵਿੱਚ ਮੁੱਖ ਭੂਮਿਕਾ ਨਿਭਾਈ। 1928 ਵਿੱਚ ਨੌਜਵਾਨ ਭਾਰਤ ਸਭਾ ਦੀ ਚੋਣ ਵੇਲੇ ਭਗਤ ਸਿੰਘ ਉਸਦੇ ਪਹਿਲੇ ਜਨਰਲ ਸਕੱਤਰ ਅਤੇ ਭਗਵਤੀ ਚਰਨ ਵੋਹਰਾ ਪ੍ਰਚਾਰ ਸਕੱਤਰ ਬਣਾਏ ਗਏ ਸਨ।

ਮਈ-ਜੂਨ (ਵਿਸ਼ੇਸ਼ ਦਿਨ)

1 ਮਈ : ਅੰਤਰ ਰਾਸ਼ਟਰੀ ਮਜ਼ਦੂਰ ਦਿਵਸ
5 ਮਈ: ਜਨਮ ਦਿਨ ਕਾਰਲ ਮਾਰਕਸ (1818)
6 ਮਈ: ਮਨੋਵਿਗਿਆਨ ਦੇ ਪਿਤਾਮਾ ਸਿਗਮੰਡ ਫਰਾਇਡ ਦਾ ਜਨਮ (1856)
10 ਮਈ: ਤਾਰਾ ਵਿਗਿਆਨ ਦਿਵਸ (ਮੇਰਠ ਵਿੱਚ 1857 ਦੇ ਗ਼ਦਰ ਦੀ ਸ਼ੁਰੂਆਤ)
11 ਮਈ: ਨੈਸ਼ਨਲ ਟੈਕਨਾਲੋਜੀ ਦਿਵਸ
13 ਮਈ: ਕਾਮਾਗਾਟਾਮਾਰੂ ਜਹਾਜ ਵੈਨਕੂਵਰ ਪੁੱਜਿਆ (1914)
24 ਮਈ: ਜਨਮ ਦਿਨ ਸ਼ਹੀਦ ਕਰਤਾਰ ਸਿੰਘ ਸਰਾਭਾ
28 ਮਈ: ਸ਼ਹੀਦ ਭਗਤੀ ਚਰਨ ਵੋਹਰਾ ਦੀ ਸ਼ਹਾਦਤ
5 ਜੂਨ: ਵਿਸ਼ਵ ਵਾਤਾਵਰਨ ਦਿਵਸ
14 ਜੂਨ: ਵਿਸ਼ਵ ਖੂਨਦਾਨ ਦਿਵਸ
ਅਰਨੈਸਟੋ ਚੀਵ ਗੁਵੇਰਾ ਦਾ ਜਨਮ (1928)
26 ਜੂਨ: ਨਸ਼ੀਲੇ ਪਦਾਰਥਾਂ ਵਿਰੋਧੀ ਦਿਵਸ

ਬੰਦ ਹੋਏ ਰੋੜੇ ਵੱਜਣੇ

ਅੰਮ੍ਰਿਤਸਰ ਸ਼ਹਿਰ ਦੇ ਮੁਹੱਲੇ ਨਵਾਂ ਕੋਟ ਵਿਖੇ ਇੱਕ ਘਰ ਵਿੱਚ ਲਗਾਤਾਰ ਰੋੜੇ ਵੱਜਣ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ। ਤਰਕਸ਼ੀਲ ਸੁਸਾਇਟੀ ਕੋਲ ਇਹ ਮਾਮਲਾ ਆਉਣ ਤੇ ਇਕਾਈ ਮੁਖੀ ਸੁਮੀਤ ਸਿੰਘ, ਅਮਰਜੀਤ ਬਾਈ ਅਤੇ ਕੁਲਜੀਤ ਵੇਰਕਾ ਨੇ ਉਸ ਮੁਹੱਲੇ ਵਿੱਚ ਜਾ ਕੇ ਇਲਾਕਾ ਨਿਵਾਸੀਆਂ ਨਾਲ ਵਿਚਾਰ ਸਾਂਝੇ ਕੀਤੇ ਕਿ ਸੁਸਾਇਟੀ ਅਜਿਹੇ ਲੱਖਾਂ ਕੇਸ ਹੱਲ ਕਰ ਚੁੱਕੀ ਹੈ ਅਤੇ ਇਸ ਘਟਨਾ ਪਿੱਛੇ ਵੀ ਨੇੜੇ ਦੇ ਕੋਈ ਮਨੁੱਖੀ ਹੱਥ ਕੰਮ ਕਰ ਰਹੇ ਹਨ। ਉਨ੍ਹਾਂ ਨੇ ਭਵਿੱਖ ਵਿੱਚ ਉਸ ਵਿਅਕਤੀ ਨੂੰ ਪਕੜ ਲੈਣ ਦਾ ਦਾਅਵਾ ਕੀਤਾ। ਇਸ ਤੋਂ ਬਾਅਦ ਲਗਭਗ ਇਕ ਮਹੀਨਾ ਵਾਪਰ ਚੁੱਕਾ ਹੈ ਮੁੜ ਅਜਿਹੀ ਘਟਨਾ ਨਹੀਂ ਵਾਪਰੀ।

ਮਿੰਨੀ ਕਹਾਣੀ

ਸ਼ਹੀਦ

ਨਵੀਂ ਵਿਆਹੀ ਜੋੜੀ ਨੂੰ ਲੈ ਕੇ ਸਾਰਾ ਮੇਲ ਗੇਲ ਛਟੀਆਂ ਖਿਡਾਉਂਣ ਜਾ ਰਿਹਾ ਸੀ। ਥਾਂ ਥਾਂ ਮੱਥੇ ਟੇਕਦੇ ਅਸੀਂ 'ਸ਼ਹੀਦਾਂ ਦੀ ਸਮਾਧ ਉੱਪਰ ਪਹੁੰਚ ਗਏ।

ਵਿਆਂਦੜ ਜੋੜੀ ਨੂੰ ਅੰਦਰ ਮੱਥਾ ਟੇਕਣ ਲਿਜਾਇਆ ਗਿਆ ਤਾਂ ਮੈਂ ਉਤਸੁਕਤਾ ਵੱਸ, ਨਾਲ ਖੜ੍ਹੇ ਸੱਜਣ ਨੂੰ ਪੁੱਛਿਆ ਕਿ ਇਹ ਸ਼ਹੀਦ ਆਜ਼ਾਦੀ ਦੀ ਲੜਾਈ 'ਚ ਸ਼ਹੀਦ ਹੋਏ ਨੇ?

"ਓ ਨਹੀਂ ਜੀ। ਇਹ ਤਾਂ ਬਾਬਾ ਭਗਤੂ ਜੀ ਨੇ"

"ਬੜੇ ਭਲੇ ਪੁਰਸ਼ ਤੇ ਸ਼ਕਤੀ ਵਾਲੇ ਸ਼ਹੀਦ ਹੋਏ ਨੇ।"

"ਅੱਛਾ ਫਿਰ। ਪਿੰਡ ਲਈ ਜਾਂ ਆਪਣੇ ਲੋਕਾਂ ਲਈ ਮਰੇ ਹੋਣਗੇ?"

"ਨਹੀਂ ਭਾਈ ਸਾਬ੍ਹ। ਭਗਤੂ ਜੀ ਨਸ਼ਾ ਕਰਦੇ ਸਨ ਤੇ ਨਸ਼ੇ 'ਚ ਹੀ ਖੂਹ 'ਚ ਡਿੱਗ ਕੇ ਮਰ ਗਏ.. ਬੜੀ ਮਾਨਤਾ ਹੈ ਜੀ ਇਹਨਾਂ ਦੀ ਪਿੰਡ 'ਚ।" ਕਹਿੰਦੇ ਹੋਏ ਉਸਨੇ ਸ਼ਰਧਾ ਨਾਲ ਸਮਾਧ ਵੱਲ ਸਿਰ ਝੁਕਾਇਆ।

ਮੈਂ ਹੈਰਾਨ ਹੋਇਆ 'ਸ਼ਹੀਦ ਦੀ ਸਮਾਧ' ਵੱਲ ਦੇਖ ਰਿਹਾ ਸੀ। ਜਿੱਥਿ ਮੱਥਾ ਟੇਕਣ ਵਾਲੇ ਲੋਕਾਂ ਦਾ ਤਾਂਤਾਂ ਲੱਗਿਆ ਹੋਇਆ ਸੀ।

ਸੁਖਪਾਲ ਸਿੰਘ ਬੀਰ, 98725-50222

ਸ਼ਰੀਰ ਪ੍ਰਦਾਨੀ ਭਗਵਾਨ ਸਿੰਘ ਲੌਂਗੋਵਾਲ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੀ ਇਕਾਈ ਲੌਂਗੋਵਾਲ ਦੇ ਆਗੂਆਂ ਰਣਜੀਤ ਸਿੰਘ, ਜੁਝਾਰ ਸਿੰਘ ਦੀ ਪ੍ਰੇਰਣਾ ਅਤੇ ਸੁਸਾਇਟੀ ਦੇ ਸੂਬਾਈ ਆਗੂਆਂ ਹਰਿੰਦਰ ਲਾਲੀ ਅਤੇ ਬਲਬੀਰ ਲੌਂਗੋਵਾਲ ਦੀ ਅਗਵਾਈ ਅਧੀਨ ਇਕਾਈ ਲੌਂਗੋਵਾਲ ਦੇ ਮੀਡੀਆ ਵਿਭਾਗ ਦੇ ਮੁਖੀ ਕਮਲਜੀਤ ਸਿੰਘ ਦੇ ਪਿਤਾ ਭਗਵਾਨ ਸਿੰਘ ਦੀ 20 ਅਕਤੂਬਰ 2011 ਨੂੰ ਮੌਤ ਹੋਣ ਉਪਰੰਤ ਧਾਰਮਿਕ ਮਿੱਥਾਂ ਨੂੰ ਤੋੜਦਿਆਂ ਉਹਨਾਂ ਦਾ ਮ੍ਰਿਤਕ ਸ਼ਰੀਰ ਚਿੰਤਪੁਰਨੀ ਮੈਡੀਕਲ ਕਾਲਜ ਅਤੇ ਹਸਪਤਾਲ ਨੂੰ ਖੋਜ਼ ਕਾਰਜਾਂ ਲਈ ਸੌਂਪਿਆ ਗਿਆ। ਬਾਪੂ ਭਗਵਾਨ ਸਿੰਘ ਬਚਪਨ ਤੋਂ ਹੀ ਮੁਸ਼ੱਕਤ ਭਰਪੂਰ ਜੀਵਨ ਜਿਉਣ ਵਾਲੇ ਅਗਾਂਹ ਵਧੂ ਸੋਚ ਦੇ ਧਾਰਨੀ ਇਨਸਾਨ ਸਨ। ਇਹ ਫੈਸਲਾ ਲੈਣ ਵਿੱਚ ਉਹਨਾਂ ਦੇ ਵੱਡੇ ਸਪੁੱਤਰ ਸੁਰਜੀਤ ਸਿੰਘ, ਪੁੱਤਰੀਆਂ ਜਸਪਾਲ ਕੌਰ, ਪਰਮਜੀਤ ਕੌਰ, ਨੂੰਹਾਂ ਬਲਜੀਤ ਕੌਰ, ਦਮਨਜੀਤ ਕੌਰ ਦਾ ਵੀ ਅਹਿਮ ਯੋਗਦਾਨ ਰਿਹਾ। ਇਸ ਮੌਕੇ ਤੇ ਸੁਸਾਇਟੀ ਦੇ ਸੂਬਾ ਜਥੇਬੰਦਕ ਵਿਭਾਗ ਦੇ ਮੁੱਖੀ ਬਲਵਿੰਦਰ ਬਰਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੁਸਾਇਟੀ ਵੱਲੋਂ ਖੋਜ ਕਾਰਜਾਂ ਲਈ ਮ੍ਰਿਤਕ ਸ਼ਰੀਰ ਪ੍ਰਦਾਨ ਕਰਨਾ ਕਿਸੇ ਦਾਨ ਦੇ ਸੰਕਲਪ 'ਚੋਂ ਨਹੀਂ ਸਗੋਂ ਸਮਾਜ ਲਈ ਕੰਮ ਆਉਣ ਦੀ ਭਾਵਨਾ ਅਤੇ ਧਾਰਮਿਕ ਮਿੱਥਾਂ ਨੂੰ ਤੋੜਣ ਦੇ ਦ੍ਰਿਸ਼ਟੀਕੋਣ ਤੋਂ ਲਿਆ ਜਾਂਦਾ ਹੈ। ਸਤਿਕਾਰਤ ਭਗਵਾਨ ਸਿੰਘ ਨੂੰ ਯਾਦ ਕਰਨ ਅਤੇ ਇਲਾਕੇ ਵਿੱਚ ਮ੍ਰਿਤਕ ਸ਼ਰੀਰ ਖੋਜ਼ ਕਾਰਜਾਂ ਲਈ ਪ੍ਰਦਾਨ ਕਰਨ ਦੇ ਇਸ ਪਹਿਲੇ ਯਤਨ ਤੇ ਵਿਚਾਰ ਚਰਚਾ ਕਰਨ ਲਈ ਆਯੋਜਿਤ ਸਤਿਕਾਰ ਸਭਾ ਨੂੰ ਸੁਸਾਇਟੀ ਦੇ ਕਾਨੂੰਨ ਵਿਭਾਗ ਦੇ ਸੂਬਾ ਮੁਖੀ ਐਡਵੋਕੇਟ ਹਰਿੰਦਰ ਲਾਲੀ ਨੇ ਸੰਬੋਧਨ ਕੀਤਾ ਅਤੇ ਸੁਸਾਇਟੀ ਦੀ ਅਜਿਹੇ ਕਾਰਜਾਂ ਪਿੱਛੇ ਸਮਝ ਪਹੁੰਚ ਹਾਜਰੀਨ ਨਾਲ ਸਾਂਝੀ ਕੀਤੀ।

ਰਣਜੀਤ ਲੌਂਗੋਵਾਲ

ਸਹਾਇਤਾ:

ਇਕਾਈਆਂ ਲਈ:

ਭਾਈ ਰੂਪਾ ਇਕਾਈ, ਛਿੰਦਰਪਾਲ ਕੌਰ, ਦਿਆਲਪੁਰਾ ਭਾਈਕਾ, (ਆਪਣੇ ਲੜਕੇ ਰਣਬੀਰ ਸਿੰਘ ਦੀ ਸ਼ਾਦੀ 'ਤੇ) 1100/-

ਇਕਾਈ ਸ਼ਾਹਕੋਟ, ਸਰੀਤਾ ਰਾਣੀ ਪਤਨੀ ਸ੍ਰੀ ਰੇਸ਼ਮ ਸਿੰਘ ਬੀ.ਐਮ.ਐਮ.ਐਸ, ਪਿੰਡ ਤੇ ਡਾਕ. ਰੂਪੇਵਾਲੀ (ਜਲੰਧਰ), (ਬੇਟੀ ਸੰਭਨੂਰ ਦੇ ਜਨਮ 'ਤੇ) 500/-

ਇਕਾਈ ਫਗਵਾੜਾ, ਨਵਜੋਤ ਸਿੰਘ ਰੰਧਾਵਾ, (ਪਿਤਾ ਜੁਗਿੰਦਰ ਸਿੰਘ ਰੰਧਾਵਾ ਦੇ ਸ਼ੋਕ ਸਮਾਗਮ 'ਤੇ) 1000/-

ਡਾ ਮਨੀਸ਼ਾ ਸੋਨੀਆ, ਕੈਲਗਰੀ, ਕੈਨੇਡਾ 2000/-

ਸੂਬੇ ਲਈ

ਡਾ ਮਨੀਸ਼ਾ ਸੋਨੀਆ, ਕੈਲਗਰੀ, ਕੈਨੇਡਾ 500/-

ਸੰਤੋਖ ਸਿੰਘ ਜੈਤੋ, (ਬੇਟੀ ਅਰਸ਼ਦੀਪ ਕੌਰ ਦੇ ਜਨਮ ਦਿਨ 'ਤੇ) 500/-

ਗੁਰਮੀਤ ਖਰੜ, (ਆਪਣੀ ਲੜਕੀ ਨੂੰ ਨੌਕਰੀ ਮਿਲਣ 'ਤੇ) 500/-

ਸਰੀਤਾ ਰਾਣੀ ਪਤਨੀ ਸ੍ਰੀ ਰੇਸ਼ਮ ਸਿੰਘ ਬੀ.ਐਮ.ਐਮ.ਐਸ, ਪਿੰਡ ਤੇ ਡਾਕ. ਰੂਪੇਵਾਲੀ (ਜਲੰਧਰ), (ਬੇਟੀ ਸੰਭਨੂਰ ਦੇ ਜਨਮ 'ਤੇ) 500/-

ਸ੍ਰੀ ਸਤੀਸ਼ ਸਚਦੇਵਾ ਮਾਸ ਮੀਡੀਆ ਅਫਸਰ, (ਆਪਣੀ ਸੇਵਾ ਮੁਕਤੀ 'ਤੇ) 500/-

ਨਵਜੋਤ ਸਿੰਘ ਰੰਧਾਵਾ, (ਪਿਤਾ ਜੁਗਿੰਦਰ ਸਿੰਘ ਰੰਧਾਵਾ ਦੇ ਸ਼ੋਕ ਸਮਾਗਮ 'ਤੇ) 1000/-

ਜੋਨ ਚੰਡੀਗੜ੍ਹ (ਗੁਰਮੀਤ ਖਰੜ), (ਆਪਣੀ ਲੜਕੀ ਨੂੰ ਪੀ.ਜੀ.ਆਈ. 'ਚ ਨੌਕਰੀ ਮਿਲਣ 'ਤੇ) 500/-

ਇਕਾਈ ਖਰੜ (ਗੁਰਮੀਤ ਖਰੜ), (ਆਪਣੀ ਲੜਕੀ ਨੂੰ ਪੀ.ਜੀ.ਆਈ. 'ਚ ਨੌਕਰੀ ਮਿਲਣ 'ਤੇ) 500/-

ਇਕਾਈ ਰੋਪੜ, ਜਸਬੀਰ ਸਿੰਘ ਭੂਰੜੇ (ਚਮਕੌਰ ਸਾਹਿਬ) 500/-

ਕਾਨੂੰਨ

ਸ਼ੋਰ ਪ੍ਰਦੂਸ਼ਣ 'ਤੇ ਕਾਨੂੰਨੀ ਪਾਬੰਦੀਆਂ

ਹਰਿੰਦਰ ਲਾਲੀ ਐਡਵੋਕੇਟ, ਸੁਨਾਮ, 97792-11000



ਪਰਿਭਾਸ਼ਾ : ਅੰਗ੍ਰੇਜ਼ੀ ਵਿੱਚ ਸ਼ੋਰ/ਰੌਲੇ/ਜ਼ਿਆਦਾ ਅਵਾਜ਼ ਨੂੰ ਨੋਆਇਜ਼ ਕਿਹਾ ਜਾਂਦਾ ਹੈ ਅਤੇ ਸ਼ਬਦ 'ਨੋਆਇਜ਼' ਨੂੰ ਲਾਤੀਨੀ ਭਾਸ਼ਾ ਦੇ ਸ਼ਬਦ 'ਨਓਸੀਆ' ਤੋਂ ਲਿਆ ਗਿਆ ਹੈ। ਸ਼ੋਰ ਤੋਂ ਭਾਵ ਅਣਚਾਹੀ ਆਵਾਜ਼। ਇੱਕ ਉਹ ਆਵਾਜ਼ ਹੁੰਦੀ ਹੈ। ਜਿਸ ਨੂੰ ਸੁਣ ਕੇ ਖੁਸ਼ੀ ਮਹਿਸੂਸ ਹੋਵੇ, ਉਹ ਸੰਗੀਤ ਕਹਾਉਂਦੀ ਹੈ ਪ੍ਰੰਤੂ ਜਿਸ ਆਵਾਜ਼ ਨੂੰ ਸੁਣ ਕੇ ਤਕਲੀਫ ਅਤੇ ਬੇਚੈਨੀ ਹੁੰਦੀ ਹੋਵੇ, ਉਹ ਸ਼ੋਰ ਦੇ ਨਾਮ ਨਾਲ ਜਾਣੀ ਜਾਂਦੀ ਹੈ। ਆਵਾਜ਼ ਦੁਆਰਾ ਪੈਦਾ ਕੀਤੀ ਗਈ ਕਿਸੇ ਵੀ ਬੇਚੈਨੀ, ਤਕਲੀਫ, ਬੇ-ਅਰਾਮੀ, ਤਣਾਓ ਆਦਿ ਨੂੰ ਹੀ ਸ਼ੋਰ ਪ੍ਰਦੂਸ਼ਣ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਵੱਖਰੀ ਵੱਖਰੀ ਕਿਸਮ ਦੀਆਂ ਆਵਾਜਾਂ ਦੁਆਰਾ ਸਾਡੇ ਵਾਤਾਵਰਣ ਵਿੱਚ ਪਾਏ ਗਏ ਵਿਘਨ ਨੂੰ ਹੀ ਸ਼ੋਰ ਪ੍ਰਦੂਸ਼ਣ ਕਿਹਾ ਜਾਂਦਾ ਹੈ।

ਅੰਤਰਰਾਸ਼ਟਰੀ ਨਿਯਮ: ਇੰਗਲੈਂਡ ਵਿੱਚ ਪਹਿਲਾਂ 1974 ਦਾ ਪ੍ਰਦੂਸ਼ਣ ਰੋਕੂ ਕਾਨੂੰਨ, 1996 ਦਾ ਸ਼ੋਰ ਸਬੰਧੀ ਕਾਨੂੰਨ ਅਤੇ 1993 ਦੇ ਪ੍ਰੇਸ਼ਾਨੀ ਰੋਕਣ ਵਾਲੇ ਕਾਨੂੰਨ ਰਾਹੀਂ ਰਾਤ ਅਤੇ ਦਿਨ ਦੇ ਸਮੇਂ ਕੀਤੇ ਜਾਣ ਵਾਲੇ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਸਖਤ ਵਿਵਸਥਾਵਾਂ ਕੀਤੀਆਂ ਗਈਆਂ ਹਨ। ਅਮਰੀਕਾ ਦੇ 1970 ਦੇ ਸ਼ੋਰ ਪ੍ਰਦੂਸ਼ਣ ਸਮਾਪਤੀ, ਜਨ ਸਿਹਤ ਅਤੇ ਕਲਿਆਣ ਵਿੱਚ ਦਰਜ ਸ਼ੋਰ ਰੋਕੂ ਚੈਪਟਰ 65, ਚੀਨ ਦੇ 1996 ਵਿੱਚ ਅਪਣਾਏ ਗਏ ਸ਼ੋਰ ਪ੍ਰਦੂਸ਼ਣ ਦੀ ਰੋਕ ਅਤੇ ਕੰਟਰੋਲ ਐਕਟ, ਆਸਟਰੇਲੀਆ ਦੇ 1975 ਦੇ ਸ਼ੋਰ ਕੰਟਰੋਲ ਕਾਨੂੰਨ, ਮੋਨਗੋਮਟੀ ਕਾਉਂਟੀ ਸ਼ੋਰ ਕੰਟਰੋਲ ਅਧਿਆਦੇਸ਼, ਜਪਾਨ ਅਤੇ ਕਈ ਹੋਰ ਦੇਸ਼ਾਂ ਦੇ ਸ਼ੋਰ ਰੈਗੁਲੇਸ਼ਨ ਕਾਨੂੰਨ ਵਿੱਚ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਸਬੰਧੀ ਲੋੜੀਂਦੇ ਪ੍ਰਬੰਧ ਕੀਤੇ ਹਨ, ਇਨ੍ਹਾਂ ਨੂੰ ਲਾਗੂ ਕਰਨ ਲਈ ਪੁਲਿਸ ਦੀ ਜ਼ਿੰਮੇਵਾਰੀ ਵੀ ਤਹਿ ਕੀਤੀ ਗਈ ਹੈ ਅਤੇ ਪੁਲਿਸ ਨੂੰ ਲੋੜ ਅਨੁਸਾਰ ਸ਼ਕਤੀ ਵਰਤਣ ਦਾ ਅਧਿਕਾਰ ਵੀ ਦਿੱਤਾ ਗਿਆ ਹੈ।

ਭਾਰਤੀ ਨਿਯਮਾਂ ਵਾਲੀਆਂ ਅਤੇ ਅਦਾਲਤੀ ਰਵਈਆ: ਭਾਰਤ ਵਿੱਚ ਸ਼ੋਰ ਪ੍ਰਦੂਸ਼ਣ (ਰੈਗੂਲੇਸ਼ਨ ਅਤੇ ਕੰਟਰੋਲ) ਨਿਯਮ 2000, ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀਆਂ ਧਾਰਾਵਾਂ 268, 290, 291, ਜਾਬਤਾ ਫੌਜਦਾਰੀ (Cr. P.C.) ਦੀ ਧਾਰਾ 133, ਫੈਕਟਰੀਆਂ ਦਾ ਕਾਨੂੰਨ 1948, ਮੋਟਰ ਵਹੀਕਲਜ਼ ਐਕਟ, 1988 ਅਤੇ ਮੋਟਰ ਵਹੀਕਲਜ਼ ਨਿਯਮ, ਲਾਅ ਆਫ ਟਾਰਟਸ, ਹਵਾਈ ਪ੍ਰਦੂਸ਼ਣ (ਰੋਕੂ ਅਤੇ ਕਾਬੂ ਕਰਨ) ਕਾਨੂੰਨ 1981, ਵਾਤਾਵਰਣ (ਰੱਖਿਆ) ਕਾਨੂੰਨ 1986 ਆਦਿ ਰਾਹੀਂ ਸਮੇਂ ਸਮੇਂ ਤੇ ਹੋਣ ਵਾਲੇ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਕਈ ਪ੍ਰਕਾਰ ਦੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ। 1958 ਦੇ ਕ੍ਰੋੜੀ ਮੱਲ ਬਿਸ਼ੰਬਰ ਦਿਆਲ ਬਨਾਮ ਪੰਜਾਬ ਸਰਕਾਰ ਦੇ ਕੇਸ ਤੋਂ ਲੈ ਕੇ ਬੂਬਨ ਰਾਮ ਵਗੈਰਾ ਬਨਾਮ ਬੀਭੂਤੀ ਵਿਸ਼ਵਾਸ਼ ਸਾਲ 1919, ਰਬਿਨ ਮੁਕਰਜੀ ਬਨਾਮ ਪੱਛਮੀ ਬੰਗਾਲ ਸਰਕਾਰ ਸਾਲ 1985, ਪੀਪਲ ਯੁਨਾਈਟਡ ਫਾਰ ਬੈਟਰ ਲਿੰਵਿੰਗ ਇਨ ਕਲਕੱਤਾ ਬਨਾਮ ਪੱਛਮੀ ਬੰਗਾਲ ਸਰਕਾਰ ਸਾਲ 1993, ਚਰਚ ਆਫ ਗੌਡ ਇਨ ਇੰਡੀਆ ਬਨਾਮ ਕੇ.ਕੇ. ਆਫ ਮੈਜੈਸਟਿਕ ਕਲੋਨੀ ਵੈਲਫੇਅਰ ਐਸੋਸੀਏਸ਼ਨ ਸਾਲ 2000, ਐਮ.ਸੀ. ਮਹਿਤਾ ਬਨਾਮ ਭਾਰਤ ਸਰਕਾਰ ਸਾਲ 2004 ਅਤੇ ਭਾਰਤੀ ਸੁਪਰੀਮ ਕੋਰਟ ਵਿੱਚ ਵਿਸਥਾਰ ਵਿੱਚ ਵਿਚਾਰੇ ਗਏ ਕੇਸਰਿੱਟ ਪਟੀਸ਼ਨ ਨੰਬਰ 72 ਅਤੇ ਸਿਵਲ ਅਪੀਲ ਨੰਬਰ 3735 ਸਾਲ 2005 ਵਿੱਚ ਬਾਖੂਬੀ ਤੌਰ ਤੇ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਸਬੰਧੀ ਅਨੇਕਾਂ ਇਤਿਹਾਸਕ ਫੈਸਲੇ ਕੀਤੇ ਜਾਂਦੇ ਰਹੇ ਹਨ, ਜਿਨ੍ਹਾਂ ਨੂੰ ਲਾਗੂ ਕਰਨ ਵਿਚ ਸਰਕਾਰ, ਪ੍ਰਸ਼ਾਸ਼ਨ, ਰਾਜਸੀ ਆਗੂਆਂ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਕੋਈ ਰੁਚੀ ਨਹੀਂ ਵਿਖਾਈ ਗਈ।

ਹਦਾਇਤਾਂ : ਉੱਪਰ ਦਸੇ ਗਏ ਕੇਸ ਰਿੱਟ ਪਟੀਸ਼ਨ ਨੰਬਰ 72 ਅਤੇਸਿਵਲ ਅਪੀਲ ਨੰਬਰ 3735 ਸਾਲ 2005 ਕੇਸ ਦੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਬਹੁਤ ਸਖਤ ਅਤੇ ਸਪਸ਼ਟ ਹਦਾਇਤਾਂ ਜਾਰੀ ਕੀਤੀਆਂ ਹਨ ਜੋ ਇਸ ਪ੍ਰਕਾਰ ਹਨ:

ਬੰਬ ਪਟਾਕਿਆਂ ਬਾਰੇ : ਪਟਾਕੇ ਬਣਾਉਣ ਸਮੇਂ ਉਨ੍ਹਾਂ ਵਿੱਚ ਮਿੱਥੀ ਮਿਕਦਾਰ ਤੋਂ ਵੱਧ ਧਮਾਕਾ ਖੇਜ਼ ਸਮੱਗਰੀ (ਰਸਾਇਣਕ ਪਦਾਰਥ) ਨਹੀਂ ਪਾਏ ਜਾਣਗੇ। ਇਸ ਦੀ ਨਿਗਰਾਨੀ ਧਮਾਕਾ ਵਿਭਾਗ (Department of Explosives) ਵੱਲੋਂ ਕੀਤੀ ਜਾਵੇਗੀ। ਇਸ ਅਨੁਸਾਰ ਰਾਤ ਦੇ 10 ਵਜੇ ਤੋਂ ਲੈ ਕੇ ਸਵੇਰ ਦੇ 6 ਵਜੇ ਤੱਕ ਆਵਾਜ਼ ਪੈਦਾ ਕਰਨ ਵਾਲੇ ਪਟਾਖੇ ਚਲਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਪਟਾਕੇ ਬਣਾਉਣ ਵਾਲੇ ਹਰੇਕ ਪਟਾਕੇ ਦੇ ਡੱਬੇ ਉੱਪਰ ਉਸ ਵਿੱਚ ਵਰਤੀ ਗਈ ਧਮਾਕਾਖੇਜ਼ ਸਮੱਗਰੀ ਦੀ ਮਿਕਦਾਰ ਦਰਜ਼ ਕਰਨਗੇ ਅਤੇ ਅਜਿਹਾ ਨਾ ਕਰਨ ਵਾਲੇ ਦੇ ਖਿਲਾਫ ਕਾਨੂੰਨੀ ਕਾਰਵਾਈ ਹੋਵੇਗੀ।

ਲਾਊਡ ਸਪੀਕਰ : ਕਿਸੇ ਵੀ ਜਨਤਕ ਸਥਾਨ ਉੱਪਰ ਜਾਣ ਵਾਲੇ ਲਾਊਡ ਸਪੀਕਰ ਦੀ ਆਵਾਜ਼ 10 ਡੈਸੀਬਲ (ਏ) ਤੋਂ ਵੱਧ ਨਹੀਂ ਹੋਵੇਗੀ। ਇਸ ਅਨੁਸਾਰ ਰਾਤ 10 ਵਜੇ ਤੋਂ ਲੈ ਕੇ ਸਵੇਰ ਦੇ 6 ਵਜੇ

ਦਰਮਿਆਨ ਢੋਲ ਕੁੱਟਣ, ਟਮ ਟਮ ਜਾਂ ਬਿਗਲ-ਨਰਸਿੰਗਾ ਵਜਾਉਣ, ਕਿਸੇ ਪ੍ਰਕਾਰ ਦੀ ਆਵਾਜ਼ ਪੈਦਾਕਰਨ ਵਾਲੇ ਯੰਤਰ, ਲਾਊਡ ਸਪੀਕਰ ਜਾਂ ਐਮਪਲੀਫਾਇਰ ਨੂੰ ਵਰਤਣ ਤੇ ਮੁਕੰਮਲ ਪਾਬੰਦੀ ਹੋਵੇਗੀ। ਬੇਸ਼ਰਤੇ ਕਿ ਕੋਈ ਸੰਕਟ ਕਾਲ ਨਾ ਹੋਵੇ। ਨਿੱਜੀ ਸਥਾਨਾਂ ਤੇ 5 ਡੈਸੀਬਲ (ਏ) ਤੋਂ ਵੱਧ ਆਵਾਜ਼ ਨਹੀਂ ਪੈਦਾ ਕੀਤੀ ਜਾ ਸਕੇਗੀ।

ਵਹੀਕਲਾਂ ਦੇ ਸ਼ੋਰ ਵਾਰੇ : ਕਿਸੇ ਵਿਸ਼ੇਸ਼ ਹਾਲਾਤਾਂ ਤੋਂ ਬਿਨ੍ਹਾਂ ਕਿਸੇ ਵੀ ਰਿਹਾਇਸ਼ੀ ਇਲਾਕੇ ਵਿੱਚ ਇਸ ਅਨੁਸਾਰ ਰਾਤ ਦੇ 10 ਵਜੇ ਤੋਂ ਲੈ ਕੇ ਸਵੇਰ ਦੇ 6 ਵਜੇ ਕਿਸੇ ਪ੍ਰਕਾਰ ਦਾ ਹਾਰਨ ਵਜਾਉਣ ਦੀ ਆਗਿਆ ਨਹੀਂ ਹੋਵੇਗੀ।

ਜਾਗਰੂਕਤਾ : ਸੁਪਰੀਮ ਕੋਰਟ ਦਾ ਵਿਚਾਰ ਹੈ ਕਿ ਸ਼ੋਰ ਪ੍ਰਦੂਸ਼ਣ ਦੁਆਰਾ ਹੋਣ ਵਾਲੇ ਨੁਕਸਾਨ ਦੇ ਵਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਬਹੁਤ ਜ਼ਰੂਰਤ ਹੈ। ਵਿਦਿਆਰਥੀਆਂ ਦੀਆਂ ਪਾਠ ਪੁਸਤਕਾਂ ਵਿੱਚ ਉਚਿਤ ਅਧਿਆਏ ਸ਼ਾਮਿਲ ਕੀਤੇ ਜਾਣ ਤਾਂ ਜੋ ਬੱਚਿਆਂ, ਕਿਸ਼ੋਰਾਂ ਅਤੇ ਜੁਆਨਾਂ ਨੂੰ ਵਿਦਿਆ/ਪੜ੍ਹਾਈ ਦੇ ਮੁਢਲੇ ਪੱਧਰ ਤੇ ਹੀ ਲੋੜੀਂਦੀ ਸੱਭਿਅਕ ਸਿੱਖਿਆ ਦਿਤੀ ਜਾ ਸਕੇ। ਸਕੂਲਾਂ ਵਿਚ ਸ਼ੋਰ ਪ੍ਰਦੂਸ਼ਣ ਦੇ ਖਤਰਿਆਂ ਅਤੇ ਬੱਚਿਆਂ, ਕਿਸ਼ੋਰਾਂ ਅਤੇ ਜਵਾਨਾ ਦੀ ਇਸਨੂੰ ਖਤਮ ਕਰਨ ਵਿੱਚ ਨਿਭਾਈ ਜਾਣ ਵਾਲੀ ਭੂਮਿਕਾ ਬਾਰੇ ਜਾਣਕਾਰੀ ਦੇਣ ਵਾਸਤੇ ਵਿਸ਼ੇਸ਼ ਵਾਰਤਾਲਾਪ ਅਤੇ ਭਾਸ਼ਣਾਂ ਦਾ ਪ੍ਰਬੰਧ ਕੀਤਾ ਜਾਵੇ। ਪੁਲਿਸ ਅਤੇ ਸਿਵਲ ਪ੍ਰਸ਼ਾਸ਼ਨ ਨੂੰ ਇਸ ਹੱਦ ਤਕ ਸਿੱਖਿਅਤ ਕੀਤਾ ਜਾਵੇ ਕਿ ਉਹ ਇਸ ਸਮੱਸਿਆ ਨੂੰ ਖਤਮ ਕਰਨ ਦੇ ਵੱਖਰੇ ਵੱਖਰੇ ਤਰੀਕਿਆਂ ਅਤੇ ਇਸ ਵਿਸ਼ੇ ਨਾਲ ਸਬੰਧਤ ਕਾਨੂੰਨਾਂ ਬਾਰੇ ਚੰਗੀ ਸਮਝ ਰੱਖਣ ਲਗ ਜਾਵੇ।

ਰਾਜ ਸਰਕਾਰ ਇਸ ਕਾਰਵਾਈ ਵਿੱਚ ਲਾਜਮੀ ਤੌਰ ਤੇ ਹੰਭਲਾ ਮਾਰੂ ਕਦਮ ਚੁੱਕੇ। ਰਿਹਾਇਸ਼ੀ ਕਲਿਆਣਕਾਰੀ ਸੇਵਾਵਾਂ, ਕਲੱਬ ਅਤੇ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਦੇ ਕਾਰਜ ਵਿੱਚ ਲੱਗੀਆਂ ਹੋਈਆਂ ਸੰਸਥਾਵਾਂ ਦੀ ਹੌਂਸਲਾ ਅਫਜਾਈ ਕੀਤੀ ਜਾਵੇ ਅਤੇ ਸਥਾਨਕ ਪ੍ਰਸ਼ਾਸ਼ਨ ਇਸ ਵਿੱਚ ਜੋਸ਼ੋ ਖਰੋਸ਼ ਨਾਲ ਸ਼ਾਮਿਲ ਹੋਵੇ।

ਕਈ ਪ੍ਰਕਾਰ ਦੇ ਤਿਉਹਾਰਾਂ ਦੀਵਾਲੀ ਦੁਸ਼ਹਿਰਾ, ਨਵਾਂ ਸਾਲ ਆਦਿ ਜਿਹੇ ਮੌਕਿਆਂ ਤੇ ਜਿੱਥੇ ਬੰਬ ਪਟਾਖੇ ਚਲਾਏ ਜਾਂਦੇ ਹੋਣ ਉਸ ਮੌਕੇ ਤੇ ਬੰਬ ਪਟਾਖੇ ਚਲਾਉਣ ਤੇ ਸ਼ੋਰ ਪੈਦਾ ਕਰਨ ਤੋਂ ਖੁਦ ਹੀ ਹੱਟ ਜਾਣ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮਾ ਚਲਾਈਆਂ ਜਾਣ। ਇਹ ਹਿਦਾਇਤਾਂ ਭਾਰਤੀ ਸੰਵਿਧਾਨ ਦੇ ਅਨੁਛੇਦ 141 ਤੇ 142 ਦੇ ਤਹਿਤ ਦਿੱਤੀਆਂ ਗਈਆਂ ਹਨ। ਸਾਡਾ ਵੀ ਮੁੱਢਲਾ ਫਰਜ ਬਣਦਾ ਹੈ ਕਿ ਚੰਗੇਰੀ ਜਿੰਦਗੀ ਜਿਉਂਣ ਲਈ ਇਨ੍ਹਾਂ ਹਦਾਇਤਾਂ ਦੀ ਖੁਦ ਪਾਲਣਾ ਕਰੀਏ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰੀਏ।

ਆਮ ਵਿਅਕਤੀ ਕੀ ਕਰ ਸਕਦਾ ਹੈ? ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਆਮ ਵਿਅਕਤੀ ਉਸ ਦੇ ਆਲੇ ਦੁਆਲੇ ਪੈਦਾ ਹੋ ਰਹੇ ਸ਼ੋਰ ਸ਼ਰਾਬੇ ਨੂੰ ਬੰਦ ਕਰਵਾਉਣ ਲਈ ਕਿਵੇਂ ਕਿੱਥੇ ਅਤੇ ਕਿਸ ਜਰੀਏ ਕਿਸ ਹੱਦ ਤੱਕ ਆਪਣੇ ਵੱਲੋਂ ਚਾਰਜੋਈ ਕਰ ਸਕਦਾ ਹੈ। ਇਸ ਵਾਰੇ ਵਾਤਾਵਰਨ ਰੱਖਿਆ ਕਾਨੂੰਨ 1986 ਅਤੇ ਸ਼ੋਰ ਪ੍ਰਦੂਸ਼ਣ (ਰੈਗੂਲੇਸ਼ਨ ਅਤੇ ਕੰਟਰੋਲ) ਨਿਯਮ 2000 ਬਾਰੇ ਲੋੜੀਂਦੀ ਜਾਣਕਾਰੀ ਕਾਫੀ ਲਾਭਦਾਇਕ ਸਾਬਿਤ ਹੋ ਸਕਦੀ ਹੈ। ਜਿਵੇਂ ਵਾਤਾਵਰਨ (ਰੱਖਿਆ), ਕਾਨੂੰਨ 1986 ਦੀ ਧਾਰਾ 25 ਵਿੱਚ ਵਿਵਸਥਾ ਕੀਤੀ ਗਈ ਹੈ) ਕਿ ਭਾਰਤੀ ਸੰਸਦ ਵਾਤਾਵਰਣ ਕਾਨੂੰਨ ਪਲੀਤ ਹੋਣ ਲਈ ਨਿਯਮ ਬਣਾ ਸਕਦੀ ਹੈ। ਸਾਲ 2000 ਵਿੱਚ ਭਾਰਤੀ ਸੰਸਦ ਨੂੰ ਵਾਤਾਵਰਣ ਰੱਖਿਅਕ ਨੂੰ 1986 ਦੀ ਧਾਰਾ 25 ਤਹਿਤ ਮਿਲੇ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ 'ਸ਼ੋਰ ਪ੍ਰਦੂਸ਼ਣ (ਰੈਗੂਲੇਸ਼ਨ ਅਤੇ ਕੰਟਰੋਲ) ਨਿਯਮ 2000 ਬਣਾ ਕੇ ਲਾਗੂ ਕਰ ਦਿੱਤਾ' ਇਸ ਵਿੱਚ ਨਿਯਮ 3 ਵਿੱਚ ਦਰਜ ਹੈ ਕਿ ਹਰ ਪਾਸੇ ਦੀ ਹਵਾ ਦੇ ਮਿਆਰਾਂ ਨੂੰ ਵੱਖਰੇ ਵੱਖਰੇ ਇਲਾਕਿਆਂ ਦੇ ਜੋਨਾਂ, ਵਰਗਾਂ ਵਾਸਤੇ ਨਿਸ਼ਚਿਤ ਕੀਤਾ ਜਾਵੇ ਅਤੇ ਇਸ ਨਿਯਮ ਨੂੰ ਲਾਗੂ ਕਰਨ ਲਈ ਅਤੇ ਅਜਿਹੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਅਤੇ ਸ਼ਕਤੀ ਸੰਪਨ ਸੰਸਥਾਵਾਂ ਸਥਾਪਿਤ ਕੀਤੀਆਂ ਜਾਣਗੀਆਂ। ਰੂਲ ਨੰ: 4 ਵਿੱਚ ਦਰਜ ਹੈ ਕਿ ਐਸ.ਡੀ.ਐਮ. /ਡਿਪਟੀ ਕਮਿਸ਼ਨਰ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਕੇ ਉਨ੍ਹਾਂ ਦੇ ਪ੍ਰਬੰਧਨ ਅਧੀਨ ਆਏ ਹੋਏ ਇਲਾਕੇ ਵਿੱਚ ਪੈਦਾ ਹੋ ਰਹੇ ਸ਼ੋਰ ਪ੍ਰਦੂਸ਼ਣ ਨੂੰ ਬੰਦ ਕਰਵਾਉਣ। ਕਹਿਣ ਦਾ ਭਾਵ ਹੈ ਕਿ ਕੋਈ ਵੀ ਵਿਅਕਤੀ ਉਸਦੇ ਆਲੇ ਦੁਆਲੇ ਪੈਦਾ ਹੋ ਰਹੇ ਸ਼ੋਰ ਪ੍ਰਦੂਸ਼ਣ ਨੂੰ ਬੰਦ ਕਰਵਾਉਣ ਲਈ ਆਪਣੀ ਸਹੂਲਤ ਮੁਤਾਬਿਕ ਆਪਣੇ ਇਲਾਕੇ ਦੇ ਐਸ.ਡੀ.ਐਮ./ਡਿਪਟੀ ਕਮਿਸ਼ਨਰ ਨੂੰ ਸਧਾਰਨ ਅਰਜ਼ੀ ਦੇ ਸਕਦਾ ਹੈ। ਅਥਾਰਟੀ (ਐਸ.ਡੀ.ਐਮ/ਡਿਪਟੀ ਕਮਿਸ਼ਨਰ) ਤੋਂ ਮੰਜ਼ੂਰੀ ਪ੍ਰਾਪਤ ਕੀਤੇ ਬਿਨ੍ਹਾਂ ਕੋਈ ਲਾਊਡ ਸਪੀਕਰ ਜਾਂ ਜਨਤਕ ਸੰਬੋਧਨੀ ਕਲ ਪੁਰਜਾ ਨਹੀਂ ਵਰਤਿਆ ਜਾ ਸਕੇਗਾ। ਕੋਈ ਵੀ ਲਾਊਡ ਸਪੀਕਰ ਜਾਂ ਜਨਤਕ ਸੰਬੋਧਨੀ ਕਲ ਪੁਰਜਾ ਰਾਤ ਦੇ 10 ਵਜੇ ਤੋਂ ਲੈ ਕੇ ਸਵੇਰ ਦੇ 6 ਵਜੇ ਦਰਮਿਆਨ ਬਿਲਕੁਲ ਵੀ ਨਹੀਂ ਵਰਤਿਆ ਜਾ ਸਕਦਾ। ਇਸ ਤੋਂ ਬਿਨ੍ਹਾਂ ਬਾਕੀ ਸਮੇਂ ਵਿੱਚ ਵੀ ਨਿਜੀ ਸਥਾਨਾ ਤੇ ਪੰਜ ਡੈਸੀਮਲ (ਏ) ਜਨਤਕ ਸਥਾਨਾਂ ਤੇ 10 ਡੈਸੀਮਲ ਤੋਂ ਵੱਧ ਆਵਾਜ਼ ਨਹੀਂ ਪੈਦਾ ਕੀਤੀ ਜਾ ਸਕੇਗੀ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਣ ਵਾਲਿਆਂ ਸਬੰਧੀ ਵਾਤਾਵਰਣ ਰੱਖਿਆ ਦੇ ਕਾਨੂੰਨ 1986 (Environment Protection Act 1986) ਦੀ ਧਾਰਾ 15 ਵਿੱਚ ਵੀ ਬਹੁਤ ਸਪਸ਼ਟ ਵਿਵਸਥਾ ਕੀਤੀ ਹੋਈ ਹੈ। ਕਿ ਕੋਈ ਵੀ ਵਿਅਕਤੀ ਜਾਂ ਸੰਸਥਾ ਜੇਕਰ ਇਸ ਕਾਨੂੰਨ ਤਹਿਤ ਬਣਾਏ ਗਏ ਕਿਸੇ ਨਿਯਮ, ਹੁਕਮ ਜਾਂ ਹਿਦਾਇਤ ਦੀ ਪਾਲਣਾ ਕਰਨ ਵਿੱਚ ਅਸਮਰਥ ਰਹਿੰਦੀ ਹੈ ਜਾਂ ਉਲੰਘਣਾ ਕੀਤੀ ਜਾਂਦੀ ਹੈ ਜਾਂ ਜ਼ੁਰਮ ਸਾਬਿਤ ਹੋਣ ਤੇ ਅਦਾਲਤ ਵੱਲੋਂ ਉਸ ਨੂੰ 5 ਸਾਲ ਦੀ ਕੈਦ ਜਾਂ 1 ਲੱਖ ਰੁਪਏ ਜੁਰਮਾਨਾ ਕੀਤੀ ਜਾ ਸਕਦਾ ਹੈ ਅਤੇ ਜੇਕਰ

ਅਜਿਹੀ ਸਜਾ ਹੋਣ ਉਪਰੰਤ ਫੇਰ ਵੀ ਅਜਿਹੀ ਸ਼ੋਰ ਪ੍ਰਦੂਸ਼ਣ ਪੈਦਾ ਕਰਨ ਵਾਲੀ ਗਤੀਵਿਧੀ ਜਾਰੀ ਰਹਿੰਦੀ ਹੈ ਤਾਂ ਉਕਤ ਦੰਡ ਦੇ ਨਾਲ ਨਾਲ ਉਸ ਨੂੰ ਪ੍ਰਤੀਦਿਨ ਦਾ 5000 ਰੁਪਏ ਵਧੀਕ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ਅਤੇ ਜੇਕਰ ਅਜਿਹੀ ਉਲੰਘਣਾ ਲਗਾਤਾਰ 1 ਸਾਲ ਤੱਕ ਜਾਰੀ ਰਹਿੰਦੀ ਹੈ ਤਾਂ ਉੱਪਰ ਦਰਜ 5 ਸਾਲ ਵਾਲੀ ਕੈਦ ਨੂੰ 7 ਸਾਲ ਤੱਕ ਵੀ ਵਧਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਇੰਜੀਨੀਅਰ/ਐਕਸੀਅਨ ਜਾਂ ਸਹਾਇਕ ਇੰਜਨੀਅਰ ਵੱਲੋਂ ਵੀ ਸਮੇਂ ਸਮੇਂ ਤੇ ਸ਼ੋਰ ਪ੍ਰਦੂਸ਼ਣ ਦੀ ਨਿਗਰਾਨੀ (ਮੋਨਿਟਰਿੰਗ) ਕਰਕੇ ਉਸ ਬਾਬਤ ਅਥਾਰਟੀ ਪਾਸ ਲਿਖਤੀ ਰਿਪੋਰਟ ਪੇਸ਼ ਕਰਨੀ ਹੁੰਦੀ ਹੈ। ਜਿਸ ਦੇ ਅਧਾਰ ਤੇ ਉਸ ਵੱਲੋਂ ਦੋਸ਼ੀ ਵਿਅਕਤੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਉਸ ਦਾ ਪੱਖ ਸੁਨਣ ਉਪਰੰਤ ਅਗਲੀ ਕਾਰਵਾਈ ਵੀ ਕੀਤੀ ਜਾਣੀ ਬਣਦੀ ਹੈ। ਸਾਰੇ ਜ਼ਿਲ੍ਹਿਆਂ ਅਤੇ ਸਬ ਡਵੀਜਨਾਂ ਦੀ ਅਥਾਰਟੀ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਚੇਅਰਮੈਨਸ਼ਿਪ ਤਹਿਤ ਉਨ੍ਹਾਂ ਦੇ ਇਲਾਕਿਆਂ ਵਿੱਚ ਪੈਦਾ ਹੋਣ ਵਾਲੇ ਸ਼ੋਰ ਪ੍ਰਦੂਸ਼ਣ ਦੀ ਨਿਗਰਾਨੀ ਕਰਨ ਲਈ ਨਿਗਰਾਨ ਕਮੇਟੀਆਂ ਬਣਾਉਣ ਜਿਨ੍ਹਾਂ ਵਿੱਚ ਤਹਿਸੀਲਦਾਰ ਬਤੌਰ ਨੋਡਲ ਅਫਸਰ, ਡੀ.ਐਸ.ਪੀ., ਕਾਰਜ ਸਾਧਕ ਅਫਸਰ, ਪੰਜਾਬ ਪ੍ਰਦੂਸ਼ਣ ਕੰਟਰੋਲ ਦੇ ਸੰਬੰਧਤ ਅਧਿਕਾਰੀ ਅਤੇ ਕੁਝ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਿਲ ਕੀਤੇ ਜਾਣ ਅਤੇ ਅਜਿਹੀਆਂ ਕਮੇਟੀਆਂ ਲਗਾਤਾਰ ਆਪਣੀਆਂ ਕੋਸ਼ਿਸ਼ਾਂ ਰਾਹੀਂ ਇਲਾਕੇ ਵਿੱਚ ਹੋ ਰਹੇ ਸ਼ੋਰ ਪ੍ਰਦੂਸ਼ਣ ਨੂੰ ਬੰਦ ਕਰਕੇ ਲੋਕਾਂ ਨੂੰ ਸ਼ਾਂਤੀ ਨਾਲ ਰਹਿਣ ਦਾ ਅਧਿਕਾਰ ਮੁਹੱਈਆ ਕਰਵਾਕੇ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ। ਵਰਨਣਯੋਗ ਹੈ ਕਿ ਨੋਡਲ ਅਫਸਰ ਦੀ ਜਿੰਮੇਵਾਰੀ ਹੁੰਦੀ ਹੈ ਕਿ ਉਹ ਕਮੇਟੀ ਦੇ ਬਾਕੀ ਮੈਂਬਰਾਂ ਨਾਲ ਰਾਬਤਾ ਬਣਾਕੇ ਕਮੇਟੀ ਦੀ ਕਾਰਵਾਈ ਚਲਾਉਣ ਉਪਰੰਤ ਚੇਅਰਮੈਨ ਨੂੰ ਲਗਾਤਾਰ ਰਿਪੋਰਟਿੰਗ ਕਰਦਾ ਰਹੇਗਾ। ਪਰ ਜੋ ਵੀ ਸ਼ਿਕਾਇਤਾਂ ਹੁੰਦੀਆਂ ਹਨ ਉਹ ਚੇਅਰਮੈਨ / ਐਸ.ਡੀ.ਐਮ. / ਡੀ.ਸੀ. ਪਾਸ ਹੀ ਪੇਸ਼ ਕੀਤੀਆਂ ਜਾਣੀਆਂ ਹੁੰਦੀਆਂ ਹਨ। ਸੋ ਆਓ ਆਪਾਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇੱਕ ਸ਼ਾਂਤ ਵਾਤਾਵਰਣ ਸਿਰਜਨ ਵਿੱਚ ਆਪਣਾ ਇਤਿਹਾਸਕ ਯੋਗਦਾਨ ਪਾ ਕੇ ਆਪਣਾ ਫਰਜ਼ ਨਿਭਾਈਏ।

ਸ਼ਰਧਾਲੂਆਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਡੇਰਿਆਂ ਵਿਚ ਜਾਣ ਤੇ ਰੋਕ ਲਗਾਉਣ ਲਈ ਤਰਕਸ਼ੀਲਾਂ ਨੇ ਚੋਣ-ਕਮਿਸ਼ਨ ਨੂੰ ਲਿੱਖੀ ਚਿੱਠੀ (ਕੁਝ ਅੰਸ਼)

ਭਾਰਤ ਦੇ ਮੁਖ ਚੋਣ ਕਮਿਸ਼ਨ ਵੱਲੋਂ ਜਾਰੀ ਮਾਡਲ ਕੋਡ ਆਫ ਕੰਡਕਟ ਦੇ ਪਹਿਰਾ ਨੰਬਰ ਤਿੰਨ ਅਨੁਸਾਰ ਕੋਈ ਵੀ ਰਾਜਨੀਤਿਕ ਪਾਰਟੀ ਜਾਂ ਉਮੀਦਵਾਰ ਕਿਸੇ ਵੀ ਧਾਰਮਿਕ ਸਥਾਨ ਤੋਂ ਜਿਵੇਂ ਕਿ ਮੰਦਿਰ, ਮਸਜਿਦ, ਗੁਰਦੁਆਰਾ, ਚਰਚ ਜਾਂ ਕਿਸੇ ਵੀ ਪੂਜਾ ਸਥਾਨ ਤੋਂ ਆਪਣੇ ਹੱਕ ਵਿਚ ਚੋਣ ਪਰਚਾਰ ਨਹੀਂ ਕਰ ਜਾਂ ਕਰਵਾ ਸਕਦਾ ਅਤੇ ਇਥੇ ਵੋਟਾਂ ਹਾਸਿਲ ਕਰਨ ਲਈ ਕਿਸੇ ਕਿਸਮ ਦੀ ਅਪੀਲ ਵੀ ਨਹੀਂ ਕੀਤੀ ਜਾ ਸਕਦੀ। ਜੇਕਰ ਕਰ ਕੋਈ ਇਸ ਐਕਟ-1988 ਦੀ ਧਾਰਾ-3 ਦੀ ਉਲੰਘਣਾ ਕਰਦਾ ਹੈ ਤਾਂ ਦੋਸ਼ੀ ਨੂੰ 5 ਸਾਲ ਦੀ ਕੈਦ ਅਤੇ ਜ਼ੁਰਮਾਨਾ ਹੋ ਸਕਦਾ ਹੈ ਅਤੇ ਜੇਕਰ ਕੋਈ ਪ੍ਰਬੰਧਕ ਧਾਰਾ-7 ਤਹਿਤ ਹੋਈ ਉਲੰਘਣਾ ਦੀ ਸੂਚਨਾ ਪੁਲੀਸ ਨੂੰ ਨਹੀਂ ਦਿੰਦਾ ਤਾਂ ਉਸ ਵਿਰੁਧ ਵੀ ਕੇਸ ਦਰਜ਼ ਹੋ ਸਕਦਾ ਹੈ। ਭਾਰਤ ਭਾਵੇਂ ਇਕ ਲੋਕਤਾਂਤਰਿਕ ਦੇਸ਼ ਹੈ ਪਰ ਇਥੇ ਜਿਆਦਤਰ ਸਿਆਸੀ ਲੋਕ ਚੋਣਾਂ ਸਮੇਂ ਲੋਕਾਂ ਨੂੰ ਕਥਿਤ ਤੌਰ ਤੇ, ਜਿਥੇ ਧਨ-ਦੋਲਤ ਤੇ ਨਸ਼ੇ ਦਾ ਲਾਲਚ ਦੇ ਕੇ ਅਤੇ ਆਪਣੀ ਤਾਕਤ ਦੀ ਵਰਤੋਂ ਕਰਕੇ ਵੋਟਾਂ ਹਾਸਿਲ ਕਰਦੇ ਆ ਰਹੇ ਹਨ ਉਥੇ ਭਾਸ਼ਾ, ਧਰਮ, ਜਾਤ, ਬਰਾਦਰੀ, ਇਲਾਕੇ ਦੇ ਨਾਂਅ ਤੇ ਵੋਟਰਾਂ ਨੂੰ ਗੁੰਮਰਾਹ ਕਰਕੇ ਵੋਟਾਂ ਵੀ ਹਾਸਿਲ ਕਰਦੇ ਹਨ। ਜਿਸ ਕਰਕੇ ਚੰਗੇ, ਇਮਾਨਦਾਰ ਅਤੇ ਯੋਗ ਉਮੀਦਵਾਰ ਇਸ ਚੋਣ ਪ੍ਰਕਿਰਿਆ ਵਿਚ ਸਫਲਤਾ ਹਾਸਿਲ ਨਹੀਂ ਕਰ ਸਕਦੇ ਅਤੇ ਇਸ ਤਰ੍ਹਾਂ ਲੋਕਤਾਂਤਰਿਕ-ਪ੍ਰਕਿਰਿਆ ਤੋਂ ਬਾਹਰ ਰਹਿ ਜਾਂਦੇ ਹਨ। ਡੇਰਾਵਾਦ ਅਤੇ ਸਿਆਸਤ ਦਾ ਇਹ ਗਠਜੋੜ ਜਿਥੇ ਡੇਰਾਵਾਦ ਵਧਾ ਕੇ ਲੋਕਾਂ ਵਿਚ ਹੋਰ ਅੰਧਵਿਸ਼ਵਾਸ਼ ਪੈਦਾ ਕਰ ਰਿਹਾ, ਉਥੇ ਦੇਸ਼ ਦੀ ਸਿਆਸਤ ਵਿਚ ਦਖਲ ਅੰਦਾਜੀ ਕਰਕੇ ਦੇਸ਼ ਦੇ ਭਵਿੱਖ ਨੂੰ ਡਾਵਾਂਡੋਲ ਕਰ ਰਿਹਾ ਹੈ ਜਿਸ ਕਾਰਨ ਦੇਸ਼ ਵਿਚ ਮੌਜੂਦ ਬਹੁਤੀ ਵਸੋਂ ਦੀਆ ਸਮੱਸਿਆਂਵਾਂ ਬੜੀ ਤੇਜ਼ੀ ਨਾਲ ਵਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਵੇਂ ਇਨ੍ਹਾਂ ਡੇਰਿਆਂ ਦੇ ਕਈ ਸਵਾਮੀ ਕਈ ਮਾਣਯੋਗ ਅਦਾਲਤਾਂ ਵਿਚ ਖਤਰਨਾਕ ਕਿਸਮ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ ਪਰ ਡੇਰਿਆਂ ਵਿਚ ਜਾ ਕੇ ਕੁੱਝ ਸਿਆਸੀ ਲੋਕ ਆਪਣੀ ਖੁਦਗਰਜ਼ੀ ਲਈ ਇਨ੍ਹਾਂ ਕੋਲੋਂ ਵੋਟਾਂ ਮੰਗ ਕੇ ਇਨ੍ਹਾਂ ਦੀ ਅਹਿਮੀਅਤ ਹੋਰ ਵਧਾ ਰਹੇ ਹਨ। ਇਸ ਵਰਤਾਰੇ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਬੁਰਜੂਆ ਸਿਆਸਤ ਅੱਜ ਵੀ ਇਹ ਚਾਹੁੰਦੀ ਕਿ ਗਰੀਬ ਲੋਕ ਡੇਰਾਵਾਦ ਦੇ ਕਿਸਮਤਵਾਦੀ ਫਲਸਫੇ ਵਿਚ ਹੀ ਫਸੇ ਰਹਿਣ ਅਤੇ ਆਪਣੀਆਂ ਕੀਮਤੀ ਵੋਟਾਂ ਕਿਸੇ ਸੂਝਵਾਨ ਉਮੀਦਵਾਰ ਨੂੰ ਨਾ ਪਾਉਣ।

ਵਿਆਹ ਲਈ ਇਸ਼ਤਿਹਾਰ

ਬੀ.ਟੈਕ.ਕੰਪਿਊਟਰ ਇੰਜਨੀਅਰ , ਕੱਦ 5 ਫੁੱਟ 4 ਇੰਚ, ਜਨਮ ਸਾਲ 1988, ਲੜਕੀ, ਜਿਹੜੀ ਦੋ ਸਾਲ ਤੋਂ ਐਮ.ਐਨ.ਸੀ.ਆਈ.ਟੀ. ਕੰਪਨੀ 'ਚ ਸਰਵਿਸ ਕਰ ਰਹੀ ਹੈ, ਲਈ ਅਗਾਂਹਵਧੂ ਵਿਚਾਰਾਂ ਤੇ ਬਰਾਬਰਤਾ ਦੀ ਯੋਗਤਾ ਵਾਲੇ ਲੜਕੇ ਦੀ ਜ਼ਰੂਰਤ ਹੈ।।

ਸੰਪਰਕ ਪਤਾ: 98151-69825

ਇਟਲੀ 'ਚ ਰਹਿ ਰਹੀ 25 ਸਾਲਾਂ ਇਲੈਕਟਰਿਕ ਮਕੈਨਿਕ ਦੀ ਪੱਕੀ ਨੌਕਰੀ 'ਤੇ ਕੰਮ ਕਰਦੀ ਅਤੇ ਆਪਣੇ ਘਰ ਦੀ ਮਾਲਕ ਲੜਕੀ ਲਈ ਯੋਗ ਲੜਕੇ ਦੀ ਜ਼ਰੂਰਤ ਹੈ। ਤਰਜੀਹ ਇਟਲੀ 'ਚ ਰਹਿ ਰਹੇ ਲੜਕੇ ਨੂੰ ਦਿੱਤੀ ਜਾਵੇਗੀ। ਕਿਸੇ ਕਿਸਮ ਦੇ ਬੰਧਨ ਤੋਂ ਮੁਕਤ ਵਿਆਹ ਹੋਵੇਗਾ।

ਸੰਪਰਕ ਪਤਾ: 98159-41496

ਇਟਲੀ: 0339-0376-809344,
ਮੋ: 0039-328-5698-964

ਸ਼ਾਇਦ ਅਸੀਂ ਨਹੀਂ ਜਾਣਦੇ

ਵਿਜੈ ਬੰਬੇਲੀ
94634-39075



ਪੌਦਿਆਂ, ਜੀਵਾਂ ਅਤੇ ਮਨੁੱਖ ਦਾ ਪਰਸਪਰ ਸਬੰਧ ਹੈ। ਮਿੱਟੀ ਅਤੇ ਪਾਣੀ ਦੀ ਇਹਨਾਂ ਨਾਲ ਅਣਮਿਣਵੀ ਅੰਤਰਸਬੰਧਿਤਾ ਹੈ। ਇਹ ਇੱਕ ਦੂਜੇ ਦੇ ਪੂਰਕ ਹਨ, ਮਨੁੱਖ ਇਨ੍ਹਾਂ ਤੋਂ ਬਗੈਰ ਜਿੰਦਾ ਨਹੀਂ ਰਹਿ ਸਕਦਾ। ਮਨੁੱਖੀ ਸੱਭਿਆਚਾਰਕ, ਸੱਭਿਆਤਾਵਾਂ ਅਤੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਿੱਚ ਇਹਨਾ ਸਭ ਦਾ ਵਿਸ਼ੇਸ਼ ਮਹੱਤਵ ਹੈ। ਜੈਵਿਕ ਵੰਨ ਸੁਵੰਨਤਾ ਧਰਤੀ ਉਤੇ ਜੀਵਨ ਦੇ ਅਧਾਰ ਦਾ ਵਿਗਿਆਨਕ ਸ੍ਰੋਤ ਹੈ। ਵਿਭਿੰਨ ਪੌਦੇ ਤੇ ਜੀਵ ਸਾਨੂੰ ਬੜੇ ਕਿਸਮ ਦੀਆਂ ਅਤੀ ਜ਼ਰੂਰੀ ਸੇਵਾਵਾਂ ਪ੍ਰਦਾਨਕਰਦੇ ਹਨ। ਇਹ ਪ੍ਰਿਥਵੀ ਉੱਤੇ ਥੋੜ੍ਹੇ ਸਮੇਂ ਦੇ ਤੇ ਲੰਬੇ ਅਰਸੇ ਤੇ ਪ੍ਰਭਾਵਾਂ ਨਾਲ ਅਜਿਹਾ ਵਾਤਾਵਰਣ ਸਿਰਜਦੇ ਹਨ, ਜਿਸ ਤਹਿਤ ਅਸੀਂ ਆਪਣਾ ਜੀਵਨ ਸੁਖੀ ਬਸਰ ਕਰ ਸਕਦੇ ਹਾਂ। ਪੌਦੇ, ਪ੍ਰਾਣੀ, ਕੁਦਰਤੀ ਸੋਮੇ ਅਤੇ ਵਾਤਾਵਰਣ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ। ਇਹੀ ਉਹ ਕੜੀ ਹੈ ਜਿਹੜੀ ਅਸੀਂ ਬੁੱਝ ਨਹੀਂ ਰਹੇ। ਸਿੱਟੇ ਵਜੋਂ ਪੌਦਿਆਂ ਅਤੇ ਜੀਵਾਂ ਦੀਆਂ ਅਨੇਕਾਂ ਕਿਸਮਾਂ ਜਾਂ ਤਾਂ ਲੁਪਤ ਹੋ ਗਈਆਂ ਹਨ ਜਾਂ ਸਦਾ ਸਦਾ ਲਈ ਲੁਪਤ ਹੋਣ ਜਾ ਰਹੀਆਂ ਹਨ। ਇਹ ਸਾਰਾ ਕੁਝ ਮਨੁੱਖੀ ਆਪ ਹੁਦਰੀਆਂ ਦਾ ਨਤੀਜਾ ਹੈ, ਸਿੱਟੇ ਵਜੋਂ ਮਨੁੱਖ ਲਈ ਖੁਦ ਖਤਰੇ ਦੀ ਘੰਟੀ ਹੈ।

ਅਸਿੱਧੇ ਲਾਭ : ਪੌਦਿਆਂ ਅਤੇ ਜੀਵਾਂ ਤੇ ਮਨੁੱਖੀ ਜੀਵਨ ਨੂੰ ਪ੍ਰਾਪਤ ਹੋਣ ਵਾਲੇ ਸਿੱਧੇ ਲਾਭਾਂ ਤੋਂ ਤਕਰੀਬਨ ਅਸੀ ਜਾਣੂੰ ਹਾਂ ਪ੍ਰਤੂ ਅਸਿੱਧੇ ਲਾਭ ਜਿਹਨਾਂ ਬਗੈਰ ਮਨੁੱਖੀ ਜੀਵਨ ਕਲਪਿਆ ਹੀ ਨਹੀਂ ਜਾ ਸਕਦਾ ਬਾਰੇ ਬਹੁਤਿਆਂ ਨੂੰ ਨਹੀਂ ਪਤਾ, ਇਸੇ ਕਰਕੇ ਅਸੀਂ ਪੌਦਿਆਂ ਅਤੇ ਜੀਵਾਂ ਪ੍ਰਤੀ ਬੇ-ਫਿਕਰ ਹਾਂ। ਪੌਦਿਆਂ ਦੇ ਸੰਦਰਭ 'ਚ ਦੋ ਹਰਫੀ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ, 'ਪੰਘੂੜੇ ਤੋਂ ਲੈ ਕੇ ਅਰਥੀ ਤੱਕ ਇਹ ਸਾਡਾ ਬਹੁਪੱਖੀ ਸਾਥ ਨਿਭਾਉਂਦੇ ਹਨ।" ਜੀਵਾਂ ਬਾਬਤ ਆਖ ਸਕਦੇ ਹਾਂ ਕਿ, 'ਗਰਭ ਤੋਂ ਲੈ ਕੇ ਸਿਵਿਆਂ ਤਾਈਂ ਜਾਣ ਤੱਕ ਇਹ ਸਾਨੂੰ ਬੜੀਆਂ ਬਰਕਤਾਂ ਬਖਸ਼ਦੇ ਹਨ।" ਸਾਦ ਮੁਰਾਦੇ ਇਹ ਦੋਵੇਂ, ਫਿਕਰੇ ਡੂੰਘੇ ਅਰਥ ਸਮੋਈ ਬੈਠੇ ਹਨ। ਅਰਥਾਤ ਜੈਵਿਕ ਵਿਭਿੰਨਤਾ ਨੇ ਹੀ ਸਮੁੱਚੀ ਮਨੁੱਖ ਜਾਤੀ ਨੂੰ ਕੁੱਲੀ, ਗੁੱਲੀ ਅਤੇ ਜੁਲੀ ਪ੍ਰਦਾਨ ਕੀਤੀ ਹੈ। ਜਿਥੋਂ ਤੱਕ ਅਸਿੱਧੇ ਲਾਭਾਂ ਦਾ ਸਬੰਧ ਹੈ ਇਹੀ ਉਹ ਚੂਲ ਹੈ ਜਿਹੜੀ ਅਸੀਂ ਭੁੱਲੀ ਬੈਠੇ ਹਾਂ। ਦਰਅਸਲ, ਅਸਿੱਧੇ ਲਾਭਾਂ ਦੀ ਬਦੌਲਤ ਹੀ ਮਨੁੱਖ ਜਿਉਂਦਾ ਹੈ। ਇਹਨਾਂ ਲਾਭਾਂ ਵਿੱਚ ਜਰਖੇਜ਼ ਮਿੱਟੀ, ਸ਼ੁੱਧ ਸਾਫ ਹਵਾ, ਪਾਣੀ ਵਰਖਾ, ਸਾਵਾਂ ਵਾਤਾਵਰਣ, ਭੂਮੀ ਤੇ ਪਾਣੀ ਦੀ ਸੰਭਾਲ, ਊਰਜਾ, ਮੱਲੜ ਅਤੇ ਕੁਦਰਤੀ ਸਾਵਾਂਪਨ ਆਦਿ ਆਉਂਦਾ ਹੈ ਜਿਹਨਾਂ ਬਿਨਾਂ ਨਾ ਤਾਂ ਜੈਵਿਕ ਵਿਭਿੰਨਤਾ ਰਹਿ ਸਕਦੀ ਹੈ ਅਤੇ ਨਾ ਹੀ ਮਨੁੱਖ। ਪੌਦਿਆਂ ਜੀਵਾਂ ਦੇ ਕੁਝ ਅਤੀ ਮਹੱਤਵਪੂਰਨ ਅਸਿੱਧੇ ਲਾਭ ਹਨ :

ੳ) ਪੌਦੇ : ਬਨਸਪਤੀ, ਮਿੱਟੀ ਤੇ ਪਾਣੀ ਦੇ ਵਿਕਾਸ ਅਤੇ ਵਿਸਥਾਰ 'ਚ ਅਹਿਮ ਹਿੱਸਾ ਪਾਉਂਦੀ ਹੈ। ਮਿੱਟੀ ਅਤੇ ਪਾਣੀ ਜੀਵਨ ਦਾ ਆਧਾਰ ਹੈ।

ਮਿੱਟੀ ਧਰਤੀ ਦੀ ਉਪਰਲੀ ਪਰਤ ਦਾ ਉਹ ਹਿੱਸਾ ਹੈ, ਜਿੱਥੇ ਧਰਤੀ ਉਪਰਲਾ ਭੁਰਭੁਰਾ ਪਦਾਰਥ ਅਤੇ ਵਾਯੂਮੰਡਲ (ਤੇ ਭੂਗੋਲਿਕ ਗਤੀਵਿਧੀਆਂ ਅਤੇ ਜੀਵ ਵੀ) ਆਪੋ ਵਿੱਚ ਕ੍ਰਿਆਸ਼ੀਲ ਰਹਿੰਦੇ ਹਨ। ਮੌਸਮਾਂ ਦੇ ਅਸਰ ਹੇਠ ਚਟਾਨਾਂ ਅਤੇ ਧਰਤੀ ਦੀ ਉਪਰਲੀ ਤਹਿ ਤਿੜਕਣ ਟੁੱਟਣ ਦੇ ਸਿੱਟੇ ਵਜੋਂ ਹੋਂਦ ਵਿੱਚ ਆਈ। ਧਰਤੀ ਦੇ ਜਿਸ ਹਿੱਸੇ ਵਿੱਚ ਫਸਲਾਂ ਪੈਦਾ ਹੁੰਦੀਆਂ ਹਨ ਉਹ ਹਿੱਸਾ ਸਿਰਫ 9 ਇੰਚ ਬਾਰੀਕ ਮਿੱਟੀ ਦਾ ਉਪਰਲਾ ਹਿੱਸਾ ਹੁੰਦਾ ਹੈ। ਛੋਟੇ ਛੋਟੇ ਇਕ ਸੈੱਲੀ ਪੌਦੇ ਅਤੇ ਜੀਵਾਣੂ ਇਸ ਵਿਚ ਪਨਪਦੇ ਹਨ। ਇੰਝ ਧਰਤੀ ਦੀ ਤਹਿ ਦੇ ਕਣ ਹੋਰ ਬਾਰੀਕ ਹੋਈ ਜਾਂਦੇ ਹਨ। ਬਨਸਪਤੀ, ਜੀਵ ਜੰਤੂ ਗਲ ਸੜਕੇ ਮਲ੍ਹੜ ਬਣਦੇ ਹਨ ਜਿਹੜੇ ਇਸਨੂੰ ਜਰਖੇਜ਼ ਬਣਾਉਂਦੇ ਹਨ ਪਰ ਇਹ ਬਹੁਤ ਹੌਲੀ ਹੌਲੀ ਅਤੇ ਸਹਿਜ ਨਾਲ ਵਾਪਰਦਾ ਹੈ। ਮਿੱਟੀ ਦੀ ਇਕ ਇੰਚ ਪਰਤ ਤਿਆਰ ਹੋਣ ਵਿੱਚ ਇੱਕ ਹਜ਼ਾਰ ਵਰ੍ਹਾਂ ਲੱਗ ਜਾਂਦਾ ਹੈ ਅਤੇ ਜਰਖੇਜ਼ ਹੋਣ ਵਿੱਚ ਤਿੰਨ ਸਦੀਆਂ। ਜਾਰਜੀਆਂ ਯੂਨੀਵਰਸਿਟੀ ਦੇ ਇਕਾਲੋਜੀ ਮਾਹਿਰਾਂ ਅਨੁਸਾਰ ਸਾਡੀ ਪ੍ਰਿਥਵੀ ਉਪਰਲੀ ਸਾਰੀ ਬਨਸਪਤੀ ਹਰ ਵਰ੍ਹੇ ਲਗਭਗ 143.8 ਅਰਬ ਮੀਟਰ ਟਨ ਜੀਵੀ ਪਦਾਰਥ ਪੈਦਾ ਕਰਦੇ ਹਨ, ਇਸ ਤਰ੍ਹਾਂ ਪ੍ਰਿਥਵੀ ਉਪਰਲਾ ਜੀਵਨ ਦਿਸਦੇ ਜਾਂ ਅਣ ਦਿਸਦੇ ਰੂਪ ਵਿੱਚ ਇਸ ਹਰਿਆਵਲੀ ਕੁਦਰਤ ਕਰਕੇ ਹੀ ਜਿੰਦਾ ਹੈ। ਮਿੱਟੀ ਦੀਆਂ ਉਪਜਾਊ ਪਰਤਾਂ ਸਿਰਜਣ ਤੇ ਸੰਭਾਲਣ ਵਿੱਚ ਬਨਸਪਤੀ ਦਾ ਵੱਡਾ ਯੋਗਦਾਨ ਹੈ। ਵੀਰਾਨ ਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਹੜ੍ਹ ਅਤੇ ਤੇਜ਼ ਹਨੇਰੀਆਂ ਵਿਚ ਇਹ ਭੋ-ਖੋਰ ਬਹੁਤ ਤੇਜ ਹੁੰਦੀ ਹੈ। ਸਿਰਫ ਬਨਸਪਤੀ ਦੀਆਂ ਜੜ੍ਹਾਂ ਹੀ ਜਾਲ ਬਣਾ ਕੇ ਮਿੱਟੀ ਬਚਾਉਂਦੀਆਂ ਹਨ। ਭੋ-ਮਾਹਿਰ ਕਮਲਾ ਚੌਧਰੀ ਨੇ ਚੇਤਾਵਨੀ ਦਿੱਤੀ ਹੈ, "ਗੰਗਾ ਦਾ ਮੈਦਾਨ ਆਉਂਦੇ ਦੋ ਦਹਾਕਿਆਂ ਤਾਈਂ ਮਾਰੂਥਲ ਬਣ ਸਕਦਾ ਹੈ।" ਵਾਤਾਵਰਣ ਯੋਜਨਾਬੰਦੀ ਵਾਲੇ ਬੀ.ਬੀ. ਵੋਹਰਾ ਦੇ ਕਹੇ ਅਨੁਸਾਰ, "ਬਹੁ ਭਾਂਤੀ ਪੌਦਿਆਂ ਦੇ ਵਿਕਾਸ ਕਾਰਨ ਹਰ ਸਾਲ ਲਖਾਂ ਟਨ ਉਪਰਲੀ ਮਿੱਟੀ ਚੜ੍ਹਦੀ ਜਾ ਰਹੀ ਹੈ। ਹੁਣ ਤੱਕ ਸਾਡੇ ਦੇਸ਼ ਦੀ 7 ਫੀਸਦੀ ਵਾਹੀਯੋਗ ਭੂਮੀ ਵੀਰਾਨ ਹੋ ਚੁੱਕੀ ਹੈ। ਇਹ ਖੇਤਰ ਸਾਡੀਆਂ ਵਾਰਸ਼ਿਕ ਲੋੜਾਂ ਦਾ ਅੱਧਾ ਅਨਾਜ ਪੈਦਾ ਕਰ ਸਕਦਾ ਹੈ।" ਜੇ ਹਰ ਹਫਤੇ ਇਕ ਹੈਕਟੇਅਰ ਵਿੱਚੋਂ ਇਕ ਘਣ ਮੀਟਰ ਪਰਤ ਰੁੜ੍ਹਦੀ ਰਹੀ ਅਤੇ ਇਹ ਕ੍ਰਿਆ ਇੱਕ ਪੀੜ੍ਹੀ (ਅਰਥਾਤ 25 ਵਰ੍ਹੇ) ਤਕ ਜਾਰੀ ਰਹੇ ਤਾਂ ਕਰੀਬ 28 ਸੈਂਟੀਮੀਟਰ ਉਤਲੀ ਤਹਿ ਰੁੜ੍ਹ ਖੁਰ ਜਾਵੇਗੀ। ਫਿਕਰਮੰਦੀ ਤਾਂ ਇਹ ਹੈ ਕਿ ਦੇਸ਼ ਦੇ ਕੁਲ ਖੇਤੀ ਹੇਠਲੇ ਰਕਬੇ ਦਾ

ਔੱਧ ਭੌਂ-ਖੋਰ ਹੇਠ ਆ ਚੁੱਕਾ ਹੈ। ਜੰਗਲ ਮਿੱਟੀ ਦੀ ਬਣਤਰ ਘੜਨ ਵਾਲੇ ਕਾਰਖਾਨੇ ਹਨ।

ਪੌਦੇ ਜਲ ਸੰਭਾਲਕ ਵੀ ਹਨ ਅਤੇ ਪਾਣੀ ਦੇ ਭੰਡਾਰਾਂ ਦੀ ਜ਼ਾਮਨੀ ਵੀ। ਇਹ ਸਾਂਵੀਂ ਵਰਖਾ ਵਰ੍ਹਾਉਣ ਵਿੱਚ ਵੀ ਸਹਾਈ ਹਨ। ਇਹ ਵਰਖਾ ਨੂੰ ਪ੍ਰੇਰਿਤ ਕਰਦੇ ਹਨ। ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ। ਇਸ ਲਈ ਇਹ ਨਦੀਆਂ ਦੇ ਵੀ ਜਨਮ ਦਾਤੇ ਹਨ। ਦੱਖਣ ਭਾਰਤ ਦੀਆਂ ਬਹੁਤੀਆਂ ਨਦੀਆਂ ਦੇ ਉਗਮਣ ਸਥਾਨ ਘਣੇ ਜੰਗਲ ਹੀ ਹਨ। ਜੰਗਲ ਜਲ ਨੂੰ ਸਾਡੇਪੀਣ, ਵਰਤਣ ਤੇ ਸਿੰਚਾਈ ਲਈ ਇਕ ਰਾਖਵੇਂ ਭੰਡਾਰ ਵਾਂਗ ਆਪਣੀਆਂ ਜੜ੍ਹਾਂ ਰਾਹੀਂ ਸੰਭਾਲ ਲੈਂਦੇ ਹਨ। ਔੜ ਅਤੇ ਹੜ੍ਹ ਦੋਹਾਂ ਸਥਿਤੀਆਂ ਵਿੱਚ ਇਹ ਸਾਡੇ ਲਈ ਵਰਦਾਨ ਹਨ। ਮਾਰੂਥਲਾਂ ਦੀ ਨਿੱਕੀ ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿੱਚ ਛੱਡਦੀ ਹੈ ਜੇ ਥਾਰ ਦੀ ਖੁਸ਼ਕ ਫਿਜਾ ਨੂੰ ਸਿੱਲ੍ਹਾ ਕਰਨ 'ਚ ਸਿਫ਼ਤੀ ਹਿੱਸਾ ਪਾਉਂਦੀ ਹੈ। ਬੋਹੜ ਦਾ ਰੁੱਖ ਇਕ ਦਿਨ ਵਿਚ 400 ਲੀਟਰ ਪਾਣੀ ਹਵਾ ਵਿੱਚ ਰਲਾ ਦਿੰਦਾ ਹੈ। ਕੈਲੇਫੋਰਨੀਆ ਦਾ ਰੈਡ ਵੁੱਡ ਚੌਵੀ ਘੰਟਿਆਂ ਵਿਚ 3000 ਲੀਟਰ ਨਮੀ ਛੱਡਦਾ ਹੈ। ਜੰਗਲਾਂ ਦਾ ਇਕ ਵਰਗ ਕਿਲੋਮੀਅਰ ਰਕਬਾ ਕਰੀਬ 50000 ਲੀਟਰ ਪਾਣੀ ਆਪਣੀਆਂ ਜੜ੍ਹਾਂ ਰਾਹੀਂ ਸਾਡੇ ਲਈ ਸਾਂਭ ਲੈਂਦਾ ਹੈ। ਜੰਗਲ ਦਾ ਇਕ ਹੈਕਟਰ ਰਕਬਾ ਵਾਯੂਮੰਡਲ ਵਿੱਚੋਂ 3.7 ਮੀਟਰਿਕ ਟਨ ਕਾਰਬਨ ਡਾਇਆਕਸਾਈਡ ਪਚਾ ਕੇ ਏਨੀ ਹੀ ਆਕਸੀਜਨ ਦੇ ਸਕਦਾ ਹੈ ਅਤੇ 30 ਟਨ ਧੂੜ ਸਮੇਟ ਸਕਦਾ ਹੈ। ਇਕ ਮਨੁੱਖ ਨੂੰ 16 ਰੁੱਖਾਂ ਜਿੰਨੀ ਆਕਸੀਜਨ ਲੋੜੀਂਦੀ ਹੈ। ਜੇਕਰ ਜੰਗਲ ਦੀ 50 ਮੀਟਰੀ ਪੱਟੀ ਕਾਇਮ ਕਰ ਦਿੱਤੀ ਜਾਵੇ ਤਾਂ ਇਹ 20 ਤੋਂ 30 ਡੈਸੀਮਲ ਸ਼ੋਰ ਘਟਾ ਸਕਦੀ ਹੈ। ਇਕ ਹੈਕਟਰ ਵੀਰਾਨ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ ਅਤੇ ਖਿਸਕਾਅ ਤੇ ਸੇਮ ਵਰਗੀਆਂ ਬਲਾਵਾਂ ਮਨੁੱਖ ਪੱਲੇ ਪੈ ਜਾਂਦੀਆਂ ਹਨ। ਸਮੁੰਦਰੀ ਉਛਾਲੇ ਦੇ ਭੀਸ਼ਣ ਨੁਕਸਾਨਾਂ ਤੋਂ ਉੱਥੇ ਉਥੇ ਬੇਹੱਦ ਬਚਾਅ ਰਿਹਾ ਜਿਥੇ ਕੰਢਿਆਂ ਉਤੇ ਜੰਗਲੀ ਪੱਟੀਆਂ ਸਨ। ਜੰਗਲ ਊਰਜਾ ਅਤੇ ਚਕਿਤਸਕ ਬੂਟੀਆਂ ਦੇ ਭੰਡਾਰ ਹਨ ਤੇ ਬਹੁ ਭਾਂਤੀ ਜੀਵਾਂ ਦੇ ਵੀ। ਗੱਲ ਕੀ, ਹੜ੍ਹ, ਔੜ, ਵਾਤਾਵਰਣੀ ਅਤੇ ਮਨੁੱਖੀ ਜਿੰਦਗੀ ਵਿੱਚ ਬਨਸਪਤੀ ਬੇਹਤਰੀਨ ਲੁਕਵਾਂ ਰੋਲ ਨਿਭਾਉਂਦੀ ਹੈ।

ਅ) ਜੀਵ: ਅਸਿੱਧੇ ਲਾਭਾਂ ਹਿੱਤ ਇਕ ਖੂਬਸੂਰਤ ਉਦਾਹਰਣ ਪਰਾਗਦਾਨੀਆਂ ਦੀ ਦਿੱਤੀ ਜਾ ਸਕਦੀ ਹੈ। ਪੌਦੇ, ਕੁਦਰਤੀ ਵਾਤਾਵਰਣ ਅਤੇ ਮਨੁੱਖ ਦਾ ਅਹਿਮ ਅੰਗ ਹਨ। ਪੌਦਿਆਂ ਦੇ ਜੀਵਨ ਚੱਕਰ ਦੇ ਬਣੇ ਰਹਿਣ ਵਿੱਚ ਛੋਟੇ ਕੀੜੇ, ਕੀਟਾਂ, ਤਿਤਲੀਆਂ ਅਤੇ ਸ਼ਹਿਦ ਦੀਆਂ ਮੱਖੀਆਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਚਾਮਚੜਿੱਕਾਂ, ਕੁਝ ਬਾਂਦਰ ਨਸਲਾਂ ਅਤੇ ਹੰਮਿਗ ਬਰਡ (ਲੰਮੀ ਤਿੱਖੀ ਚੁੰਝ ਵਾਲੀ ਨਿੱਕੀ ਚਿੜੀ) ਵੀ ਪੌਦਿਆਂ/ਬੀਜ ਦੀ ਪ੍ਰਫੁਲਤਾ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਾਡੀ ਧਰਤੀ ਉੱਤੇ ਲੱਗਭੱਗ 250000 ਕਿਸਮਾਂ ਦੇ ਫੁੱਲਾਂ ਵਾਲੇ ਪੌਦੇ ਮੌਜੂਦ ਹਨ। ਇਹਨਾ ਵਿੱਚੋਂ ਲਗਭਗ 60 ਫੀਸਦੀ ਪੌਦੇ, ਪਰਾਗਦਾਨੀ ਜੀਵਾਂ ਦੀ ਮਦਦ ਨਾਲ ਫਲ ਅਤੇ ਬੀਜ ਪੈਦਾ ਕਰਦੇ ਹਨ। ਪਰਾਗਦਾਨੀਆਂ ਦੀ ਮਦਦ ਤੋਂ ਬਿਨਾ ਪੌਦਿਆਂ ਅੰਦਰ ਨਰ ਤੇ ਮਾਦਾ ਵੰਨਗੀਆਂ ਦਾ ਆਪਸੀ ਸੰਸੇਚਣ ਸੰਭਵ ਨਹੀਂ ਹੁੰਦਾ। ਭਾਵੇਂ ਕਾਈ ਅਤੇ ਸਾਵਲ ਦੇ ਪੌਦੇ ਖੁਦ ਬ ਖੁਦ ਪ੍ਰਫੁਲਤ ਹੋਣ ਦੇ ਸਮਰਥ ਹਨ, ਪ੍ਰੰਤੂ ਅਨਾਜ ਦੀ ਹਰ ਤੀਜੀ ਵੰਨਗੀ ਅਤੇ ਫਲਾਂ ਦੀਆਂ ਤਕਰੀਬਨ ਸਾਰੀਆਂ, ਵੰਨਗੀਆਂ ਨੂੰ ਪਰਾਗਦਾਨੀਆਂ ਦੀ ਮਦਦ ਦੀ ਲੋੜ ਪੈਂਦੀ ਹੈ। ਅਰਥਾਤ ਪਰ ਪਰਾਗਣ ਲਈ ਨਰ-ਫੁੱਲ ਤੋਂ ਪਰਾਗ ਕਣ, ਉਸੇ ਵੰਨਗੀ ਦੇ ਮਾਦਾ ਫੁੱਲ ਦੇ ਸਟਿਗਮ ਉਤੇ ਪਹੁੰਚਾਉਣ ਦੀ ਇਨ੍ਹਾਂ ਦੀ ਇਸ ਕਿਰਿਆ ਨੂੰ ਪਰਾਗਦਾਨ ਕਿਹਾ ਜਾਂਦਾ ਹੈ। ਜਿਸ ਬਿਨ੍ਹਾਂ ਜਨਣ ਕ੍ਰਿਆ ਸੰਭਵ ਨਹੀਂ ਅਤੇ ਪੌਦੇ ਵੀ ਮਨੁੱਖ ਪ੍ਰਤੀ ਆਪਣੀ ਵਿਸ਼ੇਸ਼ ਭੂਮਿਕਾ ਨਹੀਂ ਨਿਭਾ ਸਕਦੇ।ਅੰਕੜਿਆਂ ਅਨੁਸਾਰ ਵਿਸ਼ਵ ਭਰ ਵਿੱਚ ਲਗਭਗ ਦੋ ਲੱਖ ਕਿਸਮਾਂ ਦੇ ਜੀਵਨ ਪਰਾਗਦਾਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਸਾਰੇ ਜੀਵ ਬਨਸਪਤੀ ਅਤੇ ਪ੍ਰਾਣੀ ਜਗਤ ਦੀ ਵਿਭਿੰਨਤਾ ਬਣਾਈ ਰੱਖਣ ਲਈ ਅਤੀ ਲੋੜੀਂਦੇ ਹਨ। ਜਿਹੜੇ ਆਪਣੀਆਂ ਰੋਜਾਨਾ ਕ੍ਰਿਆਵਾਂ ਰਾਹੀਂ ਫਸਲੀ ਪੈਦਾਵਾਰ ਦੇ ਵਾਧੇ ਵਿੱਚ ਵੱਡ ਯੋਗਦਾਨ ਪਾਉਂਦੇ ਹਨ। ਸਮੁੱਚੇ ਸੰਸਾਰ ਵਿੱਚ ਕਰੀਬ 1330 ਕਿਸਮਾਂ ਦੀਆਂ ਫਸਲਾਂ ਉਗਾਈਆਂ ਜਾਂਦੀਆਂ ਹਨ। ਭਾਵੇਂ ਫਲ ਹੋਣ ਜਾਂ ਸਬਜ਼ੀਆਂ, ਫਲੀਦਾਰ ਜਾਂ ਚਾਹ ਤੇ ਕੌਫੀ ਦੇ ਬਾਗਾਨ, ਤਕਰੀਬਨ ਸਭ ਨੂੰ ਪਰਾਗਦਾਨੀ ਜੀਵਾਂ/ਕੀਟਾਂ ਦੀ ਲੋੜ ਹੁੰਦੀ ਹੈ। ਮਨੁੱਖੀ ਆਪਹੁਦਰੀਆਂ ਕਾਰਨ ਪਿਛਲੇ ਸਮੇਂ ਦੌਰਾਨ ਬਹੁਤ ਸਾਰੀਆਂ ਵੰਨਗੀਆਂ ਅਤੇ ਪਰਾਗਦਾਨੀਆਂ ਦੀਆਂ ਨਸਲਾਂ ਜਾਂ ਜਨਸੰਖਿਆ ਵਿੱਚ ਖਾਤਮਾ ਜਾਂ ਵੱਡਾ ਘਾਟਾ ਵੇਖਿਆ ਗਿਆ ਹੈ। ਅੰਤਰ ਰਾਸ਼ਟਰੀ ਕੁਦਰਤੀ ਸਰੰਖਿਅਨ ਸੰਸਥਾ ਮੁਤਾਬਿਕ ਅਗਲੇ ਕੁਝ ਕੁ ਦਹਾਕਿਆਂ ਅੰਦਰ ਪਰਾਗਦਾਨੀਆਂ ਨੇ ਨਿਘਾਰ ਕਾਰਨ ਫੁੱਲਾਂ ਵਾਲੇ ਪੌਦਿਆਂ ਦੀਆਂ 20000 ਵੰਨਗੀਆਂ ਦੇ ਖਤਮ ਹੋ ਜਾਣ ਦਾ ਅੰਦੇਸ਼ਾ ਹੈ।

ਮੁੱਕਦੀ ਗੱਲ : ਇੱਕ ਵੰਨਗੀ ਦੇ ਪੌਦ ਜਾਂ ਜੀਵ ਦੇ ਖਤਮ ਹੋ ਜਾਣ ਕਾਰਨ ਉਸ ਵੰਨਗੀ ਉਤੇ ਨਿਰਭਰ 10 ਤੋਂ 20 ਵੰਨਗੀਆਂ ਦੇ ਜੀਵਾਂ ਜਾਂ ਪੌਦਿਆਂ ਦਾ ਜੀਵਨ ਖਤਰੇ ਵਿੱਚ ਪੈ ਜਾਂਦਾ ਹੈ। ਭਲਾ ਫਿਰ ਮਨੁੱਖ ਕਿੰਨਾ ਕੁ ਚਿਰ ਜਿਉਂਦਾ ਰਹੇਗਾ। ਦੂਸਰੀ ਗੱਲ ਜਿਨ੍ਹਾਂ ਕਾਰਨਾਂ ਅਤੇ ਕਾਰਕਾਂ ਕਰਕੇ ਜੈਵਿਕ ਭਿੰਨਤਾ ਖਤਰੇ ਵਿੱਚ ਹੈ। ਉਨ੍ਹਾਂ ਵਿੱਚ ਬਹੁਤੇਰੇ ਉਹ ਹਨ ਜੋ ਮਨੁੱਖ ਨੇ ਖੁਦ ਸਿਰਜੇ ਹਨ ਅਤੇ ਉਨ੍ਹਾਂ ਨੂੰ ਮਨਫ਼ੀ ਕੀਤਾ ਜਾ ਸਕਦਾ ਹੈ। ਪਰੰਤੂ ਉਸ ਲਈ ਕੁਦਰਤ ਪੱਖੀ ਅਤੇ ਸਰਬਤ ਦੇ ਭਲੇ ਵਾਲੇ ਨਿਜ਼ਾਮ ਦੀ ਵੀ ਲੋੜ ਹੈ। ਸਭਿਅਤਾ ਦੇ ਜਿਸ ਵਰਤਮਾਨ ਪੜਾਅ ਵਿੱਚੋਂ ਮਨੁੱਖ ਜਾਤੀ ਲੰਘ ਰਹੀ ਹੈ। ਉਸ ਵਿੱਚ ਕੁਦਰਤ ਨਾਲ ਮਨੁੱਖੀ ਰਿਸ਼ਤੇ ਦੇ ਮੁੜ ਮੁਲਾਂਕਣ ਦੀ ਲੋੜ ਹੈ। ਸਾਡੀਆਂ ਸਮਾਜੀ ਅਤੇ ਆਰਥਿਕ ਚਿੰਤਾਵਾਂ ਵਿੱਚ ਜਿਹੜਾ ਵਾਧਾ ਹੋ ਰਿਹਾ ਹੈ ਉਸ ਦਾ ਮੁੱਖ ਅਧਾਰ ਕੁਦਰਤ ਦਾ ਉਜਾੜਾ ਵੀ ਹੈ।

'ਤਹਿਲਕਾ' ਦੀ ਟੀਮ ਪੁੱਜੀ ਤਰਕਸ਼ੀਲਾਂ ਦੇ ਵਿਹੜ

ਇਕਾਈ ਮੁਹਾਲੀ: ਪੰਜਾਬ ਦੀ ਤਰਕਸ਼ੀਲ ਲਹਿਰ ਦੇ ਕੰਮ ਢੰਗਾਂ ਤੇ ਪ੍ਰਾਪਤੀਆਂ ਬਾਰੇ ਹੋਈ ਚਰਚਾ : ਕੌਮੀ ਮੈਗਜ਼ੀਨ 'ਤਹਿਲਕਾ' ਦੀ ਟੀਮ ਨੇ ਤਰਕਸ਼ੀਲ ਸੁਸਾਇਟੀ ਪੰਜਾਬ, ਇਕਾਈ ਵੱਲੋਂ ਖੋਲ੍ਹੀ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ, ਬਲੌਂਗੀ ਦਾ ਦੌਰਾ ਕੀਤਾ। ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ, ਸਤਨਾਮ ਦਾਊਂ, ਉਨ੍ਹਾਂ ਦੀ ਪਤਨੀ ਨੀਰਜ ਬਾਲਾ ਤੇ ਹੋਰ ਤਰਕਸ਼ੀਲ ਮੈਂਬਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਹ ਦੌਰਾ ਦੋ ਦਿਨਾਂ ਵਿੱਚ ਪੂਰਾ ਕੀਤਾ ਗਿਆ। 'ਤਹਿਲਕਾ' ਦੀ ਪੱਤਰਕਾਰ ਨਿਸ਼ੀਤਾ ਝਾਅ ਵੱਲੋਂ ਪੰਜਾਬ ਦੀ ਤਰਕਸ਼ੀਲ ਲਹਿਰ ਦੇ ਪਿਛੋਕੜ, ਕੰਮ ਕਾਰ, ਸਰਗਰਮੀਆਂ, ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਨਿਸ਼ੀਤਾ ਨੇ ਤਰਕਸ਼ੀਲਾਂ ਨੂੰ ਵੱਖ-ਵੱਖ ਤਰ੍ਹਾਂ ਦੇ ਸਵਾਲ ਪੁੱਛੇ। ਫੰਡਾਂ ਬਾਰੇ ਗੱਲਬਾਤ ਕਰਦਿਆਂ ਜ਼ੋਨਲ ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ ਨੇ ਕਿਹਾ ਕਿ ਸੁਸਾਇਟੀ ਵੱਲੋਂ ਲੋਕ ਪੱਖੀ ਕਾਰਜਾਂ ਲਈ ਸਰਕਾਰ ਕੋਲੋਂ ਕਿਸੇ ਵੀ ਪ੍ਰਕਾਰ ਦੀ ਕੋਈ ਸਹਾਇਤਾ ਨਹੀਂ ਲਈ ਜਾਂਦੀ। ਸੁਸਾਇਟੀ ਦੇ ਉਦੇਸ਼ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਭਰਮ ਮੁਕਤ, ਲੁੱਟ ਰਹਿਤ ਤੇ ਬਰਾਬਰੀ ਦਾ ਸਮਾਜ ਸਿਰਜਣਾ ਹੀ ਸੁਸਾਇਟੀ ਦਾ ਟੀਚਾ ਹੈ। ਇਸ ਮੌਕੇ ਉਨ੍ਹਾਂ ਕਸਰਾਂ, ਟੂਣੇ ਟਾਮਣ ਆਦਿ ਵਹਿਮਾਂ ਕਾਰਨ ਮਾਨਸਿਕ ਰੋਗੀ ਹੋਏ ਮਰੀਜ਼ ਨਾਲ ਵੀ ਗੱਲਬਾਤ ਕੀਤੀ ਜੋ ਸੁਸਾਇਟੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਠੀਕ ਹੋਇਆ ਸੀ।

• ਜੋਤਸ਼ੀਆਂ ਦੀਆਂ ਕੁਰਸੀਆਂ ਰਹੀਆਂ ਖਾਲੀ : ਇਕਾਈ ਮੋਹਾਲੀ ਵੱਲੋਂ 'ਜੋਤਿਸ਼ ਵਿਗਿਆਨ ਨਹੀਂ' ਵਿਸ਼ੇ 'ਤੇ ਕਰਵਾਏ ਸੈਮੀਨਾਰ ਵਿੱਚ ਕੋਈ ਵੀ ਜੋਤਿਸ਼/ਤਾਂਤਰਿਕ, ਤਰਕਸ਼ੀਲਾਂ ਦੀ ਚੁਣੌਤੀ ਕਬੂਲ ਕਰਨ ਲਈ ਨਾ ਅੱਪੜਿਆ। ਸੁਸਾਇਟੀ ਵੱਲੋਂ ਪੰਜਾਬ ਭਰ ਦੇ ਜੋਤਸ਼ੀਆਂ ਨੂੰ ਰਜਿਸਟਰਡ ਚਿੱਠੀਆਂ ਭੇਜ ਕੇ ਚੁਣੌਤੀ ਦਿੱਤੀ ਗਈ ਸੀ। ਸੈਮੀਨਾਰ ਦੌਰਾਨ ਜੋਤਸ਼ੀਆਂ ਲਈ ਕੁਰਸੀਆਂ ਵੀ ਰਾਖਵੀਆਂ ਰੱਖੀਆਂ ਗਈਆਂ ਸਨ ਜੋ ਉਨ੍ਹਾਂ ਨੂੰ ਪਈਆਂ ਉਡੀਕਦੀਆਂ ਰਹੀਆਂ। ਬਾਲ ਭਵਨ ਫ਼ੇਜ਼-4, ਮੋਹਾਲੀ ਵਿਖੇ ਹੋਏ ਸੈਮੀਨਾਰ ਦੇ ਮੁੱਖ ਬੁਲਾਰੇ ਸੁਰਜੀਤ ਦੌਧਰ ਸਨ ਜਿਨ੍ਹਾਂ ਨੇ ਸਰੋਤਿਆਂ ਨੂੰ ਜੋਤਿਸ਼ ਦੀ ਠੱਗੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜੋਤਿਸ਼ ਕਿਵੇਂ ਕੁੰਡਲੀਆਂ ਦੇ ਪਾਖੰਡ ਰਚਦੇ ਹਨ ਤੇ ਕਿਵੇਂ ਭੋਲੇ-ਭਾਲੇ ਲੋਕਾਂ ਨੂੰ ਅੰਧਵਿਸ਼ਵਾਸ ਦੀ ਦਲਦਲ ਵਿੱਚ ਮਨਘੜਤ ਰਾਹੂ ਕੇਤੂ ਦੀ ਸਹਾਇਤਾ ਨਾਲ ਧੱਕਦੇ ਹਨ ਤੇ ਲੁੱਟ ਦਾ ਸ਼ਿਕਾਰ ਬਣਾਉਂਦੇ ਹਨ। ਸ੍ਰੀ ਦੌਧਰ ਨੇ ਕਿਹਾ ਕਿ ਸਾਡੇ ਦਿਮਾਗਾਂ ਨੂੰ ਅੰਧਵਿਸ਼ਵਾਸ ਦੇ ਸੰਗਲ ਲੱਗੇ ਹੋਏ ਹਨ ਜ਼ਿਨ੍ਹਾਂ ਨੂੰ ਤੋੜਨ ਦੀ ਲੋੜ ਹੈ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਜ਼ੋਨ ਜਥੇਬੰਦਕ ਮੁਖੀ ਅਮਰਦੀਪ ਸਿੰਘ, ਜ਼ੋਨ ਮੀਡੀਆ ਮੁੱਖੀ ਜਰਨੈਲ ਕ੍ਰਾਂਤੀ, ਇਕਾਈ ਮੁੱਖੀ ਸਤਨਾਮ ਦਾਊਂ ਸ਼ਾਮਲ ਸਨ।

• ਪੰਜਾਬ ਯੂਨੀਵਰਸਿਟੀ ਵਿਦਿਆਰਥੀਆਂ ਵਲੋਂ ਤਰਕਸ਼ੀਲ ਲਾਇਬ੍ਰੇਰੀ ਦਾ ਫੇਰਾ : ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੋਸ਼ਲ ਵਰਕ ਵਿਭਾਗ ਦੇ ਲਗਭੱਗ 15 ਵਿਦਿਆਰਥੀਆਂ ਨੇ ਤਰਕਸ਼ੀਲ ਸੁਸਾਇਟੀ ਪੰਜਾਬ, ਇਕਾਈ ਮੋਹਾਲੀ ਰਾਹੀਂ ਸਥਾਪਿਤ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਦਾ ਦੌਰਾ ਕੀਤਾ। ਇਹ ਦੌਰਾ ਪ੍ਰੋ. ਮੋਨਿਕਾ ਸਿੰਘ ਦੀ ਅਗਵਾਈ ਵਿੱਚ ਮਾਸਟਰ ਆਫ਼ ਸੋਸ਼ਲ ਵਰਕ ਦੇ ਵਿਦਿਆਰਥੀਆਂ ਵੱਲੋਂ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਲਾਇਬ੍ਰੇਰੀ ਦੀ ਸਥਾਪਨਾ, ਉਦੇਸ਼, ਕੰਮਕਾਰ, ਖੁੱਲਣ ਦਾ ਸਮਾਂ ਤੇ ਮੈਂਬਰਸ਼ਿਪ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ। ਲਾਇਬ੍ਰੇਰੀ ਇੰਚਾਰਜ ਤੇ ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ ਨੇ ਕਿਹਾ ਤਰਕਸ਼ੀਲ ਸੁਸਾਇਟੀ ਦਾ ਲਾਇਬ੍ਰੇਰੀ ਖੁੱਲਣ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਗਾਂਹਵਧੂ ਸਾਹਿਤ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਸਿਰਫ਼ ਨੌਕਰੀਆਂ ਪ੍ਰਾਪਤ ਕਰਨ ਜਾਂ ਅਮੀਰ ਬਣਾਉਣ ਲਈ ਹੀ ਪੜ੍ਹਾ ਰਹੇ ਹਨ। ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਿਦਿਆਰਥੀਆਂ ਨੂੰ ਅਕਲ ਪੱਖੋਂ ਅਮੀਰ ਕਰਦੀ ਹੈ ਤੇ ਵਿਦਿਆਰਥੀਆਂ ਵਿੱਚ ਸਮਾਜਿਕ ਬਰਾਬਰਤਾ ਲਿਆਉਣ ਲਈ ਚੇਤਨਾ ਪੈਦਾ ਕਰਨ ਲਈ ਤਤਪਰ ਹੈ। ਇਸ ਮੌਕੇ ਯੂਨੀਵਰਸਿਟੀ ਵਿਦਿਆਰਥੀਆਂ ਨੇ ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਵੀ ਪੁਣਛਾਣ ਕੀਤੀ ਤੇ ਤਰਕਸ਼ੀਲ ਸਾਹਿਤ ਪ੍ਰਾਪਤ ਕੀਤਾ।

ਡਾ. ਮੋਨਿਕਾ ਸਿੰਘ ਨੇ ਕਿਹਾ ਕਿ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਸੋਸ਼ਲ ਵਰਕ ਦੇ ਵਿਦਿਆਰਥੀਆਂ ਦਾ ਮੁੱਖ ਮੰਤਵ ਸਮਾਜ ਨੂੰ ਵਧੀਆ ਬਣਾਉਣਾ ਹੈ। ਜੋ ਸੰਸਥਾਵਾਂ ਪਹਿਲਾਂ ਹੀ ਅਜਿਹੇ ਕੰਮਾਂ ਵਿੱਚ ਲੱਗੀਆਂ ਹੋਈਆਂ ਹਨ, ਵਿਦਿਆਰਥੀਆਂ ਨੂੰ ਉਨ੍ਹਾਂ ਤੋਂ ਸਹੀ ਸੇਧ ਮਿਲਦੀ ਹੈ। ਲੱਗਭੱਗ ਢਾਈ ਘੰਟੇ ਚੱਲੀ ਵਿਚਾਰ ਚਰਚਾ ਵਿੱਚ ਤਰਕਸ਼ੀਲ ਲਹਿਰ ਤੇ ਉਸ ਦੇ ਉਦੇਸ਼ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ 'ਤਰਕਸ਼ੀਲ' ਮੈਗਜ਼ੀਨ ਦੇ ਸਹਿ ਸੰਪਾਦਕ ਜਸਵੰਤ ਮੋਹਾਲੀ ਨੇ ਵੀ ਵਿਚਾਰ ਚਰਚਾ ਵਿੱਚ ਭਾਗ ਲਿਆ ਤੇ ਯੂਨੀਵਰਸਿਟੀ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ ਵਿਦਿਆਰਥੀ ਸਤਨਾਮ ਸਿੰਘ, ਮਨਦੀਪ ਕੌਰ, ਮੋਹਿਤਾ, ਵਾਸੂ, ਗਿਤੀਕਾ, ਲਵਪ੍ਰੀਤ, ਸੁਖਚੈਨ, ਦਵਿੰਦਰ, ਉਮੇਸ਼, ਅਵੀਨਵ, ਨੀਰੂ, ਅਸ਼ਾਪ੍ਰਿਯਾ, ਸਟੈਫ਼ੀ, ਨੈਪੋਲੀਅਨ, ਅਰਪਣਾ ਤੇ ਅਨੁਪਮ ਆਦਿ ਹਾਜ਼ਰ ਸਨ।

ਪੇਸ਼ ਕਦਮੀਆਂ

ਤਰਕਸ਼ੀਲ ਚੇਤਨਾ ਕਾਫਲਾ

• ਧੀ ਦੇ ਜਨਮ ਦਿਨ 'ਤੇ ਤਰਕਸ਼ੀਲ ਪ੍ਰੋਗਰਾਮ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਮੋਹਾਲੀ ਦੇ ਮੈਂਬਰ ਹਰਵਿੰਦਰ ਸਿੰਘ ਨੇ ਪਿੰਡ ਹੁਸ਼ਿਆਰਪੁਰ ਵਿਖੇ ਅਪਣੀ ਧੀ ਪ੍ਰਭਜੋਤ ਕੌਰ ਦੇ ਜਨਮ ਦਿਨ ਨੂੰ ਤਰਕਸ਼ੀਲ ਪ੍ਰੋਗਰਾਮ ਕਰਵਾ ਕੇ ਮਨਾਇਆ। ਇਸ ਮੌਕੇ ਨੇੜੇ ਤੇੜੇ ਦੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਪ੍ਰੋਗਰਾਮ ਵਿੱਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਗਿਆ।ਬਿਨ੍ਹਾਂ ਖਰਚੇ ਤੋਂ ਕਰਵਾਏ ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ ਨੇ ਹਾਜ਼ਰੀਨਾਂ ਦੀ ਵਹਿਮਾਂ ਭਰਮਾਂ, ਟੂਣੇ ਟਾਮਣ, ਜੋਤਿਸ਼-ਤਾਂਤਰਿਕਾਂ ਦੀ ਠੱਗੀ ਆਦਿ ਫੈਲੀਆਂ ਸਮਾਜਿਕ ਕੁਰੀਤੀਆਂ ਵਿਰੁਧ ਕਾਊਂਸਲਿੰਗ ਕਰਦੇ ਹੋਏ ਜਾਦੂ ਦੇ ਟਰਿਕਾਂ ਰਾਹੀਂ ਹੋਰ ਵੀ ਸਪੱਸ਼ਟ ਕਰ ਕੇ ਦਸਿਆ ਕਿ ਲੋਕ ਕਿਵੇਂ ਠੱਗੀਆਂ ਮਾਰਦੇ ਹਨ। ਇਸ ਮੌਕੇ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਮੈਂਬਰਾਂ ਵਿੱਚ ਕੁਲਵੰਤ ਬੰਟੀ, ਜੱਸਾ, ਹਰਜਿੰਦਰ ਸਿੰਘ, ਧਰਮਿੰਦਰ ਸਿੰਘ, ਪਰਮਿੰਦਰ, ਦਲਵੀਰ ਸਿੰਘ, ਪੰਮਾ, ਛਿੰਦਾ, ਗੋਰਾ ਹੁਸ਼ਿਆਰਪੁਰੀ, ਗੀਤਕਾਰ ਸੁਰਮੁੱਖ ਸਿੰਘ ਭੁੱਲਰ ਆਦਿ ਹਾਜ਼ਰ ਸਨ।ਪ੍ਰੋਗਰਾਮ ਮੌਕੇ ਹਾਜ਼ਰ ਮੈਂਬਰਾਂ ਨੇ ਇਹ ਪ੍ਰਣ ਕੀਤਾ ਕਿ ਉਹ ਵੀ ਆਪੋ ਆਪਣੇ ਘਰਾਂ ਵਿੱਚ ਖ਼ੁਸ਼ੀ ਜਾਂ ਗਮੀ ਮੌਕੇ ਕੀਤੇ ਜਾਣ ਵਾਲੇ ਸਮਾਗਮਾਂ ਨੂੰ ਵਿਗਿਆਨਕ ਸੋਚ ਦੇ ਆਧਾਰ 'ਤੇ ਹੀ ਕਰਵਾਵਾਂਗੇ।

• ਹੋਣਹਾਰ ਵਿਦਿਆਰਥੀਆਂ ਦਾ ਸਨਮਾਨ : ਤਰਕਸ਼ੀਲ ਸੁਸਾਇਟੀ ਇਕਾਈ ਮੋਹਾਲੀ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਦੇ ਪ੍ਰਬੰਧਕਾਂ ਵੱਲੋਂ ਅੱਜ ਮੋਹਾਲੀ ਨੇੜਲੇ ਪਿੰਡ ਦਾਊਂ ਦੇ ਸਰਕਾਰੀ ਹਾਈ ਸਕੂਲ ਦੇ ਛੇਵੀਂ ਤੋਂ ਨੌਵੀਂ ਜਮਾਤ ਦੇ 19 ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਲਾਇਬ੍ਰੇਰੀ ਵੱਲੋਂ ਪਿਛਲੇ ਸਾਲ ਪ੍ਰਾਇਮਰੀ ਸਕੂਲ ਬਡਮਾਜਰਾ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਹੈ। ਇਹ ਸਿਲਸਿਲਾ ਪਿਛਲੇ 4 ਸਾਲਾਂ ਤੋਂ ਲਗਾਤਾਰ ਚੱਲ ਰਿਹਾ ਹੈ। ਲਾਇਬ੍ਰੇਰੀ ਦੇ ਇੰਚਾਰਜ ਤੇ ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ ਨੇ ਕਿਹਾ, "ਅਸੀਂ ਸੁਸਾਇਟੀ ਦੇ ਫੈਸਲੇ ਅਨੁਸਾਰ ਵਿਦਿਆਰਥੀਆਂ ਨੂੰ ਕੋਈ ਮਮੈਂਟੋ ਆਦਿ ਨਹੀਂ ਦਿੰਦੇ ਸਗੋਂ ਇਸ ਦੀ ਥਾਂ ਅਜਿਹਾ ਸਾਮਾਨ ਦਿੱਤਾ ਹੈ ਜੋ ਉਨ੍ਹਾਂ ਦੀ ਪੜ੍ਹਾਈ ਵਿੱਚ ਕੰਮ ਆ ਸਕੇ।"

• ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਪ੍ਰੋਗਰਾਮ ਵਿੱਚ ਸ਼ਮੂਲੀਅਤ: ਹੁਸ਼ਿਆਰਪੁਰ ਦੇ ਸੀਨੀਅਰ ਸੈਕੰਡਰੀ ਸਕੂਲ ਵਿਖੇ ਹੋਏ ਇਸ ਪ੍ਰੋਗਰਾਮ ਵਿੱਚ ਇਕਾਈ ਨੇ ਜੋਨ ਦੇ ਮੀਡੀਆ ਮੁਖੀ ਜਰਨੈਲ ਕ੍ਰਾਂਤੀ ਸਮੇਤ ਸਰਗਰਮ ਸ਼ਮੂਲੀਅਤ ਕੀਤੀ। ਇਸ ਮੌਕੇ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਹੋਣਹਾਰ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਵਿਚਾਰਯੋਗ ਹੈ ਕਿ ਪਿਛਲੇ ਸਾਲ ਵੀ ਮੰਚ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਸੀ। ਇਸ ਮੌਕੇ ਦੋਵਾਂ ਸਕੂਲਾਂ ਦੇ ਵਿਦਿਆਰਥੀਆਂ ਤੇ ਸਟਾਫ਼ ਲਈ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਕਾਈ ਮੋਹਾਲੀ ਦੇ ਜੱਥੇਬੰਦਕ ਮੁਖੀ ਸਤਨਾਮ ਦਾਊਂ ਨੇ ਬੱਚਿਆਂ ਨੂੰ ਕੈਮੀਕਲ ਜਾਦੂ ਦੇ ਟਰਿਕ ਦਿਖਾਏ। ਇਸ ਮੌਕੇ ਮੰਚ ਮੈਂਬਰ ਕੁਲਵੰਤ ਬੰਟੀ ਨੇ ਜੋਤਸ਼ੀਆਂ ਦੇ ਪਾਖੰਡ ਨੂੰ ਨੰਗਾ ਕਰਦੀ ਕਵਿਤਾ ਪੜ੍ਹੀ। ਇਸ ਮੌਕੇ ਪ੍ਰਿੰਸੀਪਲ ਹਰਵਿੰਦਰ ਕੌਰ, ਜੱਸਾ, ਪ੍ਰਮਿੰਦਰ, ਚਰਨਜੀਤ, ਹਰਵਿੰਦਰ, ਸੁਰਮੁੱਖ ਸਿੰਘ ਭੁੱਲਰ, ਕੁਲਵੰਤ ਬੰਟੀ, ਗੋਰਾ ਹੁਸ਼ਿਆਰਪੁਰੀ, ਅਰਵਿੰਦਰ ਕੌਰ, ਜਸਵੀਰ ਕੌਰ, ਨੀਰਜ, ਹਰਪ੍ਰੀਤ ਆਦਿ ਹਾਜ਼ਰ ਸਨ।

ਹਰਪ੍ਰੀਤ (ਮੀਡੀਆ ਮੁਖੀ), 9478516379

ਇਕਾਈ ਖਰੜ : ਤਰਕਸ਼ੀਲ ਚੇਤਨਾ ਕਾਫ਼ਲਾ : ਲੋਕ ਮਨਾਂ ਵਿਚ ਸ਼ਹੀਦਾਂ ਦੀ ਕੁਰਬਾਨੀ ਨੂੰ ਤਾਜ਼ਾ ਰੱਖਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਖਰੜ ਵੱਲੋਂ 23 ਮਾਰਚ ਵਾਲੇ ਦਿਨ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਖਰੜ ਸ਼ਹਿਰ ਵਿਚ ਤਰਕਸ਼ੀਲ ਚੇਤਨਾਂ ਕਾਫਲਾ ਕੱਢਿਆ ਗਿਆ। ਇਸ ਕਾਫ਼ਲੇ ਦੌਰਾਨ ਤਰਕਸ਼ੀਲ ਕਾਮਿਆਂ ਨੇ ਲੋਕਾਂ ਨੂੰ ਸ਼ਹੀਦ ਭਗਤ ਸਿੰਘ ਸੁਪਨਿਆਂ ਦਾ ਸਮਾਜ ਸਿਰਜਣ ਦਾ ਹੋਕਾ ਦਿੱਤਾ। ਇਕਾਈ ਮੁਖੀ ਕਰਮਜੀਤ ਸਕਰੁੱਲਾਂਪੁਰੀ ਅਤੇ ਲੈਕਚਰਾਰ ਗੁਰਮੀਤ ਖਰੜ ਨੇ ਲੋਕਾਂ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਇਆ। ਦੁਕਾਨਦਾਰਾਂ ਤੇ ਰਾਹੀਆਂ ਨੂੰ ਤਰਕਸ਼ੀਲ ਸਾਹਿਤ ਵੀ ਵੰਡਿਆ ਗਿਆ। ਇਕਾਈ ਦੇ ਮੀਡੀਆ ਮੁਖੀ ਕੁਲਵਿੰਦਰ ਨਗਾਰੀ ਨੇ ਦਸਿਆ ਕਿ ਕਾਫ਼ਲੇ ਦੌਰਾਨ ਲੋਕਾਂ ਨੇ ਤਰਕਸ਼ੀਲ ਸਾਹਿਤ ਪ੍ਰਤੀ ਭਰਪੂਰ ਰੁਚੀ ਦਿਖਾਈ। ਇਕਾਈ ਦੀ ਲੋਕਾਂ ਨੇ ਆਰਥਕ ਸਹਾਇਤਾ ਵੀ ਕੀਤੀ। ਇਸ ਮੌਕੇ ਤਰਕਸ਼ੀਲ ਮੈਂਬਰ ਬੀਬੀ ਰਣਧੀਰ ਕੌਰ, ਭੁਪਿੰਦਰ ਮਦਨਹੇੜੀ, ਸੁਰਿੰਦਰ ਸਿੰਬਲਮਾਜਰਾ, ਬਿਕਰਮਜੀਤ ਸੋਨੀ, ਜਸਪਾਲ ਬਡਾਲਾ, ਰਾਜੇਸ਼ ਸਹੌੜਾਂ, ਅਵਤਾਰ ਸਹੌੜਾਂ, ਅਵਤਾਰ ਸਹੌੜਾਂ ਤੋਂ ਇਲਾਵਾ ਬਹੁਤ ਸਾਰੇ ਸੁਸਾਇਟੀ ਸਮਰਥਕਾਂ ਅਤੇ ਆਮ ਲੋਕਾਂ ਨੇ ਵੀ ਸ਼ਿਰਕਤ ਕੀਤੀ।

• ਤਰਕਸ਼ੀਲ ਸੁਸਾਇਟੀ ਦੀ ਇਕਾਈ ਖਰੜ ਅਤੇ ਮੋਹਾਲੀ ਦੇ ਸਾਂਝੇ ਉਦਮ ਸਦਕਾ ਖਰੜ ਨੇੜਲੇ ਪਿੰਡ ਬਡਾਲਾ ਵਿਖੇ ਅੰਬਿਕਾ ਕਾਲਜ ਆਫ਼ ਐਜੂਕੇਸ਼ਨ ਫ਼ਾਰ ਗਰਲਜ਼ ਵਿਖੇ ਕਾਜਲ ਦੀਆਂ ਵਿਦਿਆਰਥਣਾਂ ਨੂੰ ਤਰਕਸ਼ੀਲ ਸੋਚ ਦੀ ਸਮਾਜ ਵਿੱਚ ਲੋੜ, ਬਾਰੇ ਜਾਣੂ ਕਰਵਾਇਆ ਗਿਆ। ਇਸ ਦੌਰਾਨ ਮੋਹਾਲੀ ਇਕਾਈ ਦੇ ਮੁਖੀ ਸਤਨਾਮ ਦਾਊਂ ਅਤੇ ਬੀਬੀ ਨੀਰਜ ਦੀ ਜੋੜੀ ਨੇ ਜਾਦੂ ਦੇ ਟਰਿੱਕਾਂ ਦਿਖਾਏ ਤੇ ਸਮਝਾ ਕੇ ਜਾਦੂ ਦੀ ਅਸਲੀਅਤ ਲੋਕਾਂ ਸਾਹਮਣੇ ਲਿਆਂਦੀ। ਇਸ ਦੌਰਾਨ ਵਿਦਿਆਰਥਣਾਂ ਨੂੰ ਸਮਾਜ ਵਿਚ ਫੈਲੇ ਅੰਧਵਿਸ਼ਵਾਸ ਨੂੰ ਦੂਰ ਕਰਨ, ਸਿਲੇਬਸ ਦੀ ਪੜ੍ਹਾਈ ਦੇ ਨਾਲ ਨਾਲ ਤਰਕਸ਼ੀਲ ਸਾਹਿਤ ਪੜ੍ਹਨ ਅਤੇ ਵਿਗਿਆਨਕ ਸੋਚ ਨੂੰ ਜਿੰਦਗੀ ਦਾ ਹਿੱਸਾ ਬਣਾਉਣ ਦੀ ਪ੍ਰੇਰਨਾ ਦਿੱਤੀ ਗਈ। ਇਸ ਮੌਕੇ ਸਵਾਲਾਂ ਜਵਾਬਾਂ ਦਾ ਦੌਰ ਵੀ ਚਲਿਆ। ਵਿਦਿਆਰਥਣਾਂ ਨੇ ਸਟਾਲ ਤੋਂ ਸਾਹਿਤ ਖਰੀਦਣ ਦੀ ਭਰਵੀਂ ਰੁਚੀ ਦਿਖਾਈ। ਸਟਾਫ਼ ਦੇ ਸਹਿਯੋਗ ਭਰਪੂਰ ਰਿਹਾ।

ਕੁਲਵਿੰਦਰ ਨਗਾਰੀ ਮੀਡੀਆ ਮੁਖੀ, 9888051855

ਪੇਸ਼ ਕਦਮੀਆਂ

ਇਕਾਈ ਸਾਹਨੇਵਾਲ : ਰਾਮਗੜੀਆ ਸਰਕਾਰੀ ਸੀਨੀ ਸੈਕੰਡਰੀ ਸਕੂਲ ਲੁਧਿਆਣਾ ਵਿੱਚ ਤਰਕਸ਼ੀਲ ਪ੍ਰੋਗਰਾਮ : 25 ਦਸੰਬਰ 2011 ਤੋਂ 31 ਦਸੰਬਰ 2011 ਤੱਕ ਸਕੂਲ ਵਿੱਚ ਕੌਮੀ ਸੇਵਾ ਯੋਜਨਾ ਦਾ ਕੈਂਪ ਲੱਗਿਆ। ਐਨ.ਐਸ.ਐਸ. ਵਲੰਟੀਅਰਾਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਲਈ ਜੋਨ ਲੁਧਿਆਣਾ ਦੇ ਜਥੇਬੰਦਕ ਮੁਖੀ ਦਲਬੀਰ ਕਟਾਣੀ ਅਤੇ ਇਕਾਈ ਸਾਹਨੇਵਾਲ ਦੇ ਜਥੇਬੰਦਕ ਮੁਖੀ ਰਜਿੰਦਰ ਜੰਡਿਆਲੀ ਨੇ ਤਰਕਸ਼ੀਲ ਪਰੋਗਰਾਮ ਪੇਸ਼ ਕੀਤਾ ਅਤੇ ਵਲੰਟੀਅਰਾਂ ਨੂੰ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਆਤਮਾ-ਪ੍ਰਮਾਤਮਾ, ਜੋਤਿਸ, ਰਾਸ਼ੀਆਂ, ਜਾਦੂ-ਟੂਣਿਆਂ, ਅਖੌਤੀ ਸਾਧਾਂ-ਸੰਤਾਂ ਦੇ ਚੱਕਰਾਂ ਤੋਂ ਬਚਕੇ ਵਿਗਿਆਨਕ ਦ੍ਰਿਸ਼ਟੀਕੋਣ ਦੇ ਧਾਰਨੀ ਬਣਕੇ ਜੀਵਨ ਬਤੀਤ ਕਰਨ ਲਈ ਕਿਹਾ। ਅਗਾਂਹਵਧੂ ਸਾਹਿਤ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਅੰਗ ਬਣਾਉਣ ਲਈ ਪ੍ਰੇਰਿਤ ਕੀਤਾ।

• ਸਰਕਾਰੀ ਸੀਨੀ.ਸੈਕੰਡਰੀ ਸਕੂਲ, ਧਨਾਨਸੂ, ਲੁਧਿਆਣਾ: 25 ਦਸੰਬਰ 2011 ਤੋਂ 31 ਦਸੰਬਰ 2011 ਤੱਕ ਸਕੂਲ ਵਿੱਚ ਕੌਮੀ ਸੇਵਾ ਸੇਵਾ ਯੋਜਨਾ ਦਾ ਕੈਂਪ ਲੱਗਿਆ। ਇਕਾਈ ਸਾਹਨੇਵਾਲ ਦੇ ਵਿਤ ਵਿਭਾਗ ਮੁਖੀ ਗੁਰਬਚਨ ਸਿੰਘ ਨੇ ਕੈਂਪ ਦੌਰਾਨ ਵਲੰਟੀਅਰਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਦੇ ਧਾਰਨੀ ਬਣਨ ਲਈ ਪ੍ਰੇਰਿਤ ਕੀਤਾ। ਵਲੰਟੀਅਰਾਂ ਨੂੰ ਮਾਨਸਿਕ ਰੋਗਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਕਾਈ ਦੇ ਮੈਂਬਰ ਰੁਪਿੰਦਰ ਪਾਲ ਸਿੰਘ ਨੇ ਸੁਸਾਇਟੀ ਬਾਰੇ ਜਾਣਕਾਰੀ ਦਿੱਤੀ। ਵਲੰਟੀਅਰਾਂ ਨੂੰ ਤਰਕਸ਼ੀਲ ਮੈਗਜ਼ੀਨ ਵੰਡੇ ਗਏ। ਵਿਗਿਆਨਕ ਸਾਹਿਤ ਨੂੰ ਰੋਜ਼ਾਨਾ ਜ਼ਿੰਦਗੀ ਦਾ ਅੰਗ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ। ਕੈਂਪ ਕੋਆਰਡੀਨੇਟਰ ਸ੍ਰ.ਕੇਸਰ ਸਿੰਘ ਨੇ ਤਰਕਸ਼ੀਲ ਸੁਸਾਇਟੀ ਦੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਸਮੇਂ ਸੁਖਵਿੰਦਰ ਸਿੰਘ ਜਟਾਣਾ ਵੀ ਹਾਜ਼ਰ ਸਨ।

• ਬਰੇਲ ਭਵਨ ਜਮਾਲਪੁਰ, ਲੁਧਿਆਣਾ, ਵਿਖੇ ਪਸਵਕ ਤੇ ਸਸਵਕ ਦੀ ਕਮਿਊਨਿਟੀ ਮੋਬਾਲੀਏਜੇਸ਼ਨ ਮੀਟਿੰਗ ਦੌਰਾਨ ਪ੍ਰੋਗਰਾਮ ਵਿੱਚ ਲੁਧਿਆਣਾ ਜੋਨ ਦੇ ਜਥੇਬੰਦੀ ਮੁਖੀ ਦਲਵੀਰ ਕਟਾਣੀ ਨੇ ਪ੍ਰੋਗਰਾਮ ਪੇਸ਼ ਕੀਤਾ। ਉਨ੍ਹਾਂ ਨੇ ਆਪਣੇ ਭਾਸ਼ਣ ਰਾਹੀਂ ਜੋਤਿਸ਼, ਰਾਸ਼ੀਆਂ ਦਾ ਉਦਾਹਰਣ-ਸਹਿਤ ਖੰਡਨ ਕੀਤਾ। ਭਵਨ ਵਿੱਚ ਹਾਜ਼ਰ ਲੋਕਾਂ ਨੂੰ ਵਹਿਮਾਂ-ਭਰਮਾਂ ਆਦਿ ਦੇ ਚੱਕਰਾਂ 'ਚੋਂ ਨਿੱਕਲ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਕੇ ਜੀਵਨ ਬਤੀਤ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਕਸਰਾਂ, ਰੂਹਾਂ ਆਦਿ ਦਾ ਇਸ ਸੰਸਾਰ 'ਤੇ ਕੋਈ ਵਜ਼ੂਦ ਨਹੀਂ ਹੈ। ਮਾਨਸਿਕ ਰੋਗਾਂ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ। ਲੋਕਾਂ ਨੇ ਤਰਕਸ਼ੀਲਾਂ ਵੱਲੋਂ ਕੀਤੀ ਜਾਂਦੀ ਸਮਾਜ ਸੇਵਾ ਦੀ ਪ੍ਰਸੰਸਾ ਕੀਤੀ।

23 ਮਾਰਚ ਦੇ ਸ਼ਹੀਦਾਂ ਨੂੰ ਯਾਦ ਕੀਤਾ

ਰੁਪਿੰਦਰਪਾਲ ਸਿੰਘ

ਇਕਾਈ ਗੁਰੂ ਹਰਸਹਾਏ: ਤਰਕਸ਼ੀਲ ਸਾਹਿਤ ਤੇ ਪੋਸਟਰ ਪ੍ਰਦਰਸ਼ਨੀ : 23 ਮਾਰਚ ਦੇ ਸ਼ਹੀਦਾਂ, ਸ਼ਹੀਦ-ਏ-ਆਜਮ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਮਰਪਿਤ ਹੁਸੈਨੀਵਾਲਾ ਵਿਖੇ ਤਰਕਸ਼ੀਲ ਸਾਹਿਤ ਤੇ ਪੋਸਟਰ ਪ੍ਰਦਰਸ਼ਨੀ ਲਗਾਈ ਗਈ। ਪੋਸਟਰਾਂ ਵਿੱਚ ਸ਼ਹੀਦ ਭਗਤ ਸਿੰਘ, ਅਵਤਾਰ ਪਾਸ਼ ਤੇ ਗੁਰਸ਼ਰਨ ਭਾਅ ਜੀ ਦੇ ਪੋਸਟਰ ਸਨ। ਸ਼ਰਧਾਂਜਲੀ ਦੇਣ ਆਏ ਲੋਕਾਂ ਨੇ ਵੱਧ ਤੋਂ ਵੱਧ ਸਾਹਿਤ ਖਰੀਦ ਕੇ ਭਰਵਾਂ ਸਹਿਯੋਗ ਦਿੱਤਾ। ਸ਼ਹੀਦ ਭਗਤ ਸਿੰਘ ਦੇ ਪੋਸਟਰ ਵੱਧ ਖਰੀਦੇ ਗਏ। ਇਸ ਸਮੇਂ ਹਾਜਿਰ ਮੈਂਬਰਾਂ ਵਿੱਚ ਇਕਾਈ ਪ੍ਰਧਾਨ ਅਵਤਾਰ ਦੀਪ, ਰਣਜੀਤ ਮੋਠਾਂਵਾਲੀ, ਗੁਰਪ੍ਰੀਤ ਬੇਦੀ, ਮਾ: ਦਿਨੇਸ਼ ਜੀ ਹਾਜ਼ਿਰ ਸਨ। ਜਿਨ੍ਹਾਂ ਨੇ ਆਪਣੇ ਸੁਨੇਹੇ ਰਾਹੀਂ ਲੋਕਾਂ ਨੂੰ ਸ਼ਹੀਦਾਂ ਦੀ ਸੋਚ ਨੂੰ ਸਮਝਣ ਤੇ ਅਪਣਾਉਣ ਲਈ ਕਿਹਾ।

• 14 ਮਾਰਚ ਨੂੰ ਸਕੂਲ ਪੱਧਰ ਤੇ ਪਿੰਡ ਪੱਧਰ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਪਸ਼ਵਕ ਕਮੇਟੀ ਦੀ ਟ੍ਰੇਨਿਕ ਦੌਰਾਨ ਸਰਕਾਰੀ ਹਾਈ ਸਕੂਲ, ਮੰਡੀ, ਫਿਰੋਜ਼ਪੁਰ ਵਿਖੇ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਇਸ ਸਮੇਂ ਹਰਕੇਸ਼ ਚੌਧਰੀ ਮੂਲਾਪੁਰ ਦੀ ਨਾਟਕ ਟੀਮ ਨੇ ਆਪਣੇ ਨਾਟਕ 'ਪ੍ਰੰਤ' ਕੋਰੋਗਰਾਫੀਆਂ 'ਪਿੰਡ ਦੀਆਂ ਕੁੜੀਆਂ' ਸ਼ਹੀਦ ਭਗਤ ਸਿੰਘ ਦੀ ਘੋੜੀ ਦੀ ਬੇਹਤਰੀਨ ਪੇਸ਼ਕਾਰੀ ਕੀਤੀ। ਇਸ ਨਾਟਕ ਮੇਲੇ ਵਿੱਚ ਵਿਸ਼ੇਸ਼ ਸਹਿਯੋਗ ਦੇ ਨਾਲ ਨਾਲ ਤਰਕਸ਼ੀਲ ਇਕਾਈ ਗੁਰੂ ਹਰਸਹਾਏ ਵੱਲੋਂ ਤਰਕਸ਼ੀਲ ਸਾਹਿਤ ਤੇ ਪੋਸਟਰ ਸਟਾਲ ਲਗਾਈ ਗਈ। ਜਿਸ ਨੂੰ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਭਰਵਾਂ ਸਹਿਯੋਗ ਮਿਲਿਆ। ਇਸ ਸਮੇਂ ਇਕਾਈ ਪ੍ਰਧਾਨ ਅਵਤਾਰ ਦੀਪ, ਮਾ: ਜਗਜੀਤ ਸਿੰਘ ਚੁੱਘਾ, ਰਜਿੰਦਰ ਬਹਾਦਰ ਕੇ ਤੇ ਸਾਥੀ ਲਖਵਿੰਦਰ ਸ਼ਰੀਹਵਾਲਾ ਮੌਜੂਦ ਸਨ।

• 25 ਮਾਰਚ ਨੂੰ ਸ਼ਹੀਦ ਏ ਆਜਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸਮਰਪਿਤ ਨਾਅਕ ਮੇਲਾ ਭਾਰਤੀ ਕਿਸਾਨ ਯੂਨੀਅਨ (ਕ੍ਰਾਤੀਕਾਰੀ) ਤੇ ਲੋਕ ਸੰਗਰਾਮ ਮੰਚ ਵੱਲੋਂ ਗੁਰੂ ਹਰਸਹਾਏ ਵਿਖੇ ਕਰਵਾਇਆ ਗਿਆ। ਇਸ ਨਾਟਕ ਮੇਲੇ ਵਿੱਚ ਇਕਾਈ ਗੁਰੂ ਹਰਸਹਾਏ ਵੱਲੋਂ ਤਰਕਸ਼ੀਲ ਸਾਹਿਤ ਤੇ ਪੋਸਟਰ ਪ੍ਰਦਰਸ਼ਨੀ ਲਗਾਈ ਗਈ। ਜਿਸ ਨੂੰ ਆਏ ਹੋਏ ਲੋਕਾਂ ਦੁਆਰਾ ਭਰਵਾ ਹੁੰਗਾਰਾ ਮਿਲਿਆ। ਇਸ ਸਮੇਂ ਇਕਾਈ ਪ੍ਰਧਾਨ ਅਵਤਾਰ ਦੀਪ, ਮਾ: ਪ੍ਰਵੀਨ ਜੰਡਵਾਲਾ, ਰਣਜੀਤ ਮੋਰਾਂਵਾਲੀ, ਲਖਵਿੰਦਰ ਸ਼ਰੀਹਵਾਲਾ, ਮਾ: ਦਿਨੇਸ਼, ਮਾ: ਜਗਜੀਤ ਚੁੱਘਾ ਤੇ ਇਕਬਾਲ ਸੋਮੀਆਂ ਹਾਜਿਰ ਸਨ।

ਪ੍ਰੋ. ਅਵਤਾਰ ਦੀਪ (ਇਕਾਈ ਪ੍ਰਧਾਨ)

ਇਕਾਈ ਲੌਂਗੋਵਾਲ : ਤਰਕਸ਼ੀਲ ਨਾਟਕ ਮੇਲਾ : 23-3-2012 ਨੂੰ ਰਾਤ ਸਮੇਂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਅਤੇ ਨੌਜਵਾਨ ਭਾਰਤ ਸਭਾ ਨਾਲ ਸਾਂਝੇ ਤੌਰ ਤੇ ਲੋਕ ਨਾਇਕ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਭਾਅ ਜੀ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹਾਦਤ ਦਿਵਸ ਤੇ ਆਯੋਜਿਤ ਕੀਤਾ ਗਿਆ। ਇਸ ਮੌਕੇ ਆਰਟ ਗਰੁੱਪ ਪਾਤੜਾਂ ਵੱਲੋਂ ਸੁਖਵਿੰਦਰ ਸੁੱਖੀ ਦੀ ਨਿਰਦੇਸ਼ਨਾਂ ਹੇਠ ਦੋ ਨਾਟਕ 'ਛਿਪਣ ਤੋਂ ਪਹਿਲਾਂ' ਅਤੇ 'ਪੰਡਤ ਬਲਾਕੀ ਰਾਮ' ਖੇਡੇ ਗਏ। ਤਰਕਸ਼ੀਲ ਆਗੂ ਬਲਬੀਰ ਚੰਦ

ਲੌਂਗੋਵਾਲ, ਕਿਸਾਨ ਆਗੂ ਜਸਵਿੰਦਰ ਸੋਮਾ ਅਤੇ ਨੌਜਵਾਨ ਭਾਰਤ ਸਭਾ ਦੇ ਸੂਬਾ ਸਕੱਤਰ ਭੁਪਿੰਦਰ ਲੌਂਗੋਵਾਲ ਨੇ ਇਕੱਠ ਨੂੰ ਸੰਬੋਧਿਤ ਕਰਦਿਆਂ ਭਗਤ ਸਿੰਘ ਦੇ ਫਲਸਫੇ ਤੇ ਗੱਲ ਸਾਂਝੀ ਕੀਤੀ। ਜੁਝਾਰ ਸਿੰਘ ਨੇ ਤਰਕਸ਼ੀਲ ਗੀਤ ਸਾਂਝੇ ਕੀਤੇ। ਇਕਾਈ ਦੇ ਜਥੇਬੰਦਕ ਵਿਭਾਗ ਮੁਖੀ ਰਣਜੀਤ ਸਿੰਘ ਨੇ ਸਟੇਜ ਸੰਚਾਲਨ ਕੀਤਾ।

ਕਮਲਜੀਤ ਸਿੰਘ, (ਮੁੱਖੀ ਮੀਡੀਆ ਵਿਭਾਗ)

• ਮਾਹਿਲਪੁਰ ਇਕਾਈ : ਪ੍ਰੇਰਨਾ : ਹਰ ਸਾਲ ਦੀ ਤਰ੍ਹਾਂ ਐਤਕੀ ਵੀ 31 ਮਾਰਚ ਨਤੀਜੇ ਵਾਲੇ ਦਿਨ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਸਰਕਾਰੀ ਸੈਕੰਡਰੀ ਸਕੂਲ ਬੰਬੇਲੀ ਦੇ ਪਹਿਲੀ ਤੋਂ ਦਸਵੀਂ ਤੱਕ ਦੇ ਨਤੀਜੇ (ਬੋਰਡ ਦੀਆਂ ਜਮਾਤਾਂ ਨੂੰ ਛੱਡਕੇ) ਵਿਚ ਪਹਿਲੀਆਂ ਪੰਜ ਪੁਜੀਸ਼ਨਾਂ ਲੈਣ ਵਾਲੇ 65 ਵਿਦਿਆਰਥੀਆਂ ਨੂੰ ਤਰਕਸ਼ੀਲ, ਵਿਗਿਆਨਕ ਅਤੇ ਅਗਾਂਹਵਧੂ ਸਾਹਿਤ ਇਨਾਮ ਸਨਮਾਨ ਦੇ ਤੌਰ ਤੇ, ਮਾਪਿਆਂ, ਪਤੱਵੰਤਿਆਂ ਅਤੇ ਸਟਾਫ ਦੀ ਹਾਜ਼ਰੀ ਵਿਚ ਸਟਾਰ ਕਲੱਬ (ਰਜਿ:) ਬੰਬੇਲੀ ਵੱਲੋਂ ਤਕਸੀਮ ਕੀਤਾ ਗਿਆ। ਇਹ ਪ੍ਰਥਾ ਨਿਰਵਿਘਨ ਕਈ ਵਰ੍ਹਿਆਂ ਤੋਂ ਜਾਰੀ ਹੈ। ਇਸ ਦਾ ਖਰਚਾ ਤਰਕਸ਼ੀਲ ਮੈਗਜ਼ੀਨ ਦੇ ਇਕ ਸੰਪਾਦਕੀ ਬੋਰਡ ਮੈਂਬਰ ਦੀਆਂ ਵਿਦਿਆਰਥੀ ਬੇਟੀਆਂ ਵੱਲੋਂ ਆਪਣੀ ਬੱਚਤ ਵਿੱਚੋਂ ਕੀਤਾ ਜਾਂਦਾ ਹੈ। ਇਸਅਤੀ ਸਧਾਰਨ, ਸੰਖੇਪ ਪ੍ਰੰਤੂ ਬੇਹਦ ਮਹੱਤਵਪੂਰਨ ਸਮਾਰੋਹ ਦਾ ਆਯੋਜਨ ਇਲਾਕੇ ਵਿੱਚ ਆਪਣੀਆਂ ਅਗਾਂਹਵਧੂ ਪਿਰਤਾਂ ਨੂੰ ਸਮਰਪਿਤ ਸਟਾਰ ਕਲੱਬ (ਰਜਿ:) ਬੰਬੇਲੀ ਵੱਲੋਂ ਕੀਤਾ ਜਾਂਦਾ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਸ ਇਨਾਮ ਸਨਮਾਨ ਤੋਂ ਬਿਨਾਂ ਸਕੂਲ ਦੀ ਲਾਇਬ੍ਰੇਰੀ ਨੂੰ ਲਗਾਤਾਰ ਤਰਕਸ਼ੀਲ ਮੈਗਜ਼ੀਨ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਆਈ ਹਰ ਨਵੀਂ ਪੁਸਤਕ ਵੀ ਭੇਂਟ ਕੀਤੀ ਜਾਂਦੀ ਹੈ।

ਨਰਿੰਦਰ ਸਿੰਘ, (ਜਥੇਬੰਦਕ ਮੁੱਖੀ)

ਇਕਾਈ ਬਠਿੰਡਾ : ਤਰਕਸ਼ੀਲ ਪ੍ਰੋਗਰਾਮ : ਹਰ ਸਾਲ ਦੀ ਤਰ੍ਹਾਂ ਪਿੰਡ ਜੱਸੀ ਬਾਗ ਵਾਲੀ ਦੇ ਇਤਿਹਾਸਕ ਮਾਘੀ ਮੇਲੇ ਤੇ ਸਵੇਰ ਤੋਂ ਸ਼ਾਮ ਤੱਕ ਸਟੇਜ਼ ਲਾਈ ਗਈ। ਪ੍ਰਦਰਸ਼ਨੀ ਅਤੇ ਤਰਕਸ਼ੀਲ ਸਾਹਿਤ ਦੀਆਂ ਸਟਾਲਾਂ ਲਾਈਆਂ ਗਈਆਂ। ਸਾਰਾ ਦਿਨ ਹੱਥ ਦੀ ਸਫਾਈ ਦੇ ਜਾਦੂ ਟਰਿੱਕ ਕੁਲਵੰਤ ਸਿੰਘ ਨੇ ਪੇਸ਼ ਕੀਤੇ। ਵੱਖ ਵੱਖ ਵਿਸ਼ਿਆਂ ਤੇ ਤਰਕਸ਼ੀਲ ਵਿਗਿਆਨਕ ਵਿਚਾਰ ਤਰਕਸ਼ੀਲ ਆਗੂਆਂ ਰਾਮ ਸਿੰਘ ਨਿਰਮਾਣ, ਭੂਰਾ ਸਿੰਘ ਮਹਿਮਾ ਸਰਜਾ ਹੁਰਾਂ ਨੇ ਲੋਕਾਂ ਨਾਲ ਸਾਂਝੇ ਕੀਤੇ। ਸ੍ਰ. ਬਲਬੀਰ ਸਿੰਘ ਸਾਬਕਾ ਬੀ.ਈ.ਓ., ਬਲਵਿੰਦਰ ਸਿੰਘ ਫੁੱਲੋਂ ਮਿੱਠੀ ਮਾਸਟਰ ਗਿਆਨ ਸਿੰਘ ਵਿਤ ਸਕੱਤਰ, ਵਿਜੇ ਕੁਮਾਰ ਭਾਗ ਸਿੰਘ ਅਤੇ ਰਜਿੰਦਰ ਕੁਮਾਰ ਚੁੱਘੇ ਕਲਾਂ ਨੇ ਪ੍ਰਬੰਧਾਂ ਲਈ ਯੋਗਦਾਨ ਪਾਇਆ। ਵੱਡੀ ਗਿਣਤੀ ਦਰਸ਼ਕਾਂ ਨੇ ਤਰਕਸ਼ੀਲ ਪੰਡਾਲ 'ਚ ਹਾਜ਼ਰੀ ਭਰੀ।

• ਪਿੰਡ ਮਾਂਗਟ ਕੇਰੀ ਦੇ ਇਕ ਪਰਿਵਾਰ ਲਖਵਿੰਦਰ ਸਿੰਘ ਦੀ ਬੱਚੀ ਕਲਪਨਾ ਮਹਿਕ ਦਾ ਜਨਮ ਦਿਨ ਤਰਕਸ਼ੀਲ ਪ੍ਰੋਗਰਾਮ ਕਰਵਾਕੇ ਮਨਾਇਆ ਗਿਆ। ਸਾਦੇ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਵਿੱਚ ਸੁਖਦੇਵ ਮਲੂਕਪੁਰੀ ਨੇ ਜਾਦੂ ਦੇ ਸ਼ੋਅ ਪੇਸ਼ ਕੀਤੇ। ਤਰਕਸ਼ੀਲ ਆਗੂ ਰਾਮ ਸਿੰਘ ਨਿਰਮਾਣ ਅਤੇ ਗੁਰਪ੍ਰੀਤ ਰੋੜੀ ਕਪੂਰਾ ਨੇ ਤਰਕਸ਼ੀਲ ਵਿਚਾਰ ਸਾਂਝੇ ਕਰਦਿਆਂ ਪਰਿਵਾਰ ਦੀ ਵਿਗਿਆਨਕ ਸੋਚ ਦੀ ਸ਼ਲਾਘਾ ਕੀਤੀ। ਤਰਕਸ਼ੀਲ ਆਗੂ ਦੀ ਸੇਵਾ ਮੁਕਤੀ ਵਿਦਾਇਗੀ ਪਾਰਟੀ ਵਿਲੱਖਣ ਢੰਗ ਨਾਲ ਹੋਈ।

• ਵਿਤ ਸਕੱਤਰ ਮਾਸਟਰ ਗਿਆਨ ਸਿੰਘ ਮਛਾਣਾ ਦੀ ਸੇਵਾ ਮੁਕਤੀ ਵਿਦਾਇਗੀ ਪਾਰਟੀ ਮੌਕੇ ਖੂਨਦਾਨ ਕੈਂਪ ਲਗਾ ਕੇ ਮਾਸਟਰ ਜੀ ਦੇ ਵਿਦਿਆਰਥੀਆਂ ਅੰਤੇ ਹੋਰ ਪਿੰਡ ਗੁਰਥੜੀ ਨਿਵਾਸੀ 23 ਖੂਨ ਦਾਨੀਆਂ ਨੇ ਖੂਨਦਾਨ ਕਰਕੇ ਵੱਖਰੀ ਪਿਰਤ ਪਾਈ ਮਲੂਕਪੁਰੀ ਤੇ ਸਾਥੀ ਵੱਲੋਂ ਜਾਦੂ ਦੇ ਹੈਰਾਨੀਕੁੰਨ ਟ੍ਰਿਕ ਵਿਖਾਕੇ ਲੋਕਾਂ ਦਾ ਮਨੋਰੰਜਨ ਕੀਤਾ। ਤਰਕਸ਼ੀਲ ਆਗੂ ਰਾਮ ਸਿੰਘ ਨਿਰਮਾਣ ਨੇ ਵਿਗਿਆਨਕ ਵਿਚਾਰ ਸਾਂਝੇ ਕੀਤੇ। ਪਿੰਡ ਗੁਰਥੜੀ ਦੀ ਪੰਚਾਇਤ ਅਤੇ ਹੋਰਨਾਂ ਅਨੇਕਾਂ ਬੁਲਾਰਿਟਾ ਨੇ ਮਾਸਟਰ ਗਿਆਨ ਸਿੰਘ ਜੀ ਅਤੇ ਪਰਿਵਾਰ ਦੀ ਅਗਾਂਹ ਵਧੂ ਉਸਾਰੂ। ਤਰਕਸ਼ੀਲ ਸੋਚ ਦੀ ਸ਼ਲਾਘਾ ਕਰਦਿਆਂ ਭਾਵ ਭਿੰਨੀ ਵਿਦਾਇਗੀ ਦਿਤੀ। ਇਸ ਮੌਕੇ ਇਕਾਈ ਬਠਿੰਡਾ ਦੇ ਮਾਸਟਰ ਬਲਜਿੰਦਰ ਸਿੰਘ ਰਜਿੰਦਰ ਕੁਮਾਰ ਅਤੇ ਮਨਜੀਤ ਸਿੰਘ ਲੈਕਚਰਾਰ ਮੌਜੂਦ ਸਨ।

• ਸ਼ਹੀਦ ਭਗਤ ਸਿੰਘ ਯੁਵਕ ਭਲਾਈ ਕਲੱਬ (ਰਜਿ:) ਚੁਘੇ ਕਲਾਂ ਦਲੋਂ ਲਾਏ ਦਸਵੇਂ ਸਲਾਨਾ ਤਰਕਸ਼ੀਲ ਨਾਟਕ ਮੇਲੇ ਤੇ ਸੁਸਾਇਟੀ ਵੱਲੋਂ ਤਰਕਸ਼ੀਲ ਸਾਹਿਤ ਦੀਆਂ ਸਟਾਲਾਂ ਅਤੇ ਤਰਕਸ਼ੀਲ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ। ਜਿਸਦਾ ਪ੍ਰਬੰਧ ਮਾਸਟਰ ਗਿਆਨ ਸਿੰਘ, ਕੁਲਵੰਤ ਸਿੰਘ, ਰਣਧੀਰ ਗਿੱਲ ਪੱਤੀ ਅਤੇ ਰਾਮ ਸਿੰਘ ਨਿਰਮਾਣ ਹੁਰਾਂ ਨੇ ਕੀਤਾ। ਤਰਕਸ਼ੀਲ ਨਾਟਕਾਂ ਤੋਂ ਇਲਾਵਾ ਸ਼ਰੀਰ ਦਾਨੀ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਜਿਲ੍ਹਾਂ ਵਿੱਚ ਆਪਣੀ ਮਾਤਾ ਜੀ ਦਾ ਸ਼ਰੀਰ ਦਾਨ ਕਰਨ ਵਾਲੇ ਸ੍ਰੀ ਸੁਰਜਭਾਨ ਮਿੱਤਲ ਸ੍ਰੀ ਮੰਗਤ ਕੁਲਜਿੰਦ ਅਤੇ ਉਹਨਾਂ ਦੇ ਸ੍ਰੀਮਤੀ ਹੁਰਾਂ ਦਾ ਸਨਮਾਨ ਕੀਤਾ ਗਿਆ। ਆਪਣੇ ਪਿਤਾ ਜੀ ਦਾ ਮ੍ਰਿਤਕ ਸ਼ਰੀਰ ਦਾਨ ਕਰਨ ਵਾਲੇ ਮਾ: ਗਿਆਨ ਸਿੰਘ ਜੀ ਦਾ ਵੀ ਸਨਮਾਨ ਕਲੱਬ ਅਤੇ ਸਰਪੰਚ ਗਰਾਮ ਪੰਚਾਇਤ ਵੱਲੋਂ ਕੀਤਾ ਗਿਆ।

ਪਿੰਡ ਰਾਏ ਕੇ ਕਲਾਂ : ਯੁਵਕ ਭਲਾਈ ਅਤੇ ਸਪੋਰਟਸ ਕਲੱਬਾਂ ਦੇ ਸਹਿਯੋਗ ਨਾਲ ਤਰਕਸ਼ੀਲ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ 23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿੱਚ ਇੱਕ ਖੂਨਦਾਨ ਕੈਂਪ ਵੀ ਲਾਇਆ ਗਿਆ। ਖੂਨਦਾਨ ਕੈਂਪ ਅਤੇ ਤਰਕਸ਼ੀਲ ਪ੍ਰੋਗਰਾਮ ਦਾ ਪ੍ਰਬੰਧ ਮੁੱਖ ਰੂਪ ਵਿੱਚ ਤਰਕਸ਼ੀਲ ਸਮਰਥਕ ਵਿਚਾਰਾਂ ਦੇ ਧਾਰਨੀ ਮਾਸਟਰ ਗੁਰਸੇਵਕ ਸਿੰਘ ਭੁਲਰ ਅਤੇ ਸਾਥੀਆਂ ਵੱਲੋਂ ਕੀਤਾ ਗਿਆਸੀ। ਜੋਨਲ ਜਥੇਬੰਦਕ ਮੁਖੀ ਰਣਜੀਤ ਸਿੰਘ ਬਠਿੰਡਾ ਨੇ ਦਰਸ਼ਕਾਂ ਨਾਲ ਤਰਕਸ਼ੀਲ ਵਿਚਾਰ ਸਾਂਝੇਕੀਤੇ। ਸਟੇਜ ਸੰਚਾਲਨ ਰਾਮ ਸਿੰਘ ਨਿਰਮਾਣ, ਸਾਹਿਤ ਸਟਾਲਾਂ ਅਤੇ ਪ੍ਰਦਰਸ਼ਨੀ ਮਾ: ਗਿਆਨ ਸਿੰਘ, ਕੁਲਵੰਤ ਸਿੰਘ ਤੇ ਸਰਜੀਵਨ ਕੁਮਾਰ ਹੁਰਾਂ ਨੇ ਲਾਈ। ਇਸ ਮੌਕੇ ਸੁਖਦੇਵ ਮਲੂਕਪੁਰੀ ਵੱਲੋਂ ਮੈਜਿਕ ਸ਼ੋਅ ਅਤੇ ਜਗਸੀਰ ਜੀ ਦਾ ਨੇ ਇਨਕਲਾਬੀ ਤਰਕਸ਼ੀਲ ਗੀਤ ਸੰਗੀਤ ਪੇਸ਼ ਕੀਤੇ।

• ਇਕਾਈ ਦੇ ਆਗੂ ਹਾਕਮ ਸਿੰਘ ਅਤੇ ਪਰਿਵਾਰ ਨੇ ਆਪਣੇ ਨਵੇਂ ਘਰ ਦੀ ਖੁਸ਼ੀ ਮਨਾਉਂਦਿਆਂ ਰਵਾਇਤੀ ਫਜ਼ੂਲ ਖਰਚੀ ਤੇ ਸ਼ੋਰ ਸ਼ਰਾਬੇ ਤਿਆਗ ਕੇ ਇਸ ਮੌਕੇ ਚਾਹ ਪਾਰਟੀ ਦੇ ਨਾਲ ਨਾਲ ਖੂਨਦਾਨ ਕੈਂਪ ਲਾਇਆ ਅਤੇ ਸਟੇਜ ਪ੍ਰੋਗਰਾਮ ਦੌਰਾਨ

ਪੇਸ਼ ਕਦਮੀਆਂ

ਜਾਦੂ ਦੇ ਸ਼ੋਅ ਵਿਖਾਏ ਅਤੇ ਤਰਕਸ਼ੀਲ ਵਿਚਾਰ ਰਿਸ਼ਤੇਦਾਰਾਂ, ਦੋਸਤਾਂ ਅਤੇ ਗਲੀ ਮੁਹੱਲੇ ਦੇ ਸਨੇਹੀ ਲੋਕਾਂ ਨਾਲ ਸਾਂਝੇ ਕੀਤੇ। ਮੈਜਿਕ ਕੁਲਵੰਤ ਸਿੰਘ ਤੇ ਵਿਜੇ ਕੁਮਾਰ ਨੇ ਵਿਖਾਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਡਾ. ਰਜਿੰਦਰ ਪਾਲ ਅਤੇ ਰਣਜੀਤ ਸਿੰਘ ਬਠਿੰਡਾ ਨੇ ਵਿਚਾਰ ਸਾਂਝੇ ਕੀਤੇ। ਸਟੇਜ ਸੰਚਾਲਨ ਦੀ ਭੂਮਿਕਾ ਰਾਮ ਸਿੰਘ ਨਿਰਮਾਣ ਨੇ ਨਿਭਾਈ।

ਰਾਮ ਸਿੰਘ ਨਿਰਮਾਣ

ਇਕਾਈ ਗੜ੍ਹਸ਼ੰਕਰ : 'ਮੈਂ ਫਿਰ ਆਵਾਂਗਾ 'ਤੇ ਮਿੱਟੀ ਰੁਦਨ ਕਰੇ' ਦੀ ਪੇਸ਼ਕਾਰੀ : ਦੋਆਬਾ ਸਪੋਰਟਸ ਕਲੱਬ ਡਘਾਮ ਅਤੇ ਸਮੂਹ ਪਿੰਡ ਵਾਸੀਆ ਵੱਲੋਂ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਗੜ੍ਹਸ਼ੰਕਰ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਮਾ: ਨਰੇਸ਼ ਭੰਮੀਆਂ ਨੇ ਅੱਖਾਂ ਤੇ ਪੱਟੀ ਬੰਨ ਕੇ ਮੋਟਰ ਸਾਇਕਲ ਚਲਾਉਣ ਨਾਲ ਕੀਤੀ। ਇਸ ਮੌਕੇ ਸੁਰਿੰਦਰ ਕਰੀਮਪੁਰੀ ਅਤੇ ਮੁਕੰਦ ਲਾਲ ਨੇ ਜਾਦੂ ਦੀਆਂ ਆਈਟਮਾਂ ਪੇਸ਼ ਕਰਕੇ ਜਾਦੂ ਸਬੰਧੀ ਪਾਏ ਜਾਂਦੇ ਭਰਮ ਭੁਲੇਖੇ ਦੂਰ ਕੀਤੇ।

• ਲੋਕ ਕਲਾ ਮੰਚ ਮੰਡੀ ਮੁੱਲਾਪੁਰ ਵੱਲੋਂ ਮਾ. ਹਰਕੇਸ਼ ਚੌਧਰੀ ਦੇ ਨਿਰਦੇਸ਼ਨ ਹੇਠ ਨਾਟਕ 'ਮੈਂ ਫਿਰ ਆਵਾਂਗਾ' ਅਤੇ ਨਾਟਕ 'ਮਿੱਟੀ ਰੁੱਦਨ ਕਰੇ' ਪੇਸ਼ ਕੀਤੇ ਗਏ। ਇਨ੍ਹਾਂ ਨਾਟਕਾਂ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਚਾਨਣਾ ਪਾਇਆ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਗਿਆ। ਕੋਰਿਉਗ੍ਰਾਫੀ 'ਧੀ ਦੀ ਪੁਕਾਰ' ਪੇਸ਼ ਕੀਤੀ ਗਈ। ਬਾਲ ਕਲਾ ਮੰਚ ਕੁੱਲੇਵਾਲ ਤੇ ਯੂਨੀਵਰਸਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਮੇਰੀ ਮੌਤ ਤੇ ਨਾਂ ਰੋਇਓ ਤੇ ਪਾਖੰਡੀ ਬਾਬਿਆਂ ਬਾਰੇ ਕੋਰਿਓਗ੍ਰਾਫੀਆਂ ਪੇਸ਼ ਕਰਕੇ ਲੋਕ ਮਨਾਂ ਨੂੰ ਝੰਜੋੜਿਆ ਤੇ ਸੋਚਣ ਲਈ ਮਜ਼ਬੂਰ ਕੀਤਾ ਗਿਆ। ਬਾਲ ਕਲਾਕਾਰ ਇੰਦਰਜੀਤ, ਸਰਵਪ੍ਰੀਤ, ਰਵਿੰਦਰ ਸਿੰਘ ਅਤੇ ਰਮਨਪ੍ਰੀਤ ਸਿਘ ਨੇ ਅਗਾਂਹਵਧੂ ਸਕਿੱਟਾਂ ਪੇਸ਼ ਕਰਕੇ ਲੋਕਾਂ ਦੇ ਢਿੱਡੀਂ ਪੀੜਾਂ ਪਾਈਆਂ। ਗੁਰਸ਼ਰਨ ਸਿੰਘ ਦੀ ਸੋਚ ਨੂੰ ਸਮਰਪਿਤ ਨਾਅਰੇ ਬੁਲੰਦ ਕੀਤੇ ਗਏ।

ਇਕਾਈ ਘਨੌਰ : ਵਿਗਿਆਨਕ ਜਾਗਰੂਕਤਾ ਸੈਮੀਨਾਰ : ਸਰਕਾਰੀ ਹਾਈ ਸਕੂਲ ਸਦਾਪੁਰ ਵਿਖੇ ਮੁੱਖ ਅਧਿਆਪਕ ਕੁਲਵੰਤ ਸਿੰਘ ਸਰਾਲਾ ਦੇ ਸਹਿਯੋਗ ਨਾਲ ਹੋਏ ਇਸ ਸੈਮੀਨਾਰ ਵਿੱਚ ਪਟਿਆਲਾ ਜੋਨ ਦੇ ਮੁੱਖੀ ਡਾ. ਰਾਮ ਕੁਮਾਰ, ਬੀਬੀ ਕੁਲਵੰਤ ਕੌਰ ਮੁੱਖੀ ਇਕਾਈ ਪਟਿਆਲਾ, ਇਕਾਈ ਘਨੌਰ ਤੋਂ ਸੇਵਾਮੁਕਤ ਬੀ.ਪੀ.ਓ. ਹਰਨੇਕ ਸਿੰਘ, ਸਾਬਕਾ ਟੀਚਰ ਵਿਸ਼ਨ ਦੱਤ ਨੇ ਬੱਚਿਆਂ ਨੂੰ ਤਰਕ ਦਾ ਰਾਹ ਅਪਨਾਉਣ ਲਈ ਪ੍ਰੇਰਿਆ।

ਮਾਝਾ ਜੋਨ : ਵਿਸ਼ਵ ਔਰਤ ਦਿਵਸ ਮੌਕੇ ਸੈਮੀਨਾਰ : 'ਔਰਤਾਂ ਵਿੱਚ ਵਿਗਿਆਨਕ ਚੇਤਨਾ' ਪ੍ਰਤੀ ਜਾਗਰੂਕਤਾ ਵਿਸ਼ੇ ਤੇ 4 ਮਾਰਚ ਨੂੰ ਸਥਾਨਕ ਵਿਰਸਾ ਵਿਹਾਰ ਦੇ ਭਾਜੀ ਗੁਰਸ਼ਰਨ ਸਿੰਘ ਹਾਲ ਵਿੱਚ ਕਰਵਾਇਆ ਗਿਆ।


ਵਿਸ਼ਵ ਔਰਤ ਦਿਵਸ ਮੌਕੇ ਸੈਮੀਨਾਰ

ਅੰਮ੍ਰਿਤਸਰ, ਤਰਨਤਾਰਨ, ਗੋਪਾਲਪੁਰ, ਮੁਜਵਿੰਡ, ਗੁਰਦਾਸਪੁਰ, ਧਾਰੀਵਾਲ ਭੋਜਾ ਅਤੇ ਜੰਡਾਲੀ ਇਕਾਈਆਂ ਨੇ ਇਸ ਵਿੱਚ ਸ਼ਮੂਲੀਅਤ ਕੀਤੀ। ਮੁੱਖ ਬੁਲਾਰੇ ਉਘੇ ਚਿੰਤਕ ਡਾ. ਸ਼ਾਮ ਸੁੰਦਰ ਦੀਪਤੀ ਸਨ। ਜਿਨ੍ਹਾਂ ਨੇ ਕਿਹਾ ਔਰਤ ਜਿਨ੍ਹਾਂ ਚਿਰ ਮਰਦ ਤੇ ਨਿਰਭਰ ਹੈ ਉਹ ਨਾ ਤਾਂ ਵਿਗਿਆਨਕ ਸੋਚ ਅਪਣਾ ਸਕਦੀ ਹੈ ਤੇ ਨਾ ਹੀ ਜਮਹੂਰੀ ਹੱਕਾਂ ਪ੍ਰਤੀ ਜਾਗਰੂਕ ਹੋ ਸਕਦੀ ਹੈ। ਇਸ ਮੌਕੇ ਉੱਘੇ ਵਿਦਵਾਨ ਡਾ. ਇਕਬਾਲ ਕੌਰ,ਐਡਵੋਕੇਟ ਰਘਵੀਰ ਬਾਗੀ, ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਵਰਿੰਦਰ ਕੌਰ ਬੇਪਾਰਾਏ, ਡਾ. ਰੀਤੂ ਦੀਪਤੀ, ਡਾ. ਪਰਸ਼ੋਤਮ, ਲੈਕਚਰਾਰ ਕਿਰਨ, ਮੈਡਮ ਰੇਖਾ ਨੇ ਵੀ ਵਿਚਾਰ ਪ੍ਰਗਟਾਏ। ਮੰਚ ਸੰਚਾਲਨ ਜੋਨ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਰਜੀਤ ਬਾਈ ਅਤੇ ਧੰਨਵਾਦ ਵਿਤ ਮੁੱਖੀ ਮੁਖਤਿਆਰ ਗੋਪਾਲਪੁਰਾ ਨੇ ਕੀਤਾ। ਸਤਨਾਮ ਜੰਡਿਆਲਾ, ਕੁਲਜੀਤ ਵੇਰਕਾ, ਲੇਖਕ ਦੀਪ ਦਵਿੰਦਰ ਸਿੰਘ, ਡਾ. ਕਸ਼ਮੀਰ ਸਿੰਘ, ਦਮਨਜੀਤ ਕੌਰ, ਊਸ਼ਾ ਦੀਪਤੀ, ਰਾਜਵਿੰਦਰ ਕੌਰ, ਹਰਮਨਪ੍ਰੀਤ ਕੌਰ, ਜਸਵੀਰ ਕੌਰ, ਸਰਬਜੋਤ ਕੌਰ, ਨਵਜੋਤ ਕੌਰ, ਸਿਮਰਨਜੀਤ ਕੌਰ, ਨਵਜੀਤ, ਧਨਵਿੰਦਰ ਕੋਹਲੀ, ਗੁਰਸੇਵਕ, ਕਾਮਰੇਡ ਅਜੀਤ, ਸੁਖਮੀਤ, ਡਾ. ਰਾਜਵੰਤ, ਨਰਿੰਦਰ ਤੇੜਾ, ਡਾ. ਸ਼ੇਰ ਸਿੰਘ, ਬਲਦੇਵ ਸਿੰਘ, ਗੁਰਜਿੰਦਰ ਮਾਹਲ, ਸੁਬੀਰ ਕੁਮਾਰ, ਬਲਦੇਵ ਰਾਜ ਵੇਰਕਾ ਅਤੇ ਅਮਰਜੀਤ ਕੋਹਲੀ ਸ਼ਾਮਿਲ ਸਨ।

ਇਕਾਈ ਮਾਲੇਰਕੋਟਲਾ: ਹਥਨ ਵਿਖੇ ਹੋਇਆ ਤਰਕਸ਼ੀਲ ਨਾਟਕ ਮੇਲਾ : ਸ਼ਹੀਦ-ਏ-ਆਜਮ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਸ਼ਰਧਾਂਜਲੀ ਵਜੋਂ ਤਰਕਸ਼ੀਲ ਨਾਟਕ ਮੇਲਾ ਇੱਥੇ ਪਿੰਡ ਹਥਨ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਮਾਲੇਰਕੋਟਲਾ ਦੇ ਸਹਿਯੋਗ ਨਾਲ ਇਹ ਮੇਲਾ ਸ਼ਹੀਦ ਭਗਤ ਸਿੰਘ ਵੈਲਫੇਅਰ ਕਲੱਬ ਹਥਨ ਵਲੋਂ ਕਰਵਾਇਆ ਗਿਆ। ਨਾਟਕ ਮੇਲੇ ਦਾ ਉਦਆਟਨ ਕਲੱਬ ਦੇ ਪ੍ਰਧਾਨ ਡਾ.ਧਰਮ ਸਿੰਘ ਦੁਆਰਾ ਕੀਤਾ ਗਿਆ। ਉਦਆਟਣ ਮੌਕੇ ਬਿੱਟੂ ਨੰਗਲ ਵਲੋਂ ਅੱਖਾਂ ਉਪਰ ਕਾਲੀ ਪੱਟੀ ਬੰਨਕੇ ਮੋਟਰਸਾਇਕਲ ਚਲਾਇਆ ਗਿਆ। ਨਾਟਕ ਮੇਲੇ ਵਿੱਚ ਪੀਪਲਜ਼ ਥੀਏਟਰ ਲਹਿਰਾਗਾਗਾ ਦੀ ਟੀਮ ਦੁਆਰਾ ਸੈਮੂਅਲ ਜੌਨ ਦੀ ਨਿਰਦੇਸ਼ਨਾਂ ਹੇਠ ਨਾਟਕ 'ਬਾਗਾਂ ਦਾ ਰਾਖਾ' ਪੇਸ਼ ਕੀਤਾ ਗਿਆ। ਇਸ ਮੌਕੇ ਜਗਸੀਰ ਜੀਦਾ ਦੀ ਸੰਗੀਤ ਮੰਡਲੀ ਵਲੋਂ ਆਪਣੇ ਬੋਲੀਆਂ ਅਤੇ ਟਪਿਆਂ ਦੇ ਰੂਪ ਵਿੱਚ ਲੋਟੂ ਪ੍ਰਬੰਧ ਖਿਲਾਫ ਸੰਗਰਾਮ ਦਾ ਹੋਕਾ ਦਿੱਤਾ ਗਿਆ। ਇਸ ਮੌਕੇ ਤਰਕਸ਼ੀਲ ਸੁਬਾਈ ਆਗੂ ਜਸਵੰਤ ਜੀਰਖ ਦੁਆਰਾ ਲੋਕਾਂ ਨੂੰ ਵਹਿਮਾਂ ਭਰਮਾਂ ਖਿਲਾਫ ਮੁਹਿੰਮ ਬਨਾਉਣ ਦਾ ਸੱਦਾ ਦਿੱਤਾ ਗਿਆ।ਮਾਲੇਰਕੋਟਲਾ ਦੇ ਤਰਕਸ਼ੀਲ ਆਗੂ ਡਾ. ਮਜੀਦ ਅਜਾਦ ਨੇ ਸਾਧਾਂ ਅਤੇ ਸਿਆਣਿਆਂ ਦਾ ਪਰਦਾਫਾਸ ਕਰਦਿਆਂ ਕਿਹਾ ਜੇਕਰ ਕਿਸੇ ਵੀ ਵਿਆਕਤੀ ਪਾਸ ਕੋਈ ਗੈਬੀ ਸ਼ਕਤੀ ਹੈ ਤਾਂ ਉਹ ਉਸ ਦਾ ਪਰਦਰਸ਼ਨ ਕਰੇ, ਇਸ ਵਾਸਤੇ ਤਰਕਸੀਲ ਸੋਸਾਇਟੀ ਉਹਨਾਂ ਨੂੰ ਪੰਜ ਲੱਖ ਦਾ ਨਕਦ ਇਨਾਮ ਦੇਵੇਗੀ। ਬਿੱਟੂ ਨੰਗਲ ਦੁਆਰਾ ਜਾਦੂ ਦੇ ਟਰਿੱਕ ਵੀ ਦਿਖਾਏ ਗਏ। ਇਸ ਮੌਕੇ ਹਰਜੀਤ ਸੋਹੀ, ਰਾਜ ਸਿੰਘ, ਮੋਹਨ ਸਿੰਘ ਵੜਲਾ ਅਤੇ ਮੇਜਰ ਸਿੰਘ ਸੋਹੀ ਨੇ ਵੀ ਸੰਬੋਧਨ ਕੀਤਾ।ਸਟੇਜ ਦਾ ਸੰਚਾਲਨ ਨਰਿੰਦਰ ਕਾਨੂੰਗੋ ਦੁਆਰਾ ਕੀਤਾ ਗਿਆ।

ਡਾ. ਮਜੀਦ ਅਜਾਦ ਮੀਡੀਆ ਇੰਚਾਰਜ 9815254200

ਮਈ ਦਿਵਸ ਦੇ ਸ਼ਹੀਦ





ਸਾਡਾ ਪ੍ਰਕਾਸ਼ਨ :
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਮੁੱਖ ਦਫ਼ਤਰ :
ਸੰਘੇੜਾ ਬਾਈਪਾਸ, ਤਰਕਸ਼ੀਲ ਚੌਂਕ,
ਬਰਨਾਲਾ (ਪੰਜਾਬ) 148101
ਸੰਪਰਕ :
01679-241466

ਤਰਕਸ਼ੀਲ ਸਾਹਿਤ ਮੰਗਵਾਉਣ ਲਈ ਆਪਣੀ ਨੇੜਲੀ ਇਕਾਈ/ਜੋਨ ਜਾਂ ਮੁੱਖ ਦਫ਼ਤਰ ਨਾਲ ਸੰਪਰਕ ਕਰੋ।

ਸਾਡਾ ਮਿਸ਼ਨ : ਅੰਧ ਵਿਸ਼ਵਾਸਾਂ ਦਾ ਖਾਤਮਾ : ਸਮਾਜਿਕ ਬਰਾਬਰੀ ਦੀ ਲਹਿਰ

ਸਾਡੇ ਨਵੇਂ ਪ੍ਰਕਾਸ਼ਨ



ਬਾਲ ਨਾਵਲ (ਤਾਂਤ੍ਰਿਕ ਭੈਰੋ ਨਾਥ)



ਡੀ.ਵੀ.ਡੀ. (ਤਰਕਸ਼ੀਲ ਗੁਲਦਸਤਾ)



ਢੂੰਡ ਦਿਆਂਗੇ ਅੱਧੀ ਦੁਨੀਆਂ (ਜ਼ੀਦਾ)

ਨਵੀਆਂ ਪਿਰਤਾਂ



ਤਰਕਸ਼ੀਲ ਕਾਰਕੁੰਨ ਗੁਰਦੇਵ ਸਿੰਘ ਝੁਨੇਰ, ਮੌਤ ਉਪਰੰਤ ਜਿਨ੍ਹਾਂ ਦੀਆਂ ਅੱਖਾਂ ਪੁਨਰਜੋਤ ਆਈ ਬੈਂਕ ਸੋਸਾਇਟੀ, ਲੁਧਿਆਣਾ ਨੂੰ ਪ੍ਰਦਾਨ ਕੀਤੀਆਂ ਗਈਆਂ।



ਸ਼ਰੀਰ ਪ੍ਰਦਾਨੀ ਭਗਵਾਨ ਸਿੰਘ ਲੌਂਗੋਵਾਲ ਦੀ ਮ੍ਰਿਤਕ ਦੇਹ ਖੋਜ ਕਾਰਜਾਂ ਲਈ ਸੌਂਪਦੇ ਹੋਏ ਪਰਿਵਾਰਕ ਮੈਂਬਰ ਅਤੇ ਤਰਕਸ਼ੀਲ ਆਗੂ

ਜ਼ਿਲਦ ਨੰ: 11 ਰਜਿ ਨੰ: **PUNPUN/2000/5393** ਅੰਕ : 3

ਕੌਮੀ ਕਦਮ

ਨਾਗਪੁਰ ਵਿਖੇ F.I.R.A. ਦੀ ਮੀਟਿੰਗ



ਨਿਰਮਲ ਬਾਬੇ ਦੇ ਵਿਰੁੱਧ ਪ੍ਰਦਰਸ਼ਨ ਕਰਦੇ ਹੋਏ ਕੌਮੀ ਆਗੂ ਤੇ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੀ ਟੀਮ



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਫੀਰਾ ਦੇ ਪ੍ਰਧਾਨ ਡਾ. ਨਾਰਿੰਦਰ ਨਾਇਕ ਅਤੇ ਸ਼ਾਮਲ ਪ੍ਰਤੀਨਿਧੀ

ਛਿਮਾਹੀ ਇੱਕਤਰਤਾ

ਤਰਕਸ਼ੀਲ ਹਾਲ, ਪਟਿਆਲਾ



ਪ੍ਰੈਸ ਕਾਨਫਰੰਸ ਕਰਦੇ ਹੋਏ ਸੂਬਾਈ ਆਗੂ



ਤਰਕਸ਼ੀਲ ਸਾਹਿਤ



ਛਿਮਾਹੀ ਇਕੱਤਰਤਾ ਵਿੱਚ ਹਾਜ਼ਰ ਡੈਲੀਗੇਟ



ਮੁਹਾਲੀ ਵਿਖੇ 'ਜੋਤਿਸ਼ ਵਿਗਿਆਨ ਨਹੀਂ' ਵਿਸ਼ੇ ਤੇ ਕਰਵਾਏ ਸੈਮੀਨਾਰ ਦੌਰਾਨ ਖਾਲੀ ਪਈਆਂ ਜੋਤਸ਼ੀਆਂ ਲਈ ਰਾਖਵੀਆਂ ਕੁਰਸੀਆਂ

If undelivered please return to :

Tarksheel

**Tarksheel Bhawan, Tarksheel Chowk,
Sanghera Bye Pass, BARNALA-148101
Post Box No. 55**

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....